
# 100 ਸਿੱਖ ਬੀਬੀਆਂ



ਡਾ: ਹਰਜਿੰਦਰ ਸਿੰਘ ਦਿਲਗੀਰ


# ਤਤਕਰਾ


ਮਾਤਾ ਤ੍ਰਿਪਤਾ 11
ਬੇਬੇ ਨਾਨਕੀ 13
ਮਾਤਾ ਸੁਲੱਖਣੀ 15
ਮਾਤਾ ਚੂੰਦੋ ਰਾਣੀ 15
ਦਾਈ ਦੌਲਤਾਂ 16
ਮਾਤਾ ਖੀਵੀ 17
ਬੀਬੀ ਅਮਰੋ 17
ਬੀਬੀ ਅਣੋਖੀ 18
ਬੀਬੀ ਭਿਰਾਈ 18
ਮਾਤਾ ਬਖ਼ਤ ਕੌਰ 19
ਬੀਬੀ ਭਾਨੀ (ਤੇ ਦਾਨੀ) 19
ਮਾਤਾ ਦਇਆ ਕੌਰ ਸੋਢੀ 21
ਮਾਤਾ ਰਾਮ ਦੇਈ 22
ਮਾਤਾ ਗੰਗਾ 22
ਮਾਤਾ ਦਮੋਦਰੀ 24
ਮਾਤਾ ਨਾਨਕੀ 25
ਮਾਤਾ ਮਹਾਂਦੇਵੀ 26
ਮਾਤਾ ਕੌਲਾਂ 27
ਬੀਬੀ ਵੀਰੋ 28
ਮਾਤਾ ਅਨੰਤੀ 30
ਮਾਤਾ ਖੇਮ ਕੌਰ (ਹਰੀ ਜੀ) 31
ਮਾਤਾ ਸੁਲੱਖਣੀ 32
ਬੀਬੀ ਰੂਪ ਕੌਰ 33
ਮਾਤਾ ਗੁਜਰੀ 34
ਮਾਤਾ ਬਿਸ਼ਨਕੌਰ — 36
ਮਾਤਾ ਜੀਤ ਕੌਰ (ਜੀਤੋ) 37
ਮਾਤਾ ਸੁੰਦਰ ਕੌਰ (ਸੁੰਦਰੀ) 39
ਮਾਤਾ ਸਾਹਿਬ ਕੌਰ 40
ਬੀਬੀ ਤਾਰਾ ਕੌਰ 41
ਮਾਤਾ ਲੱਛਮੀ 41
ਪੰਜਾਬ ਕੌਰ 43
ਰਾਜ ਕੌਰ 44
ਰਾਣੀ ਚੰਪਾ 45
ਰਾਣੀ ਹੀਰਾ ਬਾਈ 47
ਮਾਤਾ ਭੇਖਾਂ 48
ਭਾਗਭਰੀ ਮਾਈ 49
ਬੀਬੀ ਲਛਮੀ 49
ਮਾਤਾ ਸੁਲੱਖਣੀ (ਚੱਬਾ) 50
ਕਰਮੋ ਮਾਈ 50
ਰਾਣੀ ਪੁਸ਼ਪਾ ਦੇਵੀ 51
ਬੀਬੀ ਸੋਲਜਈ 51
ਰਾਏਪੁਰ ਦੀ ਰਾਣੀ 52
ਭਗਤਾਂ ਮਾਈ 52
ਬੀਬੀ ਸਭਰਾਈ 52
ਬੀਬੀ ਮੁਮਤਾਜ 53
ਬੀਬੀ ਜ਼ੈਨਾ 54
ਬੀਬੀ ਉਮਰੀ (ਮਾਛੀਵਾੜਾ) 54
ਬੀਬੀ ਭਿੱਖਾਂ 55
ਬੀਬੀ ਹਰਸ਼ਰਨ ਕੌਰ (ਚਮਕੌਰ) 57
ਮਾਤਾ ਭਾਗ ਕੌਰ (ਭਾਗੋ) 58
ਬੀਬੀ ਕਪੂਰੋ 62
ਰਾਣੀ ਸਾਹਿਬ ਕੌਰ (ਬੰਦਾ ਸਿੰਘ ਦੀ ਪਤਨੀ) 63
ਰਾਣੀ ਸੁਸ਼ੀਲ ਕੌਰ ਚੰਬਾ 65
ਬੀਬੀ ਬਸੰਤ ਕੌਰ (ਸੀਤੋ ਬਾਈ) 66
ਬੀਬੀ ਦੇਸ ਕੌਰ ਸੁਕਰਚਕੀਆ 68
ਰਾਣੀ ਰਾਜ ਕੌਰ 68
ਰਾਣੀ ਸਦਾ ਕੌਰ 69
ਰਾਣੀ ਮਹਿਤਾਬ ਕੌਰ 69
ਰਾਣੀ ਦਾਤਾਰ ਕੌਰ 71
ਰਾਣੀ ਗੁਲਾਬ ਕੌਰ 71
ਰਾਣੀ ਹਰ ਦੇਈ 71
ਰਾਣੀ ਦੇਵਨੋ ਦੇਵੀ 71
ਰਾਣੀ ਚੰਦ ਕੌਰ 72
ਰਾਣੀ ਦਇਆ ਕੌਰ 72
ਰਾਣੀ ਲੱਛਮੀ ਰਾਣੀ 72
ਰਾਣੀ ਦਇਆ ਕੌਰ 72
ਰਾਣੀ ਰਤਨ ਕੌਰ 72
ਗੱਦਾਂ ਤੇ ਨਾਚੀਆਂ ਰਾਣੀਆਂ 73
ਮਹਾਂਰਾਣੀ ਜਿੰਦ ਕੌਰ (ਜਿੰਦਾਂ) 74

ਮਹਾਰਾਣੀ ਚੰਦ ਕੌਰ 83.
ਰਾਣੀ ਈਸ਼ਰ ਕੌਰ 85
ਰਾਣੀ ਖੇਮ ਕੌਰ 85
ਦੱਕਣੋ 85
ਰਾਣੀ ਦੇਸਾਂ (ਨੱਕਈ) 86
ਰਾਣੀ ਪ੍ਰੇਮ ਕੌਰ 86
ਮਹਾਰਾਣੀ ਬੀਬੀ ਨਾਨਕੀ 86
ਰਾਣੀ ਦਇਆ ਕੌਰ ਜੀਂਦ 87
ਬੀਬੀ ਚੰਦ ਕੌਰ ਘਰਜਾਖੀਏ 87
ਰਾਣੀ ਫ਼ਤਹਿ ਕੌਰ ਪਟਿਆਲਾ 88
ਰਾਣੀ ਰਾਜ ਕੌਰ 89
ਰਾਣੀ ਬਸੰਤ ਕੌਰ 89
ਰਾਣੀ ਰਤਨ ਕੌਰ 90
ਕੰਵਰਾਣੀ ਸਾਹਿਬ ਕੌਰ 90
ਕੰਵਰਾਣੀ ਰਜਿੰਦਰ ਕੌਰ 91
ਰਾਣੀ ਦੇਸਾਂ (ਨਾਭਾ) 92
ਰਾਣੀ ਸੋਭਾ ਕੌਰ 92
ਰਾਣੀ ਰਾਜ ਕੌਰ 92
ਰਾਣੀ ਚੰਦ ਕੌਰ (ਨਾਭਾ) 92
ਬੀਬੀ ਸ਼ਰਨ ਕੌਰ 93
ਬੀਬੀ ਗੁਲਾਬ ਕੌਰ (ਗ਼ਦਰੀ) 94
ਸ਼ਹੀਦ ਬਲਬੀਰ ਕੌਰ (ਜੈਤੋ) 95
ਮਾਈ ਕਿਸ਼ਨ ਕੌਰ ਮਾਈ 97
ਰਾਜਿੰਦਰ ਕੌਰ, ਡਾਕਟਰ 98
ਬੀਬੀ ਹਰਨਾਮ ਕੌਰ (ਫ਼ੀਰੋਜ਼ਪੁਰ) 100
ਬੀਬੀ ਪੰਜਾਬ ਕੌਰ ਇਕੋਲਾਹਾ 101
ਬੀਬੀ ਤੇਜ ਕੌਰ ਮਾਸਟਰ ਤਾਰਾ ਸਿੰਘ 102
ਕੰਵਰਾਨੀ ਜਗਦੀਸ਼ ਕੌਰ 103
ਬੀਬੀ ਉਪਕਾਰ ਕੌਰ ਕਰਨਾਲ 104
**ਇਸ ਸਦੀ ਦੀਆਂ ਸ਼ੇਰਨੀਆਂ** 104
ਕਹਾਣੀਕਾਰ ਅਜੀਤ ਕੌਰ 105
ਮਾਤਾ ਗੌਰਾਂ 107
ਮਾਤਾ ਮਿਰੋਆ 109
ਮਾਤਾ ਸਭਰਾਈ 110
ਬੀਬੀ ਰੱਜੀ 112
ਬੀਬੀ ਪ੍ਰਧਾਨ ਕੌਰ 114
ਬੀਬੀ ਰਤਨ ਕੌਰ (ਸੁਰ ਸਿੰਘ) 116

ਨਿਰਲੇਪ ਕੌਰ 118
ਅਮਰਜੀਤ ਕੌਰ ਐਮ.ਪੀ. 118
ਜਗੀਰ ਕੌਰ 119
ਸੁਰਿੰਦਰ ਬਾਦਲ 120
ਹਰਸਿਮਰਤ ਬਾਦਲ 120

ਮੇਰੀ ਨਿਜੀ ਜ਼ਿੰਦਗੀ ਵਿਚ ਆਈਆਂ ਕੁਝ ਬੀਬੀਆਂ 121



# 100 ਸਿੱਖ ਬੀਬੀਆਂ

ਡਾ: ਹਰਜਿੰਦਰ ਸਿੰਘ ਦਿਲਗੀਰ

**100 SIKH BIBIAN**

*(Biographies of 100 Sikh Women,* in Punjabi*)*

By

**Dr Harjinder Singh Dilgeer**

*National Professor of Sikh History*

Email: **hsdilgeer@yahoo.com**

*& English to Punjabi translation (with additional entries) by:*

**Dr Amarjit Kaur Ibben Kalan**



ISBN 2-930247-53-3

First Edition: September 2010

*Published by:*

S. Surjeet Singh Chhadauri, Chairman

**The Sikh University Press**

4300, WAREMME, Belgium.

**thesikhuniversitypress@yahoo.com**

Distributors:

**SINGH BROTHERS**

City Centre, (Opposite Main Bus Stand), Amritsar.

singhbro@vsnl.com

*Also available (in India) from:*

GURMAT TAKSAL (gurmattaksal@yahoo.com)

C/o **Jathedar Jasbinder Singh, Mohali (98725 44016)**

C/o Jathedar Amarjit Singh Chandi, Uttranchal (97562 64621)

C/o Jathedar Kamaljit Singh Kundal (94636 91023)

C/o Jathedar Pritam Singh Matwani (98888 62173)

C/o Jathedar Dalbir Singh Ghuman (97810 36261)

In Europe from: C/o Jathedar Kulwinder Singh Spain (00-34-627895815)

*In Canada and America from:*

**www.gurupanth.com**

Printed at:

PRINTWELL, Focal Point, Industrial Area, Amritsar

Price: Rs 100.00

*ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬੱਚੀ*
*ਭਾਈ ਨਿਹੰਗ ਖ਼ਾਨ ਤੇ ਬੀਬੀ ਜ਼ੈਨਾ ਦੀ ਬੇਟੀ,*
*ਨਬੀ ਖ਼ਾਨ ਤੇ ਗ਼ਨੀ ਖ਼ਾਨ ਦੀ ਭਤੀਜੀ, ਅਤੇ*
*ਭਾਈ ਬਚਿਤਰ ਸਿੰਘ ਦੀ 'ਬੇਵਾ'*

# ਮਾਈ ਮੁਮਤਾਜ

*(ਕੋਟਲਾ ਨਿਹੰਗ ਖ਼ਾਨ)*
*ਦੀ ਕੁਰਬਾਨੀ ਦੇ ਨਾਂ*

# ਖਰੀਆਂ ਖਰੀਆਂ ਤੇ ਸੱਚੋ-ਸੱਚ

ਸਿੱਖ ਤਵਾਰੀਖ਼ ਵਿਚ ਬਹੁਤ ਸਾਰੀਆਂ ਮਹਾਨ ਸ਼ਖ਼ਸੀਅਤਾਂ ਨਾਲ ਬਹੁਤ ਬੇਇਸਾਫ਼ੀ ਹੋਈ ਹੈ। ਜਿਨ੍ਹਾਂ ਨੇ ਰੱਜ ਕੇ ਕੁਰਬਾਨੀਆਂ ਕੀਤੀਆਂ ਉਨ੍ਹਾਂ ਦਾ ਨਾਂ ਤਕ ਨਹੀਂ ਮਿਲਦਾ। ਇਹ ਬਿਲਕੁਲ ਉਵੇਂ ਹੀ ਹੈ ਜਿਵੇ ਭਾਰਤ ਨਾਂ ਹੇਠ ਇਕੱਠੇ ਕੀਤੇ ਮੁਲਕਾਂ ਵਿਚ 1947 ਤੋਂ ਮਗਰੋਂ ਹੋਇਆ। ਇਸ ਨਵੇਂ ਮੁਲਕ ਦੀ ਤਵਾਰੀਖ਼ ਵਿਚ ਹਰ ਪਾਸੇ ਮੋਹਨ ਦਾਸ ਕਰਮ ਚੰਦ ਗਾਂਧੀ, ਪੰਡਤ ਜਵਾਹਰ ਲਾਲ, ਇੰਦਰਾ, ਰਾਜੀਵ, ਲਾਜਪਤ ਰਾਏ ਵਗ਼ੈਰਾ ਦੇ ਨਾਂਵਾਂ ਹੇਠ ਬਣੇ ਹਜ਼ਾਰਾਂ ਮੈਮੋਰੀਅਲ ਹਨ ਤੇ ਉਨ੍ਹਾਂ 'ਤੇ ਲਿਖੀਆਂ ਸੈਂਕੜੇ ਕਿਤਾਬਾਂ ਹਨ (ਜਿਨ੍ਹਾਂ ਨੂੰ ਕੋਈ ਖ਼ਰੀਦ ਕੇ ਪੜ੍ਹਦਾ ਵੀ ਨਹੀਂ)। ਹਾਲਾਂ ਕਿ ਇਨ੍ਹਾਂ ਵਿਚੋਂ ਕਿਸੇ ਦਾ ਤਵਾਰੀਖ਼ ਵਿਚ ਕੋਈ ਅਹਿਮ ਜਾਂ ਨਿਗਰ ਰੋਲ ਹੈ ਈ ਨਹੀਂ। ਇਹੀ ਕੁਝ ਪੰਜਾਬ ਨਾਲ ਹੋਇਆ। ਪੰਜਾਬ ਵਿਚ ਵੀ ਸਹੀ ਪੰਜਾਬੀਆਂ ਦੀ ਸ਼ਾਇਦ ਹੀ ਕੋਈ ਯਾਦਗਾਰ ਨਜ਼ਰ ਆਉਂਦੀ ਹੋਵੇ। ਸ਼ਰਮ ਦੀ ਗੱਲ ਤਾਂ ਇਹ ਹੈ ਕਿ ਅੰਮ੍ਰਿਤਸਰ ਵਿਚ ਵੀ ਬਲਦੇਵ ਪ੍ਰਕਾਸ਼ ਦਾ ਬੁੱਤ ਲੱਗਾ ਹੈ ਭਾਈ ਗੁਰਦਾਸ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਸੁੱਖਾ ਸਿੰਘ ਮਹਿਤਾਬ ਸਿੰਘ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਮਾਸਟਰ ਤਾਰਾ ਸਿੰਘ, ਦਰਸ਼ਨ ਸਿੰਘ ਫੇਰੂਮਾਨ ਦਾ ਨਹੀਂ; ਵਾਹ ਕਿੱਥੇ ਇਹ ਜਰਨੈਲ ਤੇ ਕਿੱਥੇ ਫ਼ਿਰਕੂ ਬਲਦੇਵ ਪ੍ਰਕਾਸ਼। ਇਸ ਜ਼ੁਲਮ ਦੀ ਜ਼ਿੰਮੇਦਾਰੀ ਪ੍ਰਕਾਸ਼ ਬਾਦਲ 'ਤੇ ਆਉਂਦੀ ਹੈ, ਜਿਸ ਨੂੰ ਸਿੱਖ ਧਰਮ ਨਾਲ ਸਖ਼ਤ ਨਫ਼ਰਤ ਹੈ।

ਇੰਞ ਹੀ ਪੰਜਾਬ ਵਿਚ ਹਰ ਥਾਂ ਗਾਂਧੀ, ਨਹਿਰੂ, ਇੰਦਰਾ, ਰਾਜੀਵ, ਸੁਭਾਸ਼, ਰਾਣਾ ਪ੍ਰਤਾਪ, ਲਾਜਪਤ ਰਾਏ ਵਗ਼ੈਰਾ ਹੀ ਨਹੀਂ ਬਲਦੇਵ ਪਰਕਾਸ਼ ਵਰਗੇ ਦੁੱਕੀ-ਤਿੱਕੀ ਦੇ ਵੀ ਬੁਤ ਲਗੇ ਨਜ਼ਰ ਆ ਜਾਣਗੇ ਜਾਂ ਫਿਰ ਦੋ ਕੂ ਭਗਤ ਸਿੰਘ ਦੇ, ਇਕ ਅੱਧ ਊਧਮ ਸਿੰਘ ਦਾ ਜਾਂ ਕਰਤਾਰ ਸਿੰਘ ਸਰਾਭਾ ਦਾ। ਪਰ ਪੰਜਾਬ ਦੇ ਅਸਲ ਹੀਰੋਆਂ ਦਾ ਨਾਂ-ਨਿਸ਼ਾਨ ਤਕ ਨਹੀਂ ਮਿਲੇਗਾ। ਪੰਜਾਬ ਦੇ ਅਸਲ ਹੀਰੋ ਸਨ ਬੰਦਾ ਸਿੰਘ ਬਹਾਦਰ, ਬਾਜ ਸਿੰਘ, ਫ਼ਤਹਿ ਸਿੰਘ ਸਮਾਣਾ, ਬਖ਼ਸ਼ੀ ਗੁਲਾਬ ਸਿੰਘ, ਭਾਈ ਉਦੈ ਸਿੰਘ, ਭਾਈ ਬਚਿਤਰ ਸਿੰਘ, ਭਾਈ ਜੀਵਨ ਸਿੰਘ ਰੰਘਰੇਟਾ, ਭਾਈ ਮਨੀ ਸਿੰਘ, ਭਾਈ ਤਾਰਾ ਸਿੰਘ ਵਾਂ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ ਸਾਹਬਾਜ਼ ਸਿੰਘ, ਭਾਈ ਬੋਤਾ ਸਿੰਘ-ਗਰਜਾ ਸਿੰਘ, ਭਾਈ ਸੁੱਖਾ ਸਿੰਘ ਮਹਿਤਾਬ ਸਿੰਘ, ਭਾਈ ਹਰੀ ਸਿੰਘ ਭੰਗੀ, ਬਾਬਾ ਬਘੇਲ ਸਿੰਘ, ਭਾਈ ਗੁਜਰ ਸਿੰਘ ਭੰਗੀ, ਭਾਈ ਤਾਰਾ ਸਿੰਘ ਘੇਬਾ, ਮਾਸਟਰ ਤਾਰਾ ਸਿੰਘ, ਬਾਬਾ ਜਰਨੈਲ ਸਿੰਘ ਭਿੰਡਰਾਂ ਪਰ ਇਨ੍ਹਾਂ ਦਾ ਨਾਂ-ਨਿਸ਼ਾਨ ਨਜ਼ਰ ਨਹੀਂ ਆਵੇਗਾ। (ਉਂਞ ਤਾਂ ਭਾਈ ਬੇਅੰਤ ਸਿੰਘ- ਸਤਵੰਤ ਸਿੰਘ, ਹਰਜਿੰਦਰ ਸਿੰਘ ਜਿੰਦਾ- ਸੁਖਦੇਵ ਸਿੰਘ ਸੁੱਖਾ, ਭਾਈ ਦਿਲਾਵਰ ਸਿੰਘ ਦੀ ਵੀ ਕੋਈ ਬਰਾਬਰੀ ਨਹੀਂ)।

ਇਸ ਤੋਂ ਇਲਾਵਾ ਗੁਰੂ ਪਰਵਾਰਾਂ ਤੋਂ ਬਿਨਾ ਕੁਝ ਅਜਿਹੀਆਂ ਬੀਬੀਆਂ ਵੀ ਹਨ ਜਿਨ੍ਹਾਂ ਨੂੰ ਯਾਦ ਕਰ ਕੇ ਕਲੇਜੇ ਵਿਚ ਧੂਹ ਪੈਂਦੀ ਹੈ: ਬੀਬੀ ਭਿੱਖਾਂ ਏਸ ਧਰਤੀ 'ਤੇ ਜੰਗ ਵਿਚ ਜੂਝਣ ਅਤੇ ਸ਼ਹੀਦ ਹੋਣ ਵਾਲੀ ਪਹਿਲੀ ਬੀਬੀ ਸੀ; ਬੀਬੀ ਮੁਮਤਾਜ (ਜਿਸ ਨੂੰ ਇਹ ਕਿਤਾਬ ਸਮਰਪਣ ਹੈ) ਦੀ ਕੁਰਬਾਨੀ ਕਿਸੇ ਤਵਾਰੀਖ਼ ਵਿਚ ਨਹੀਂ ਮਿਲਦੀ; ਰਾਣੀ ਫ਼ਤਹਿ ਕੌਰ (ਮਾਈ ਫ਼ੱਤੋ), ਰਾਣੀ ਸਾਹਿਬ ਕੌਰ ਤੇ ਰਜਿੰਦਰ ਕੌਰ ਪਟਿਆਲਾ, ਰਾਣੀ ਜਿੰਦ ਕੌਰ (ਜਿੰਦਾਂ), ਬੀਬੀ ਗੁਲਾਬ ਕੌਰ ਗ਼ਦਰੀ, ਸ਼ਹੀਦ ਬਲਬੀਰ ਕੌਰ ਜੇਤੋ, ਮਾਈ ਕਿਸ਼ਨ ਕੌਰ ਕਾਉਂਕੇ, ਬੀਬੀ ਉਪਕਾਰ ਕੌਰ ਕਰਨਾਲ ਆਪਣੀ ਮਿਸਾਲ ਆਪ ਸਨ।

ਸ਼ਾਇਦ ਦੁਨੀਆਂ ਦੀ ਕਿਸੇ ਹੋਰ ਤਵਾਰੀਖ਼ ਵਿਚ ਕੌਮ ਦੇ ਹੀਰੋਆਂ ਨਾਲ ਏਨਾ ਧੱਕਾ ਨਾ ਹੋਇਆ ਹੋਵੇ। ਪੰਜਾਬ ਅਤੇ ਸਿੱਖਾਂ ਦੀ ਬਦਕਿਸਮੀ ਕਿ ਇੱਥੇ ਬਾਦਲ ਦਾ ਰਾਜ ਰਿਹਾ ਤੇ ਉਹ ਸਿੱਖ ਤੇ ਸਿੱਖੀ ਹੀ ਨਹੀਂ ਪੰਜਾਬ ਨੂੰ ਵੀ ਬੇਹੱਦ ਨਫ਼ਰਤ ਕਰਦਾ ਹੈ ਤੇ ਪੰਜਾਬ ਵਿਚ ਕੋਈ ਐਸੀ ਯਾਦਗਾਰ ਨਹੀਂ ਬਣਨ ਦੇਣਾ ਚਾਹੁੰਦਾ ਜੋ ਸਿੱਖਾਂ ਦੀ ਸ਼ਾਨਾਂ-ਮੱਤੀ ਤਵਾਰੀਖ਼ ਨੂੰ ਉਜਾਗਰ ਕਰੇ।

ਇਹ ਸਾਰਾ ਕੁਝ ਵੇਖ ਕੇ ਸੰਜੀਦਾ ਸਿੱਖ ਪ੍ਰਚਾਰਕਾਂ, ਵਿਦਵਾਨਾਂ, ਆਗੂਆਂ ਅਤੇ ਹੋਰ ਪੰਥ ਦਰਦੀਆਂ ਨੇ ਮਹਿਸੂਸ ਕੀਤਾ ਹੈ ਕਿ ਸਿੱਖ ਤਵਾਰੀਖ਼ ਨੂੰ ਸਹੀ ਰੂਪ ਵਿਚ ਪੇਸ਼ ਕੀਤਾ ਜਾਵੇ। ਉਸ ਨਿਸ਼ਾਨੇ ਨੂੰ ਪੂਰਾ ਕਰਨ ਵਲ ਕਿਤਾਬ 'ਸਿੱਖ ਤਵਾਰੀਖ਼' ਪਹਿਲਾ ਕਦਮ ਸੀ। (ਇਸ ਵਿਚ ਜ਼ਰੂਰ ਕੁਝ ਊਣਤਾਈਆਂ ਰਹਿ ਗਈਆਂ ਹੋਣਗੀਆਂ। ਸੰਜੀਦਾ ਸੱਜਣਾਂ ਦੇ ਸੁਝਾਵਾਂ ਦੀ ਇੰਤਜ਼ਾਰ ਰਹੇਗੀ। ਗ਼ਲਤੀਆਂ ਦੂਰ ਕਰਨਾ ਸਾਡਾ ਫ਼ਰਜ਼ ਹੈ, ਯਕੀਨਨ ਨਿਭਾਵਾਂਗੇ)। ਪਰ ਦੂਜੇ ਪਾਸੇ ਆਰ. ਐਸ. ਐਸ. ਦੇ ਸਿੱਖ ਵਿੰਗ 'ਰਾਸ਼ਟਰੀਆ ਸਿੱਖ ਸੰਗਤ' ਨੇ ਕਾਵੈਂਟਰੀ ਦੇ ਪੁਲਿਸ ਕੈਟ ਲਵਸ਼ਿੰਦਰ ਡਲੇਵਾਲ, ਬਦ-ਇਖ਼ਲਾਕ ਰਣਜੀਤ ਰਾਣਾ (ਜੋ ਬ੍ਰਿਮਿੰਘਮ, ਤੋਂ 'ਸਾਹਿਬ' ਨਾਂ ਦਾ ਪਰਚਾ, ਚਾਰ ਸੌ ਦੀ ਗਿਣਤੀ ਵਿਚ, ਛਾਪਦਾ ਹੈ ਤੇ 'ਸਿੱਖ ਚੈਨਲ' ਟੀ.ਵੀ. 'ਤੇ ਵੀ ਆਉਂਦਾ ਹੈ), ਵਿਭਚਾਰੀ ਡਾ: ਗੁਰਦੀਪ ਸਿੰਘ ਜਗਬੀਰ ਤੇ ਕਲੀਨਸ਼ੇਵ ਤੇ ਤੰਬਾਕੂਨੋਸ਼ ਸੁਰਜੀਤ ਘੁੰਮਣ (ਦੋਵੇਂ ਪੰਜਾਬ ਰੇਡੀਓ ਲੰਡਨ), www.panthicweekly.com, www.sangatsansar.com/net, www.tapoban.com, www.guppshupp.com, ਅਤੇ ਕੁਝ ਹੋਰ ਵੈੱਬ ਸਾਈਟਾਂ ਰਾਹੀਂ 'ਸਿੱਖ ਤਵਾਰੀਖ਼' ਦੇ ਖ਼ਿਲਾਫ਼ ਬਹੁਤ ਪਰਾਪੇਗੰਡਾ ਕਰਵਾਇਆ ਤਾਂ ਜੋ ਸੱਚ ਸਾਹਮਣੇ ਨਾ ਆ ਸਕੇ; ਪਰ ਪਾਠਕਾਂ ਨੇ ਉਨ੍ਹਾਂ ਦੀਆਂ ਸਾਜ਼ਸ਼ਾਂ ਨੂੰ ਬੁਰੀ ਤਰ੍ਹਾਂ ਨਾਕਾਮ ਕਰ ਦਿੱਤਾ। ਇਹ ਸਾਬਿਤ ਕਰਦਾ ਹੈ ਪਾਠਕਾਂ ਨੂੰ ਧੋਖੇਬਾਜ਼ਾਂ, ਬੇਈਮਾਨਾਂ, ਠੱਗਾਂ, ਆਰ.ਐਸ.ਐਸ ਦੇ ਏਜੰਟਾਂ ਤੇ ਗ਼ਦਾਰਾਂ ਦੀ ਖ਼ੂਬ ਪਛਾਣ ਹੈ।

ਇਸ ਵਿਚਲੀਆਂ ਬਹੁਤੀਆਂ ਜੀਵਨੀਆਂ ਮੇਰੀ ਅੰਗਰੇਜ਼ੀ ਕਿਤਾਬ 'ਸਿੱਖ ਰੈਫ਼ਰੈਂਸ ਬੁਕ' ਵਿਚੋਂ ਹਨ ਜਿਨ੍ਹਾਂ ਦਾ ਡਾ: ਅਮਰਜੀਤ ਕੌਰ ਇਬਨ ਕਲਾਂ ਨੇ ਪੰਜਾਬੀ ਵਿਚ ਤਰਜਮਾ ਕੀਤਾ ਹੈ। ਮੈਂ ਕੁਝ ਨਵੀਆਂ ਜੀਵਨੀਆਂ ਵੀ ਲਿਖ ਕੇ ਇਸ ਵਿਚ ਸ਼ਾਮਿਲ ਕੀਤੀਆਂ ਹਨ। ਆਖ਼ਰੀ ਛੇ ਜੀਵਨੀਆਂ (ਬੀਬੀ ਰਜ਼ੀ, ਬੀਬੀ ਰਤਨ ਕੌਰ ਸੂਰ ਸਿੰਘ, ਮਾਤਾ ਗੌਰਾਂ, ਮਾਤਾ ਮਿਰੋਆ, ਮਾਤਾ ਸਭਰਾਈ, ਬੀਬੀ ਪ੍ਰਧਾਨ ਕੌਰ) ਉਨ੍ਹਾਂ ਦੀਆਂ ਲਿਖੀਆਂ ਹਨ। ਉਨ੍ਹਾਂ ਨੇ ਹੋਰ ਵੀ ਕਈ ਜੀਵਨੀਆਂ ਲਿਖੀਆਂ ਸਨ, ਜਿਨ੍ਹਾਂ ਵਿਚ ਬਹੁਤ ਸਾਰਾ ਕੁਝ ਕਾਲਪਨਿਕ ਸੀ, ਇਸ ਕਰ ਕੇ ਉਨ੍ਹਾਂ ਨੂੰ ਇਸ ਵਿਚ ਸ਼ਾਮਿਲ ਨਹੀਂ ਕਰ ਸਕਿਆ। ਉਸ ਸਮੱਗਰੀ ਨੂੰ, ਉਨ੍ਹਾਂ ਦੇ ਨਾਂ ਹੇਠ, ਵੱਖਰਾ ਛਾਪਿਆ ਜਾਵੇਗਾ। ਮੈਂ ਖ਼ੁਦ ਮਹਾਰਾਣੀ ਪਰਨੀਤ ਕੌਰ ਬਾਰੇ ਵੀ ਕੁਝ ਲਿਖਣਾ ਚਾਹੁੰਦਾ ਸੀ ਪਰ ਨਹੀਂ ਲਿਖ ਸਕਿਆ।

ਭਾਵੇਂ ਇਸ ਕਿਤਾਬ ਦਾ ਨਾਂ '100 ਸਿੱਖ ਬੀਬੀਆਂ' ਹੈ ਪਰ ਇਸ ਵਿਚ ਇਸ ਤੋਂ ਕਾਫ਼ੀ ਵਧ ਬੀਬੀਆਂ ਬਾਰੇ ਸਮੱਗਰੀ ਪੇਸ਼ ਹੈ। ਇਸ ਕਿਤਾਬ ਵਿਚ ਕੁਝ ਭੁੱਲਾਂ, ਊਣਤਾਈਆਂ ਰਹਿ ਗਈਆਂ ਹੋਣਗੀਆਂ। ਅਸੀਂ ਹਮੇਸ਼ਾਂ ਸੁਧਾਰ ਦਾ ਚਾਹਵਾਨ ਰਹੇ ਹਾਂ; ਹੁਣ ਵੀ ਜੇ ਕੋਈ ਦਰੁਸਤੀ ਕਰਵਾਇਗਾ ਤਾਂ ਉਸ ਦਾ ਅਗਲੀ ਐਡੀਸ਼ਨ ਵਿਚ ਸ਼ੁਕਰੀਆ ਕਰਨਾ ਵੀ ਸਾਡਾ ਫ਼ਰਜ਼ ਹੋਵੇਗਾ।

**– ਲੇਖਕ**

# ਜ਼ਿਕਰੇ-ਯਾਰਾਂ

ਮੇਰੀ ਆਦਤ ਹੈ ਕਿ ਮੈਂ ਆਪਣੇ ਸੱਜਣਾਂ ਨੂੰ ਕਦੇ ਭੁਲੱਦਾ ਨਹੀਂ। ਇਸ ਕਿਤਾਬ ਦੇ ਲਿਖਣ ਦੌਰਾਨ ਕੁਝ ਸੱਜਣ ਬੜੇ ਮਿਹਰਬਾਨ ਰਹੇ। ਮੈਂ ਇਨ੍ਹਾਂ ਸਾਰਿਆਂ ਦਾ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ:

ਡਾ: ਦਰਸ਼ਨ ਸਿੰਘ ਤੇ ਪ੍ਰੋ: ਪ੍ਰਕਾਸ਼ ਕੌਰ (ਚੰਡੀਗੜ੍ਹ), ਸ: ਗੁਰਵਿੰਦਰ ਸਿੰਘ ਸ਼ਾਮਪੁਰਾ ਮੈਂਬਰ ਸ਼੍ਰੋਮਣੀ ਕਮੇਟੀ, ਸ. ਸੁਰਜੀਤ ਸਿੰਘ ਛਦੌੜੀ (ਬੈਲਜੀਅਮ), ਸ: ਕੁਲਵਿੰਦਰ ਸਿੰਘ ਜਾਡਲਾ (ਸਪੇਨ), ਸ: ਨਛੱਤਰ ਸਿੰਘ ਬੈਂਸ (ਨਾਰਵੇ), ਗਿ: ਜਗਤਾਰ ਸਿੰਘ ਜਾਚਕ, ਸ. ਭਾਗ ਸਿੰਘ ਅਣਖੀ, ਡਾ. ਗੁਰਬਚਨ ਸਿੰਘ ਬਚਨ, ਸ: ਜੋਗਿੰਦਰ ਸਿੰਘ ਸਾਹਨੀ ਤੇ ਮੈਡਮ ਜਗਜੀਤ ਕੌਰ ਸਾਹਨੀ (ਰੋਜ਼ਾਨਾ ਸਪੋਕਸਮੈਨ), ਸ: ਜੋਗਿੰਦਰ ਸਿੰਘ ਦੀਪ, ਸ: ਰਜਿੰਦਰ ਸਿੰਘ ਤੇ ਸ: ਰਵਿੰਦਰ ਸਿੰਘ (ਖਾਲਸਾ ਪੰਚਾਇਤ), ਸ: ਅਮਰਜੀਤ ਸਿੰਘ ਧਵਨ LIC, ਸ: ਜਸਬਿੰਦਰ ਸਿੰਘ ਦੁਬਈ (ਹੁਣ ਮੋਹਾਲੀ), ਸ: ਤਰਸੇਮ ਸਿੰਘ ਚੇਅਰਮੈਨ ਦਿੱਲੀ, ਸ: ਦਿਲਬੀਰ ਸਿੰਘ ਤੇ ਸ: ਅਵਤਾਰ ਸਿੰਘ (ਕਲਕੱਤਾ), ਸ: ਜਸਵੰਤ ਸਿੰਘ ਮਾਨ, ਸ: ਗੁਰਿੰਦਰਪਾਲ ਸਿੰਘ ਧਨੌਲਾ, ਡਾ: ਕੁਲਵਿੰਦਰ ਸਿੰਘ ਬਾਜਵਾ (ਮੁਖੀ ਪੰਜਾਬ ਹਿਸਟੋਰੀਕਲ ਸਟੱਡੀਜ਼ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਝਬਾਲਾਂ ਵਾਲਾ ਕਨੇਡੀਅਨ ਬਾਈ 'ਖੋਜੀ ਕਾਫ਼ਿਰ', ਕਰਨਲ ਗੁਰਦੀਪ ਸਿੰਘ ਤੇ ਸ. ਸੁਖਦੇਵ ਸਿੰਘ (ਮੋਹਾਲੀ), ਗਿਆਨੀ ਅਮਰੀਕ ਸਿੰਘ ਸੋਲਖੀਆਂ (ਮੋਹਾਲੀ), ਸ: ਅਮਰਜੀਤ ਸਿੰਘ ਚੰਦੀ (ਉਤਰਾਂਚਲ), ਗਿਆਨੀ ਗੁਰਬਚਨ ਸਿੰਘ (ਥਾਈਲੈਂਡ ਵਾਲੇ), ਸ: ਸਤਨਾਮ ਸਿੰਘ (ਪਾਉਂਟਾ ਸਾਹਿਬ), ਸ: ਦਲਬੀਰ ਸਿੰਘ ਸੱਤੋਵਾਲ (ਘੁਮਾਣ), ਸ: ਕੰਵਲਜੀਤ ਸਿੰਘ ਕੁੰਡਲ, ਸ: ਪ੍ਰੀਤਮ ਸਿੰਘ ਮਟਵਾਣੀ, ਬੀਬੀ ਪਰਮਿੰਦਰ ਕੌਰ ਸੰਧੂ (ਪੰਮੀ ਸਿੱਧੂ), ਬੀਬੀ ਸਰਬਜੀਤ ਕੌਰ, ਬੀਬੀ ਜਗਮੋਹਣ ਕੌਰ (ਬੱਸੀ ਪਠਾਣਾਂ), ਬੀਬੀ ਗੁਰਦੀਪ ਕੌਰ ਦੀਪੀ।

(ਇੰਗਲੈਂਡ): ਮੇਅਰ ਸ: ਇੰਦਰ ਸਿੰਘ ਜੰਮੂ ਬਾਰਕਿੰਗ, ਬੀਬੀ ਬਲਵਿੰਦਰ ਕੌਰ ਚਾਹਲ ਸਾਊਥਾਲ, ਸ: ਗੁਰਿੰਦਰ ਸਿੰਘ ਸਾਚਾ ਬਾਰਕਿੰਗ, ਸ: ਜਸਬੀਰ ਸਿੰਘ (ਪੰਜਾਬ ਰੇਡੀਓ, ਲੰਡਨ), ਸ: ਗੁਰਬਚਨ ਸਿੰਘ ਅਣਖੀ ਲਿਵਰਪੂਲ।

(ਕਨੇਡਾ ਅਤੇ ਅਮਰੀਕਾ): (ਐਡਮਿੰਟਨ ਤੋਂ:) ਡਾ: ਅਵਤਾਰ ਸਿੰਘ ਸੇਖੋਂ; (ਵਿਨੀਪੈੱਗ ਤੋਂ:) ਸ: ਜੋਗਿੰਦਰ ਸਿੰਘ; (ਟਰਾਂਟੋ-ਬਰੈਂਪਟਨ ਤੋਂ:) ਸ: ਬਲਕਰਨ ਸਿੰਘ, ਸਿੱਖ ਟੀ.ਵੀ. ਵਾਲੇ ਸ: ਰਘਬੀਰ ਸਿੰਘ ਸਮੱਘ, ਸ: ਮਨਜੀਤ ਸਿੰਘ ਮਾਂਗਟ, ਸ: ਗੁਰਦੇਵ ਸਿੰਘ ਸੰਧਾਵਾਲੀਆ, ਸ: ਸਚੇਤ ਸਿੰਘ (ਤਿੰਨੇ 'ਗੁਰਦੁਆਰਾ ਸਿੱਖ ਲਹਿਰ' ਬਰੈਂਪਟਨ, ਟਰਾਂਟੋ); (www.gurupanth.com ਦੇ:) ਸ: ਗੁਰਪ੍ਰੀਤ ਸਿੰਘ ਮਿਸੀਸਾਗਾ, ਸ: ਗੁਰਪ੍ਰੀਤ ਸਿੰਘ ਕੇਂਬਰਿਜ, ਸ: ਇਕਬਾਲ ਸਿੰਘ IBM, ਸ: ਤਰਨਜੀਤ ਸਿੰਘ, ਸ: ਰੇਸ਼ਮ ਸਿੰਘ, ਸ: ਸਤਵਿੰਦਰ ਸਿੰਘ ਰਾਣਾ, ਸ: ਹਰਜਿੰਦਰ ਸਿੰਘ, ਸ: ਦਲਵਿੰਦਰ ਸਿੰਘ; (ਮੌਂਟਰੀਆਲ ਤੋਂ:) ਸ: ਹਰਜਿੰਦਰ ਸਿੰਘ ਪਾਤਰ; (ਸਰੀ-ਵੈਨਕੂਵਰ ਤੋਂ:) ਸ: ਸੌਦਾਗਰ ਸਿੰਘ, ਸ: ਬਲਜਿੰਦਰ ਸਿੰਘ ਖਹਿਰਾ, ਸ:

ਜਗਤਾਰ ਸਿੰਘ ਸੰਧੂ, ਸ: ਸੁਖਮਿੰਦਰ ਸਿੰਘ ਚੀਮਾ, ਸ: ਪਰਵਕਾਰ ਸਿੰਘ; ਅਤੇ (ਕੈਲੇਫ਼ੋਰਨੀਆ, ਅਮਰੀਕਾ ਤੋਂ:) ਸ: ਸੁਖਮਿੰਦਰ ਸਿੰਘ ਬਰਾੜ।

ਪੰਥ ਰਤਨ ਸ਼ਹੀਦ ਜਥੇਦਾਰ ਤਲਵਿੰਦਰ ਸਿੰਘ (ਫ਼ਾਊਂਡਰ ਬਬਰ ਖਾਲਸਾ), ਜਥੇਦਾਰ ਜਗਦੇਵ ਸਿੰਘ ਖੁੱਡੀਆਂ, ਸ: ਭਾਨ ਸਿੰਘ, ਪੰਥ ਰਤਨ ਸ. ਮਹਿੰਦਰ ਸਿੰਘ ਜੋਸ਼, ਫ਼ਖ਼ਰੇ-ਕੌਮ ਸ. ਜਗਮੋਹਣ ਸਿੰਘ ਗਿਆਨੀ (ਲੁਧਿਆਣਾ), ਸ. ਕੁਲਦੀਪ ਸਿੰਘ (ਨਿਊਯਾਰਕ), ਅੰਬੈਸਡਰ ਆਫ਼ ਸਿੱਖਇਜ਼ਮ ਸ. ਖ਼ਜ਼ਾਨ ਸਿੰਘ (ਕਲਕੱਤਾ), ਪ੍ਰੋ: ਹਰਬੰਸ ਸਿੰਘ ਪਟਿਆਲਾ, ਡਾ: ਗੰਡਾ ਸਿੰਘ, ਸ: ਹਰਜੀਤ ਸਿੰਘ ਸੰਧੂ ਜਲੰਧਰ ਜੋ ਸਾਡੇ ਵਿਚ ਨਹੀਂ ਰਹੇ, ਉਨ੍ਹਾਂ ਦੇ ਪਿਆਰ ਦੀ ਯਾਦ ਹਮੇਸ਼ਾ ਇਸ ਸੀਨੇ ਵਿਚ ਕਾਇਮ ਰਹੇਗੀ।

ਸ: ਗੁਰਸਾਗਰ ਸਿੰਘ (ਸਿੰਘ ਬਰਦਰਜ਼), ਡਾ. ਦਵਿੰਦਰਪਾਲ ਸਿੰਘ (ਸਿੱਖ ਬੁੱਕ ਕੰਪਨੀ, ਅੰਮ੍ਰਿਤਸਰ), ਸ: ਗੁਰਿੰਦਰ ਸਿੰਘ ਤੇ ਰਵਿੰਦਰ ਸਿੰਘ (ਪ੍ਰਿੰਟਵੈੱਲ ਪ੍ਰੈਸ) ਤੇ ਉਨ੍ਹਾਂ ਸਾਰਿਆਂ ਦਾ ਸ਼ੁਕਰੀਆ ਜਿਨ੍ਹਾਂ ਦੇ ਨਾਂ ਇਸ 'ਚ ਲਿਖਣੇ ਭੁੱਲ ਗਿਆ ਹੋਵਾਂਗਾ।

ਡਾ: ਹਰਜਿੰਦਰ ਸਿੰਘ ਦਿਲਗੀਰ
ਬ੍ਰਮਿੰਘਮ, ਇੰਗਲੈਂਡ, 22 ਅਕਤੂਬਰ 2010

## ਡਾ: ਦਿਲਗੀਰ ਦੇ ਨਾਂ

ਤੂੰ ਉਹ ਅਜ਼ੀਮ ਸ਼ਖ਼ਸੀਅਤ ਹੈਂ
ਜਿਸ ਨੇ ਪਿੱਛੇ ਮੁੜ ਕੇ ਵੇਖਣਾ
ਨਹੀਂ ਸਿੱਖਿਆ।
ਜਿਸ ਦਾ ਇਸ਼ਕ ਤਵਾਰੀਖ਼ ਹੈ।
ਤਵਾਰੀਖ਼ ਦੇ ਪੰਨਿਆਂ ਨੂੰ
ਕਲਮਬੰਦ ਕਰਦਾ
ਕਦੀ ਨਾ ਥੱਕਿਆ
ਨਾ ਹਾਰਿਆ।
ਤੂੰ ਤੂਫ਼ਾਨ ਹੈਂ
ਜਿਸ ਦੇ ਸਾਹਵੇਂ
ਕੋਈ ਨਾ ਖੜ੍ਹਿਆ
ਕੋਈ ਨਾ ਅੜਿਆ।
ਤੂੰ ਉਹ ਪੂਰੇ ਦੀ 'ਵਾ ਹੈਂ
ਜੋ ਤੇਰੇ ਮੌਨਸੂਨ ਹੋਣ ਦਾ ਸੰਕੇਤ ਦੇਂਦਾ ਹੈ
ਤੂੰ ਉਹ ਸੌਣ ਦਾ ਬੱਦਲ ਹੈਂ
ਜੋ ਛਮ ਛਮ ਵਰ੍ਹਦਾ
ਦਿਲਗੀਰੀ ਸ਼ਾਇਰੀ ਕਰਦਾ ਹੈ।
ਤੂੰ ਉਹ ਨਿਸ਼ਕਾਮ ਨਿਰਮਾਣ ਮੂਰਤ ਹੈਂ
ਜਿਸ ਨੇ ਕਦੀ ਆਪਾ ਨਹੀਂ ਜਿਣਾਇਆ।
ਤੂੰ ਉਹ ਹੱਡ ਮਾਸ ਦਾ ਜਿਸਮ ਹੈਂ
ਜਿਸ ਦੇ ਸੀਨੇ 'ਚ ਪੰਥ ਪਿਆਰ ਦੇ
ਲੱਖਾਂ ਭਾਂਬੜ ਬਲਦੇ ਨੇ।
ਤੂੰ ਉਹ ਮਨਮੋਹਣੀ ਛਾਇਆ ਹੈਂ
ਜਿਸ ਨੇ ਆਪਣੇ ਸੀਨੇ 'ਚ ਅਥਾਹ ਦਰਦ
ਸਮਾਇਆ ਹੈ।
ਮੈਂ ਤਾਂ ਨਹੀਂ ਜਾਣਦੀ
ਤੇ ਨਾ ਜਾਣ ਸਕਾਂਗੀ
ਕਿਉਂ ਕਿ ਤੇਰੀ ਕੋਈ ਕੰਨੀ ਫੜ ਕੇ
ਤੇਰੀ ਥਾਹ ਪਾਉਣੀ
ਕਿਸੇ ਦੇ ਵੱਸ ਦਾ ਰੋਗ ਨਹੀਂ।

–ਡਾ: ਅਮਰਜੀਤ ਕੌਰ ਇਬਨ ਕਲਾਂ

# ਮਾਤਾ ਤ੍ਰਿਪਤਾ

ਸਿੱਖ ਤਵਾਰੀਖ਼ ਵਿਚ 'ਪਹਿਲੀ ਬੀਬੀ' ਮਾਤਾ ਤ੍ਰਿਪਤਾ ਸੀ ਜਿਸ ਨੇ ਗੁਰੂ ਨਾਨਕ ਸਾਹਿਬ ਨੂੰ ਜਨਮ ਦਿੱਤਾ।

ਪਿਛੋਕੜ: ਗੁਰੂ ਨਾਨਕ ਸਾਹਿਬ ਦੇ ਦਾਦਾ ਬਾਬਾ ਸ਼ਿਵ ਨਾਰਾਇਣ ਦੇ ਘਰ ਅਕਤੂਬਰ 1440 ਵਿਚ ਕਲਿਆਨ ਦਾਸ ਅਤੇ 1443 ਵਿਚ ਲਾਲ ਚੰਦ ਦਾ ਜਨਮ ਹੋਇਆ। ਉਨ੍ਹਾਂ ਦਿਨ੍ਹਾਂ ਵਿਚ ਇਹ ਪਿੰਡ ਪੱਠੇਵਿੰਡ (ਜ਼ਿਲਾ ਅੰਮ੍ਰਿਤਸਰ) ਵਿਚ ਰਹਿੰਦਾ ਸੀ। ਪੱਠੇ ਵਿੰਡ ਦੀ ਜ਼ਮੀਨ ਵਿਚ ਹੀ ਕਸਬਾ ਡੇਹਰਾ ਬਾਬਾ ਨਾਨਕ ਵਸਿਆ ਹੋਇਆ ਹੈ।

ਜਦੋਂ ਕਲਿਆਣ ਦਾਸ ਜਵਾਨ ਹੋਏ ਤਾਂ ਰੋਜ਼ਗਾਰ ਦੇ ਸਿਲਸਿਲੇ ਵਿਚ ਉਹ ਰਾਏ ਭੋਇ ਦੀ ਤਲਵੰਡੀ (ਹੁਣ ਨਾਨਕਾਣਾ ਸਾਹਿਬ) ਆ ਗਏ। ਕਲਿਆਣ ਦਾਸ ਦੀ ਸ਼ਾਦੀ 1461 ਵਿਚ ਪਿੰਡ ਚਾਹਲ (ਜ਼ਿਲਾ ਲਾਹੌਰ) ਦੇ ਵਾਸੀ ਭਾਈ ਰਾਮਾ ਅਤੇ ਮਾਤਾ ਭਿਰਾਈ ਦੀ ਬੇਟੀ (ਮਾਤਾ) ਤ੍ਰਿਪਤਾ ਨਾਲ ਹੋਈ। ਮਾਤਾ ਤ੍ਰਿਪਤਾ ਨੇ 1464 ਵਿਚ (ਬੇਬੇ) ਨਾਨਕੀ ਅਤੇ 1469 ਵਿਚ (ਗੁਰੂ) ਨਾਨਕ (ਸਾਹਿਬ) ਨੂੰ ਜਨਮ ਦਿਤਾ। ਗੁਰੂ ਨਾਨਕ ਸਾਹਿਬ ਦਾ ਜਨਮ 20 ਅਕਤੂਬਰ 1469 ਦੇ ਦਿਨ ਹੋਇਆ ਸੀ।

*ਗੁਰੂ ਨਾਨਕ ਸਾਹਿਬ ਦੇ ਜਨਮ ਬਾਰੇ ਇਕ ਹੋਰ ਤਾਰੀਖ 15 ਅਪਰੈਲ 1469 ਵੀ ਲਿਖੀ ਜਾਂਦੀ ਹੈ। ਇਹ ਭੁਲੇਖਾ ਜਨਮ ਸਾਖੀਆਂ ਵਿਚ ਵਖ-ਵਖ ਤਰੀਖ਼ਾਂ ਮਿਲਣ ਕਰ ਕੇ ਹੋਇਆ ਹੋਵੇਗਾ। ਵਿਸਾਖ (ਅਪਰੈਲ) ਵਾਲੀ ਗ਼ਲਤ ਤਾਰੀਖ਼ ਸਭ ਤੋਂ ਪਹਿਲਾਂ ਪ੍ਰਿਥੀ ਚੰਦ ਮੀਣਾ ਦੇ ਪੁਤਰ ਮਿਹਰਬਾਨ ਨੇ ਲਿਖੀ ਸੀ। ਉਹ ਸਿੱਖ ਹਿਸਟਰੀ ਵਿਗਾੜਨ ਵਾਲਾ ਪਹਿਲਾ ਸਿੱਖ ਦੋਖੀ ਸੀ। ਦੂਜਾ, ਹਿੰਦੂਆਂ ਵਿਚ ਇਹ ਭਰਮ ਹੈ ਕਿ ਕਤਕ ਮਹੀਨੇ ਵਿਚ ਜੰਮਿਆ ਬੱਚਾ ਨਹਿਸ਼ ਹੁੰਦਾ ਹੈ। ਅਜਿਹਾ ਜਾਪਦਾ ਹੈ ਕਿ ਹਿੰਦੂ ਲੇਖਕਾਂ ਨੇ ਸਿੱਖਾਂ ਨੂੰ ਇਸ ਵਹਿਮ (ਸੂਤਕ) ਦਾ ਡਰ ਪਾ ਕੇ ਵਿਸਾਖ ਦੇ ਜਨਮ ਦਾ ਪ੍ਰਚਾਰ ਕੀਤਾ ਸੀ, ਜੋ ਭੋਲੇ ਸਿੱਖਾਂ ਨੇ ਚੁਪਚਾਪ ਮੰਨ ਲਿਆ।*

ਗੁਰੂ ਨਾਨਕ ਸਾਹਿਬ ਅਕਾਲ ਪੁਰਖ ਦੇ ਵਰੋਸਾਏ ਹੋਏ ਸਨ ਤੇ ਉਨ੍ਹਾਂ ਦੀ ਸ਼ਖ਼ਸੀਅਤ ਵਾਹਿਗੁਰੂ ਨੇ ਸਵਾਰੀ ਹੋਈ ਸੀ। ਪਰ ਬਚਪਨ ਦੀ ਸੇਵਾ ਸੰਭਾਲ ਮਾਤਾ ਤ੍ਰਿਪਤਾ ਦੇ ਭਾਗਾਂ (ਹਿੱਸੇ) ਵਿਚ ਆਈ ਸੀ। ਉਸ ਨੇ ਹੀ ਗੁਰੂ ਸਾਹਿਬ ਨੂੰ ਮੁੱਢਲੀ ਸਿਖਿਆ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਦੀ ਵੱਡੀ ਭੈਣ, ਪੜਦਾਦੀ ਤੇ ਨਾਨੀ ਦੇ ਹੱਥਾਂ ਦੀ ਛੋਹ ਗੁਰੂ ਸਾਹਿਬ ਨੂੰ ਮਿਲੀ ਸੀ। ਸਾਲ ਕੂ ਮਗਰੋਂ ਗੁਰੂ ਨਾਨਕ ਸਾਹਿਬ ਨੂੰ ਬਾਹਰ ਦੇ ਲੋਕਾਂ ਦੀ ਸੰਗਤ ਮਿਲਣੀ ਸ਼ੁਰੂ ਹੋਈ ਸੀ। ਮਾਤਾ ਤ੍ਰਿਪਤਾ ਦਾ ਇਕੋ ਇਕ ਪੁੱਤਰ ਹੋਣ ਕਰ ਕੇ ਗੁਰੂ ਨਾਨਕ ਨੂੰ ਮਾਂ ਦਾ ਰੱਜਵਾਂ ਪਿਆਰ ਤੇ ਲਾਡ ਮਿਲਿਆ ਹੋਵੇਗਾ।

ਮਾਤਾ ਤ੍ਰਿਪਤਾ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਉਨ੍ਹਾਂ ਦੇ ਹੱਥਾਂ ਵਿਚ ਪੁੱਤਰ ਵੱਡਾ ਹੋਇਆ, ਜਵਾਨ ਹੋਇਆ, ਵਿਆਹਿਆ ਗਿਆ, ਦੋ ਪੁੱਤਰਾਂ ਦਾ ਬਾਪ ਬਣਿਆ। ਮਾਤਾ ਤ੍ਰਿਪਤਾ ਨੂੰ ਦੋਹਾਂ ਪੋਤਿਆਂ ਨੂੰ ਖਿਡਾਉਣ ਦਾ ਸੁਖ

ਵੀ ਹਾਸਿਲ ਹੋਇਆ। ਗੁਰੂ ਨਾਨਕ ਸਾਹਿਬ 1504 ਤਕ ਤਲਵੰਡੀ (ਨਾਨਕਾਣਾ ਸਾਹਿਬ) ਵਿਚ ਰਹੇ; ਇਸ ਵੇਲੇ ਸ੍ਰੀਚੰਦ ਦੀ ਉਮਰ 10 ਸਾਲ ਤੇ ਲੱਖਮੀ ਦਾਸ ਦੀ 7 ਸਾਲ ਸੀ। 1504 ਤੋਂ 1507 ਤਕ ਸੁਲਤਾਨਪੁਰ ਅਤੇ 1507 ਤੋਂ 1521 ਤਕ ਗੁਰੂ ਨਾਨਕ ਸਾਹਿਬ ਉਦਾਸੀਆਂ'ਤੇ ਰਹੇ ਸਨ ਤੇ ਇਸ ਸਮੇਂ ਦੌਰਾਨ ਉਹ ਮਾਤਾ ਨੂੰ ਸ਼ਾਇਦ ਸਿਰਫ਼ ਕੁਝ ਮਹੀਨੇ ਵਾਸਤੇ ਹੀ ਮਿਲੇ ਸਨ 1516 ਵਿਚ। ਮਾਤਾ ਜੀ ਦੇ ਉਮਰ ਦੇ ਆਖ਼ਰੀ ਵਰ੍ਹੇ ਕਰਤਾਰਪੁਰ ਵਿਚ ਬੀਤੇ, ਜਿੱਥੇ ਕਿ (ਸ਼ਾਇਦ) 1522 ਵਿਚ ਉਨ੍ਹਾਂ ਦੀ ਮੌਤ ਹੋਈ। ਇਸ ਤੋਂ ਇਲਾਵਾ ਮਾਤਾ ਜੀ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਹਿਸਾਬ ਨਾਲ ਮਾਤਾ ਦੀ ਉਮਰ ਤਕਰੀਬਨ 80 ਸਾਲ ਦੀ ਹੋਵੇਗੀ; ਉਨ੍ਹਾਂ ਦੇ ਪਤੀ ਦਾ ਜਨਮ 1440 ਦਾ ਸੀ ਤੇ ਉਨ੍ਹਾਂ ਦਾ ਵੀ 1440 ਤੇ 1445 ਦੇ ਵਿਚਕਾਰ ਦਾ ਹੋਵੇਗਾ; ਤੇ ਜੇ ਉਨ੍ਹਾਂ ਦੀ ਮੌਤ ਕਰਤਾਰਪੁਰ ਦੀ ਹੈ ਤਾਂ 1522 ਤੋਂ ਮਗਰੋਂ ਦੀ ਹੋਵੇਗੀ।

ਭਾਵੇਂ ਤਵਾਰੀਖ਼ ਵਿਚ ਮਾਤਾ ਜੀ ਦਾ ਜ਼ਾਹਿਰਾ ਕੋਈ ਬਹੁਤਾ ਹਵਾਲਾ ਨਹੀਂ ਮਿਲਦਾ ਪਰ ਇਕ ਗੱਲ ਤਾਂ ਯਕੀਨੀ ਹੈ ਕਿ ਗੁਰੂ ਨਾਨਕ ਦੀ ਮਾਂ ਮਾਣਮੱਤੀ ਹੋਵੇਗੀ ਕਿ ਉਸ ਨੇ ਜਿਸ ਬੱਚੇ ਨੂੰ ਆਪਣੀ ਕੁੱਖ ਤੋਂ ਜਨਮ ਦਿੱਤਾ ਸੀ, ਉਹ ਇਕ ਅਜ਼ਮਤ ਵਾਲੀ ਹਸਤੀ ਸੀ ਜਿਸ ਅੱਗੇ ਹਜ਼ਾਰਾਂ ਲੋਕ ਆਪਣਾ ਸਿਰ ਝੁਕਾਉਂਦੇ ਸਨ ਤੇ ਉਹ ਸਿਰ ਦਰਅਸਲ ਉਸ ਮਾਂ ਅੱਗੇ ਵੀ ਝੁਕਦੇ ਸਨ। ਮਾਤਾ ਤ੍ਰਿਪਤਾ ਨੇ ਆਪਣੇ ਇਕਲੌਤੇ ਪੁੱਤਰ ਨੂੰ ਖਿਡਾਇਆ, ਸਿਆਣੇ ਪੁਤਰ ਦੀ ਸੂਝ ਵੀ ਵੇਖੀ, ਉਸ ਦੀ ਅਜ਼ਮਤ ਵੀ ਵੇਖੀ, ਉਸ ਦਾ ਮਾਣ ਸਤਕਾਰ ਵੀ ਵੇਖਿਆ ਤੇ ਆਖ਼ਰੀ ਸਾਹ ਆਪਣੇ ਪੁੱਤਰ ਦੀਆਂ ਬਾਹਵਾਂ ਵਿਚ ਲਏ। ਹਰੀ-ਭਰੀ, ਨਿੱਘੀ, ਸਬਰ ਵਾਲੀ, ਮਹਾਨ ਮਾਂ ਸੀ ਤ੍ਰਿਪਤਾ ਕਾਤਾ।

ਮਾਤਾ ਤ੍ਰਿਪਤਾ ਦੇ ਪਿਤਾ ਭਾਈ ਰਾਮਾ ਜਾਂ ਭਰਾ ਭਾਈ ਕਿਸ਼ਨਾ ਦੇ ਨਾਂਵਾਂ ਦਾ ਜ਼ਿਕਰ ਜ਼ਰੂਰ ਮਿਲਦਾ ਹੈ ਪਰ ਉਨ੍ਹਾਂ ਦੇ ਗੁਰੂ ਨਾਨਕ ਸਾਹਿਬ ਨਾਲ ਸਬੰਧਾਂ ਦੇ ਹਵਾਲੇ ਨਹੀਂ ਮਿਲਦੇ।

# ਬੇਬੇ ਨਾਨਕੀ

ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਵਿਚ ਦੂਜੀ ਨਾਰੀ ਭੈਣ ਨਾਨਕੀ ਸੀ। ਉਹ ਗੁਰੂ ਨਾਨਕ ਸਹਿਬ ਤੋਂ ਪੰਜ ਸਾਲ ਵੱਡੀ ਸੀ। ਜਿਵੇਂ ਪੰਜਾਬੀ ਜੀਵਨ-ਜਾਚ ਦਾ ਸੁਭਾਅ ਹੈ ਨਾਨਕੀ ਆਪਣੇ ਵੀਰ ਦਾ ਬਹੁਤ ਖਿਆਲ ਰੱਖਿਆ ਕਰਦੀ ਸੀ। ਜਦ ਵੀ ਘਰ ਵਿਚ ਕੋਈ ਘਟਨਾ ਹੁੰਦੀ ਸੀ, ਉਹ ਆਪਣੇ ਵੀਰ ਦੇ ਹਿਤ ਦਾ ਹੀ ਖਿਆਲ ਰਖਦੀ ਸੀ। ਇਹ ਉਸ ਦੇ ਸੁਭਾਅ ਦਾ ਹਿੱਸਾ ਤਾਂ ਸੀ ਹੀ ਪਰ ਨਾਲ ਹੀ ਇਹ ਉਸ ਦੀ ਰੂਹਾਨੀ ਅੱਖ ਦੀ ਪੜ੍ਹਤ ਵੀ ਸੀ ਜਿਸ ਨੇ ਦੂਰ ਤਕ ਵੇਖ ਲਿਆ ਸੀ ਕਿ ਉਸ ਨੂੰ ਅਕਾਲ ਪੁਰਖ ਦੇ ਖ਼ਾਸ ਨੂਰ ਦੀ ਭੈਣ ਹੋਣ ਦਾ ਮਾਣ ਮਿਲਿਆ ਹੈ। ਉਸ ਨੇ ਇਸ ਮਾਣ ਨੂੰ ਸਾਰੀ ਉਮਰ ਆਪਣੇ ਸੀਨੇ ਆਪਣੇ ਮੱਥੇ ਤੇ ਆਪਣੀ ਰੂਹ ਨਾਲ ਲਾਈ ਰੱਖਿਆ।

ਨਾਨਕੀ ਦਾ ਵਿਆਹ ਭਾਈ ਜੈ ਰਾਮ ਨਾਲ ਹੋਇਆ ਸੀ ਜੋ ਸੁਲਤਾਨਪੁਰ ਵਿਚ ਦੌਲਤ ਖ਼ਾਨ ਲੋਧੀ ਦੇ ਨਿਜ਼ਾਮ ਦਾ ਇਕ ਸੀਨੀਅਰ ਅਫ਼ਸਰ ਸੀ। ਉਸੇ ਕਾਰਨ ਗੁਰੂ ਨਾਨਕ ਸਾਹਿਬ ਨੇ ਵੀ ਸੁਲਤਾਨਪੁਰ ਵਿਚ ਮੋਦੀ ਵਜੋਂ ਅਹੁਦਾ ਸੰਭਾਲਿਆ ਸੀ। ਨਾਨਕੀ ਨੂੰ ਜਿੱਥੇ ਪਹਿਲੇ 15 ਕੁ ਸਾਲ ਤਲਵੰਡੀ ਵਿਚ ਭਰਾ ਨਾਲ ਲਾਡ ਕਰਨ ਦਾ ਮਾਣ ਹਾਸਿਲ ਹੋਇਆ ਉੱਥੇ ਉਸ ਨੂੰ ਸੁਲਤਾਨਪੁਰ ਵਿਚ ਵੀ ਤਿੰਨ ਸਾਲ ਫੇਰ ਇਕੱਠੇ ਰਹਿਣ ਦਾ ਸਮਾਂ ਮਿਲਿਆ।

ਸੁਲਤਾਨਪੁਰ ਵਿਚ ਨਾਨਕੀ ਪਹਿਲਾਂ ਇਕ ਸੀਨੀਅਰ ਅਫ਼ਸਰ ਦੀ ਘਰਵਾਲੀ ਤਾਂ ਸੀ ਹੀ ਪਰ 1504 ਵਿਚ ਉਹ ਇਕ ਹੋਰ ਸੀਨੀਅਰ ਅਫ਼ਸਰ ਮੋਦੀ ਦੀ ਭੈਣ ਵੀ ਅਖਵਾਉਣ ਲਗ ਪਈ। ਇੱਥੇ ਹੀ ਉਸ ਨੇ ਵਖਿਆ ਕਿ ਕਿੰਨੇ ਹੀ ਚੌਧਰੀ ਅਤੇ ਆਲਮ-ਫ਼ਾਜ਼ਲ ਆ ਕੇ ਉਸ ਦੇ ਭਰਾ ਤੋਂ ਅਕਲ ਇਲਮ ਤੇ ਰੂਹਾਨੀਅਤ ਦੀਆਂ ਗੱਲਾਂ ਸਿਖਦੇ ਸਨ। ਇਹ ਵੇਖ ਕੇ ਜੋ ਸਕੂਨ, ਮਾਣ ਤੇ ਅਣਖ ਉਸ ਭੈਣ ਵਿਚ ਆਉਂਦੀ ਹੋਵੇਗੀ ਉਸ ਦਾ ਅਹਿਸਾਸ ਕੀਤਾ ਜਾ ਸਕਦਾ ਹੈ। ਪਰ ਉਮਰ ਵਿਚ ਵੱਡੀ ਹੋਣ ਦੇ ਬਾਵਜੂਦ ਉਸ ਨੂੰ ਨਾਨਕ ਬਹੁਤ ਵੱਡਾ ਦਿਸਦਾ ਸੀ ਤੇ ਆਪਣੀ ਉਮਰ ਨਿੱਕੜੀ ਜਿਹੀ, ਬਾਲੜੀ ਜਹੀ। ਇਹ ਸਾਖੀਆਂ ਵਿਚੋਂ ਉਸ ਦੀ ਸ਼ਖ਼ਸੀਅਤ ਤੋਂ ਸਾਫ਼ ਨਜ਼ਰ ਆਉਂਦਾ ਹੈ। ਸਿੱਖ ਉਸ ਨੂੰ ਅਦਬ ਨਾਲ ਬੇਬੇ ਨਾਨਕੀ ਕਹਿ ਕੇ ਯਾਦ ਕਰਦੇ ਹਨ।

ਨਾਨਕੀ ਦਾ ਸ਼ਾਇਦ ਕੋਈ ਆਪਣਾ ਬਾਲ ਨਹੀਂ ਸੀ। ਉਸ ਨੇ ਕਦ ਚੜ੍ਹਾਈ ਕੀਤੀ ਇਸ ਦਾ ਵੀ ਜ਼ਿਕਰ ਨਹੀਂ ਮਿਲਦਾ। ਹਾਂ ਏਨਾ ਜ਼ਰੂਰ ਪਤਾ ਲਗਦਾ ਹੈ ਕਿ ਜਦ ਵੀ ਗੁਰੂ ਨਾਨਕ ਸਾਹਿਬ ਉਦਾਸੀ ਕਰ ਕੇ ਮਦਰ ਦੇਸ (ਪੰਜਾਬ) ਮੁੜਦੇ ਸਨ ਤਾਂ ਉਹ ਹਮੇਸ਼ਾ ਸੁਲਤਾਨਪੁਰ ਦਾ ਰਸਤਾ ਹੀ ਚੁਣਿਆ ਕਰਦੇ ਸਨ। ਇਹ ਉਨ੍ਹਾਂ ਦੇ ਆਪਣੀ ਵੱਡੀ ਭੈਣ ਵਾਸਤੇ ਪਿਆਰ ਦਾ ਇਜ਼ਹਾਰ

ਹੀ ਸੀ ਕਿ ਉਸ ਦੀ ਖਿਚ ਵੀਰ ਨੂੰ ਉਸ ਕੋਲ ਲੈ ਆਉਂਦੀ ਸੀ। ਸਾਖੀਆਂ ਵਿਚ ਵੀ ਭੈਣ ਭਰਾ ਦਾ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ; ਬਚਪਣ ਵਿਚ ਵੀ, ਸੁਲਤਾਨਪੁਰ ਵਿਚ ਵੀ ਤੇ ਉਦਾਸੀਆਂ ਤੋਂ ਆ ਕੇ ਭੈਣ ਦੇ ਹੱਥ ਦੇ ਪੱਕੇ ਪਰਸ਼ਾਦੇ ਛਕਣ ਦੀਆਂ ਸਾਖੀਆਂ ਵਿਚ ਵੀ। ਇਹ ਪਿਆਰ ਐਸਾ ਸੀ ਕਿ ਪਿਛਲੇ ਪੰਜ ਸੌ ਸਾਲ ਦੇ ਪੰਜਾਬੀ ਅਦਬ ਵਿਚ ਭੈਣ-ਭਰਾ ਦੇ ਪਿਆਰ ਦੇ ਸਿਖਰ ਦੀ ਮਿਸਾਲ ਦੇਣੀ ਹੋਵੇ ਤਾਂ ਨਾਨਕੀ ਦੀ ਹੀ ਦਿੱਤੀ ਜਾਂਦੀ ਹੈ। ਨਾਨਕੀ ਨੇ ਭੈਣ ਦਾ ਪਿਆਰ ਵੀ ਅਮਰ ਕਰ ਦਿੱਤਾ ਤੇ ਆਪ ਵੀ ਅਮਰ ਹੋ ਗਈ। ਜਦ ਤਕ ਲੋਕ ਗੁਰੂ ਨਾਨਕ ਦਾ ਨਾਂ ਲੈਂਦੇ ਹਨ ਉਦੋਂ ਤਕ ਨਾਨਕੀ ਦਾ ਨਾਂ ਵੀ ਯਾਦ ਕਰਦੇ ਰਹਿਣਗੇ। ਅਜਿਹਾ ਮਾਣ ਕਿਸੇ ਭੈਣ ਨੂੰ ਨਾ ਮੁੜ ਹਾਸਿਲ ਹੋਇਆ ਹੈ ਤੇ ਸ਼ਾਇਦ ਨਾ ਹੀ ਕਦੇ ਹੋਵੇਗਾ।

# ਮਾਤਾ ਸੁਲੱਖਣੀ

ਸਿੱਖ ਤਵਾਰੀਖ਼ ਵਿਚ ਤੀਜੀ ਔਰਤ (ਜਿਸ ਨੂੰ ਪੱਛਮੀ ਲੋਕ 'ਫ਼ਸਟ ਲੇਡੀ' ਕਹਿਣਗੇ) ਪਿੰਡ ਪੱਖੋਕੇ ਰੰਧਾਵਾ ਦੇ ਰਹਿਣ ਵਾਲੇ ਭਾਈ ਮੂਲ ਚੰਦ ਚੌਣਾ ਦੀ ਧੀ ਮਾਤਾ ਸੁਲੱਖਣੀ ਸੀ। ਆਪ ਦਾ ਜਨਮ 12 ਅਕਤੂਬਰ 1476 ਦੇ ਦਿਨ ਹੋਇਆ ਸੀ। ਆਪ ਦਾ ਦਾ ਵਿਆਹ ਗੁਰੂ ਨਾਨਕ ਸਾਹਿਬ ਨਾਲ 24 ਸਤੰਬਰ 1487 ਦੇ ਦਿਨ ਬਟਾਲਾ ਵਿਚ ਹੋਇਆ ਸੀ। ਆਪ ਦੇ ਘਰ 10 ਅਗਸਤ 1494 ਦੇ ਦਿਨ ਸ੍ਰੀ ਚੰਦ ਅਤੇ 13 ਫਰਵਰੀ 1497 ਦੇ ਦਿਨ ਲਖਮੀ ਦਾਸ (ਦੋ ਬੇਟੇ) ਪੈਦਾ ਹੋਏ। ਸੁਲੱਖਣੀ ਨੇ ਆਪਣੀ ਜ਼ਿੰਦਗੀ ਦੇ 16-17 ਸਾਲ ਤਲਵੰਡੀ ਰਾਏ ਭੋਏ ਦੀ, ਤਿੰਨ ਸਾਲ ਸੁਲਤਾਨਪੁਰ, 14-15 ਸਾਲ ਫਿਰ ਪੱਖੋ ਕੇ ਰੰਧਾਵੇ ਅਤੇ ਆਖ਼ਰੀ 17 ਸਾਲ ਕਰਤਾਰਪੁਰ ਵਿਚ ਬਿਤਾਏ। ਉਸ ਦੀ ਮੌਤ 22 ਸਤੰਬਰ 1539 ਦੇ ਦਿਨ ਹੋਈ ਸੀ। ਭਾਵੇਂ ਗੁਰੂ ਨਾਨਕ ਸਾਹਿਬ ਦਾ ਉਦਾਸੀਆਂ ਦਾ 14 ਸਾਲ ਦਾ ਸਮਾਂ ਆਪ ਨੇ ਇਕੱਲਿਆਂ ਬਿਤਾਇਆ ਪਰ 35-36 ਸਾਲ ਉਸ ਨੂੰ ਗੁਰੂ ਨਾਨਕ ਸਾਹਿਬ ਦਾ ਨਿੱਘ ਹਾਸਿਲ ਹਇਆ ਸੀ।

ਮਾਤਾ ਸੁਲੱਖਣੀ ਯਕੀਨਨ ਇਕ ਸਬਰ ਵਾਲੀ ਔਰਤ ਸੀ ਜਿਸ ਨੇ ਆਪਣੇ ਪਤੀ ਨੂੰ ਸਾਲਾਂ ਬੱਧੀ ਉਦਾਸੀਆਂ 'ਤੇ ਜਾਣ ਤੋਂ ਨਹੀਂ ਰੋਕਿਆ; ਉਸ ਨੂੰ ਗੁਰੂ ਸਾਹਿਬ ਦਾ ਮਿਸ਼ਨ ਆਪਣੀ ਲੋੜ ਤੋਂ ਵੱਡਾ ਮਹਿਸੂਸ ਹੋਇਆ ਹੋਵੇਗਾ। ਦੂਜਾ, ਉਸ ਵਿਚ ਸੇਵਾ ਕਰਨ ਦਾ ਜਜ਼ਬਾ ਬਹੁਤ ਹੋਵੇਗਾ। ਤਲਵੰਡੀ, ਸੁਲਤਾਨਪੁਰ ਤੇ ਕਰਤਾਰਪੁਰ ਵਿਚ ਗੁਰੂ ਜੀ ਨੂੰ ਮਿਲਣ ਵਾਸਤੇ ਸੈਂਕੜੇ ਤੇ ਹਜ਼ਾਰਾਂ ਲੋਕ ਆਉਂਦੇ ਰਹਿੰਦੇ ਹੋਣਗੇ ਤੇ ਉਨ੍ਹਾਂ ਦੀ ਸੇਵਾ ਕਰ ਦੀ ਜ਼ਿੰਮੇਦਾਰੀ ਉਸ ਦੀ ਹੀ ਹੁੰਦੀ ਹੋਵੇਗੀ।

# ਮਾਤਾ ਚੰਦੋ ਰਾਣੀ

ਮਾਤਾ ਚੰਦੋ ਰਾਣੀ ਗੁਰੂ ਨਾਨਕ ਸਾਹਿਬ ਜੀ ਦੇ ਸੱਸ ਸਨ। ਇਨ੍ਹਾਂ ਦੀ ਬੇਟੀ ਸੁਲਖਣੀ ਦਾ ਵਿਆਹ ਗੁਰੂ ਨਾਨਕ ਸਾਹਿਬ ਜੀ ਨਾਲ ਹੋਇਆ ਸੀ। ਮਾਤਾ ਚੰਦੋ ਰਾਣੀ ਬਟਾਲਾ ਨਿਵਾਸੀ ਮੂਲ ਚੰਦ ਦੀ ਪਤਨੀ ਸਨ। ਉਸ ਨੇ ਆਪਣੀ ਬਹੁਤੀ ਉਮਰ ਉੱਥੇ ਜਾਂ ਪਿੰਡ ਪੱਖੋ ਕੇ ਰੰਧਾਵੇ ਵਿਚ ਹੀ ਗੁਜਾਰੀ ਸੀ। ਮਾਤਾ ਸੁਲੱਖਣੀ ਵਿਚ ਜੋ ਵੀ ਖ਼ੂਬੀਆਂ ਸਨ ਉਹ ਯਕੀਨਨ ਇਸ ਮਾਂ ਨੇ ਹੀ ਦਿੱਤੀਆਂ ਹੋਣਗੀਆਂ।

# ਦਾਈ ਦੌਲਤਾਂ

ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਵਿਚ ਪਹਿਲੀ ਔਰਤ ਮਾਂ ਸੀ ਜਿਸ ਦੇ ਉਦਰ ਵਿਚ ਉਹ ਨੌਂ ਮਹੀਨੇ ਰਹੇ ਅਤੇ ਦੂਜੀ ਔਰਤ ਦਾਈ ਦੌਲਤਾਂ ਸੀ ਜਿਸ ਨੇ ਸਭ ਤੋਂ ਪਹਿਲਾਂ ਉਨ੍ਹਾਂ ਦਾ ਚਿਹਰਾ ਵੇਖਿਆ। ਦੌਲਤਾਂ ਇਕ ਆਮ ਦਾਈ ਸੀ, ਸ਼ਾਇਦ ਮਾਹਿਰ ਹੀ ਹੋਵੇਗੀ ਆਪਣੇ ਹੁਨਰ ਵਿਚ; ਪਰ ਉਸ ਨੂੰ ਨਹੀਂ ਸੀ ਪਤਾ ਕਿ ਉਸ ਦੇ ਹੱਥੋਂ ਜਿਸ ਬੱਚੇ ਦਾ ਜਨਮ ਹੋਇਆ ਹੈ ਉਹ ਇਸ ਦੁਨੀਆਂ ਵਿਚ ਇਕ ਇਨਕਲਾਬ ਲਿਆਵੇਗਾ।

ਜਨਮਸਾਖੀਆਂ ਵਿਚ ਜ਼ਿਕਰ ਹੈ ਕਿ ਉਸ ਨੇ ਦੱਸਿਆ ਕਿ ਉਹ ਬੱਚਾ ਆਮ ਨਹੀਂ ਸੀ; ਉਹ 'ਆਮ ਬੱਚਿਆਂ ਵਾਂਗ ਰੋਇਆ ਨਹੀਂ ਬਲਕਿ ਇੰਞ ਮੁਸਕੁਰਾਇਆ ਜਿਵੇਂ ਕੋਈ ਸਤਪੁਰਖ ਕਿਸੇ ਦੂਜੇ ਨੂੰ ਮਿਲਣ ਲੱਗਿਆਂ ਖੇੜੇ ਵਿਚ ਮੁਸਕੁਰਾਉਂਦਾ ਹੈ।' ਪਰ ਇਹ ਗੱਲਾਂ ਤਾਂ ਬਾਲ ਨਾਨਕ ਬਾਰੇ ਹਨ, ਦੌਲਤਾਂ ਬਾਰੇ ਨਹੀਂ। ਦੌਲਤਾਂ ਬਾਰੇ ਹੋਰ ਵਧੇਰੇ ਕੁਝ ਲਿਖਿਆ ਨਹੀਂ ਮਿਲਦਾ ਤੇ ਸ਼ਾਇਦ ਉਸ ਨਾਲ ਸਿੱਖ ਤਵਾਰੀਖ਼ ਦੇ ਤਾਲਿਬ ਨੂੰ ਕੋਈ ਮਤਲਬ ਵੀ ਨਹੀਂ ਹੋਣਾ; ਪਰ ਇਕ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਦੌਲਤਾਂ ਬਹੁਤ ਸਮਾਂ ਜਿਊਂਦੀ ਰਹੀ ਹੋਵੇਗੀ ਤਾਂ ਉਸ ਬਹੁਤ ਮਾਣ ਮਹਿਸੂਸ ਕਰਦੀ ਰਹੀ ਹੋਵੇਗੀ ਕਿ ਦੁਨੀਆਂ ਜਿਸ ਬਾਬਾ ਨਾਨਕ ਦੇ ਪੈਰਾਂ ਦੇ ਨਿਸ਼ਾਨ ਪਿੱਛੇ ਚਲਦੀ ਹੈ, ਜੋ ਉਸ ਅੱਗੇ ਸਿਰ ਨਿਵਾਂਉਂਦੀ ਹੈ, ਉਹ ਨਾਨਕ ਉਸ ਦੇ ਹੱਥੋਂ ਹੀ ਪੈਦਾ ਹਇਆ ਸੀ ਤੇ ਉਸ ਨੂੰ ਹੀ ਸਭ ਤੋਂ ਪਹਿਲਾਂ ਉਸ ਦਾ ਦੀਦਾਰ ਹੋਇਆ ਸੀ। ਇਸੇ ਗੱਲ ਨੇ ਦੌਲਤਾਂ ਦਾਈ ਨੂੰ ਵੀ ਅਮਰ ਕਰ ਦਿੱਤਾ।

# ਮਾਤਾ ਖੀਵੀ

ਮਾਤਾ ਖੀਵੀ ਗੁਰੂ ਅੰਗਦ ਸਾਹਿਬ ਦੀ ਪਤਨੀ ਸਨ। ਆਪ ਪਿੰਡ ਸੰਘਰ ਦੇ ਭਾਈ ਦੇਵੀ ਚੰਦ ਦੀ ਬੇਟੀ ਸਨ। ਆਪ ਦਾ ਵਿਆਹ ਗੁਰੂ ਅੰਗਦ ਸਾਹਿਬ ਨਾਲ ਜਨਵਰੀ 1520 ਵਿਚ ਹੋਇਆ ਸੀ। ਆਪ ਦੇ ਘਰ ਦੋ ਪੁੱਤਰਾਂ (1524 ਵਿਚ ਦਾਸੂ ਤੇ 1537 ਵਿਚ ਦਾਤੂ) ਤੇ ਦੋ ਧੀਆਂ (1526 ਵਿਚ ਅਮਰੋ ਤੇ 1535 ਵਿਚ ਅਣੋਖੀ) ਨੇ ਜਨਮ ਲਿਆ।

ਗੁਰੂ ਅੰਗਦ ਸਾਹਿਬ 1532 ਵਿਚ ਗੁਰੂ ਨਾਨਕ ਸਾਹਿਬ ਕੋਲ ਆ ਕੇ ਰਹਿਣ ਲਗ ਪਏ ਸਨ ਤੇ ਮਾਤਾ ਖੀਵੀ ਵੀ ਉਨ੍ਹਾਂ ਕੋਲ ਆਉਂਦੇ ਰਹਿੰਦੇ ਹੋਣਗੇ। ਜਿਵੇਂ ਗੁਰੂ ਅੰਗਦ ਸਾਹਿਬ ਸੇਵਾ ਕਰਦੇ ਸਨ ਮਾਤਾ ਖੀਵੀ ਨੇ ਵੀ ਕਰਤਾਰਪੁਰ ਵਿਚ ਗੁਰੂ ਨਾਨਕ ਸਾਹਿਬ ਅਤੇ ਸਿੱਖ ਸੰਗਤਾਂ ਦੀ ਬਹੁਤ ਸੇਵਾ ਕੀਤੀ ਹੋਵੇਗੀ। ਇਸੇ ਕਰ ਕੇ ਹੀ ਉਨ੍ਹਾਂ ਬਾਰੇ ਕਵੀ ਬਲਵੰਡ ਨੇ ਲਿਖਿਆ ਹੈ:

*ਬਲਵੰਡ, ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ॥*
*ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ॥*
*ਗੁਰਸਿਖਾ ਕੇ ਮੁਖ ਉਜਲੇ, ਮਨਮੁਖ ਥੀਏ ਪਰਾਲੀ॥*
*ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ॥*
*ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ ॥3॥*

(ਗੁਰੂ ਗ੍ਰੰਥ ਸਾਹਿਬ, ਸਫ਼ਾ 967)

ਮਾਤਾ ਖੀਵੀ ਸਿੱਖ ਪੰਥ ਦੀ ਇੱਕੋ ਇਕ ਬੀਬੀ ਹੈ ਜਿਸ ਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਦੋ ਵਾਰ ਆਉਂਦਾ ਹੈ। ਪਹਿਲੀ ਲਾਈਨ ਵਿਚ ਉਨ੍ਹਾਂ ਨੂੰ ਨੇਕ ਔਰਤ ਕਿਹਾ ਹੈ ਤੇ ਪੰਜਵੀਂ ਲਾਈਨ ਵਿਚ ਗੁਰੂ ਅੰਗਦ ਸਹਿਬ ਨੂੰ ਉਨ੍ਹਾਂ (ਮਾਤਾ ਖੀਵੀ) ਦੇ ਨਾਂ ਨਾਲ ਯਾਦ ਕੀਤਾ ਹੈ।

# ਬੀਬੀ ਅਮਰੋ

ਬੀਬੀ ਅਮਰੋ ਦਾ ਜਨਮ 1526 ਵਿਚ ਗੁਰੂ ਅੰਗਦ ਸਾਹਿਬ ਤੇ ਮਾਤਾ ਖੀਵੀ ਦੇ ਘਰ ਖਡੂਰ ਵਿਚ ਹੋਇਆ ਸੀ। 1540 ਵਿਚ ਬੀਬੀ ਅਮਰੋ ਦਾ ਵਿਆਹ, ਗੁਰੂ ਅਮਰ ਦਾਸ ਸਾਹਿਬ ਦੇ ਭਰਾ ਦੇ ਪੁਤਰ ਰਾਮ ਜੀ ਮੱਲ ਨਾਲ ਹੋਇਆ।

*ਇਕ ਕਹਾਣੀ ਮੁਤਾਬਿਕ ਦਿਨ ਆਪ ਨੇ ਬੀਬੀ ਅਮਰੋ ਤੋਂ ਗੁਰੂ* ਨਾਨਕ ਸਾਹਿਬ ਦੀ ਬਾਣੀ ਦਾ ਇਕ ਸ਼ਬਦ ਸੁਣਿਆ ਜਿਸ ਨੇ ਆਪ ਦੇ ਮਨ ਨੂੰ ਬੜਾ ਟੁੰਬਿਆ। ਆਪ ਨੇ ਬੀਬੀ ਅਮਰੋ ਨਾਲ ਉਸ ਸ਼ਬਦ ਦੇ ਰਚਨਹਾਰੇ ਬਾਰੇ ਪਤਾ ਕੀਤਾ। ਬੀਬੀ ਨੇ ਦਸਿਆ ਕਿ ਉਸ ਸ਼ਬਦ ਦੇ ਰਚਨਹਾਰੇ ਤਾਂ ਇਸ ਦੁਨੀਆਂ ਵਿਚ ਨਹੀਂ ਰਹੇ ਪਰ ਉਨ੍ਹਾਂ ਦੇ ਰੂਹਾਨੀ ਵਾਰਿਸ, ਜੋ ਉਸ ਬੀਬੀ ਦੇ

*ਪਿਤਾ ਸਨ, ਖਡੂਰ ਸਾਹਿਬ ਵਿਚ ਗੁਰੂ ਸਾਹਿਬ ਦੇ ਮਿਸ਼ਨ ਨੂੰ ਚਲਾ ਰਹੇ ਸਨ। ਆਪ ਦੇ ਮਨ ਵਿਚ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਖ਼ਾਹਿਸ਼ ਪੈਦਾ ਹੋਈ।*

ਪਰ ਇਹ ਕਹਾਣੀ ਸਹੀ ਨਹੀਂ ਹੈ ਕਿਉਂ ਕਿ ਜਦ ਬੀਬੀ ਦਾ ਵਿਆਹ ਗੁਰੂ ਅਮਰ ਦਾਸ ਦੇ ਭਤੀਜੇ ਨਾਲ ਹੋਇਆ ਸੀ ਤਾਂ ਉਹ (ਗੁਰੂ ਅਮਰ ਦਾਸ) ਵੀ ਉਸ ਬਾਰਾਤ ਨਾਲ ਗਏ ਹੋਣਗੇ ਤੇ ਉਨ੍ਹਾਂ ਨੂੰ ਯਕੀਨਨ ਗੁਰੂ ਸਾਹਿਬ ਬਾਰੇ ਪਹਿਲੋਂ ਹੀ ਪਤਾ ਹੋਵੇਗਾ। ਉਂਞ ਇਹ ਕਹਾਣੀ ਇਹ ਜ਼ਰੂਰ ਸਾਬਿਤ ਕਰਦੀ ਹੈ ਕਿ ਅਮਰੋ ਨੂੰ ਗੁਰਬਾਣੀ ਪੜ੍ਹਨ ਦੀ ਲਗਨ ਸੀ ਤੇ ਬਾਸਰਕੇ ਗਿੱਲਾਂ ਵਿਚ ਆਪਣੇ ਸਹੁਰੇ ਘਰ ਵਿਚ ਉਹ ਪਾਠ ਕਦੀ ਰਹਿੰਦੀ ਹੋਵੇਗੀ।

ਬੀਬੀ ਅਮਰੋ ਦੀ ਯਾਦ ਵਿਚ ਇਕ ਗੁਰਦੁਆਰਾ ਖਡੂਰ ਵਿਚ ਉਸ ਖੂਹ, ਜਿੱਥੇ ਉਹ ਪਾਣੀ ਭਰਦ ਸਨ, ਦੀ ਜਗਹ 'ਤੇ ਬਣਿਆ ਹੋਇਆ ਹੈ।

## ਬੀਬੀ ਅਨੋਖੀ

ਬੀਬੀ ਅਨੋਖੀ ਗੁਰੂ ਅੰਗਦ ਸਾਹਿਬ ਜੀ ਅਤੇ ਮਾਤਾ ਖੀਵੀ ਦੀ ਛੋਟੀ ਬੇਟੀ ਸਨ। ਆਪ ਦਾ ਜਨਮ 1535 ਵਿਚ ਹੋਇਆ ਸੀ। ਆਪ ਦਾ ਵਿਆਹ ਸੂਰੀ ਪਰਿਵਾਰ ਵਿਚ ਹੋਇਆ ਸੀ। ਆਪ ਬਾਰੇ ਇਸ ਤੋਂ ਵਧ ਜਾਣਕਾਰੀ ਨਹੀਂ ਮਿਲਦੀ।

## ਬੀਬੀ ਭਿਰਾਈ

ਭਿਰਾਈ ਗੁਰੂ ਅੰਗਦ ਸਾਹਿਬ ਦੀ ਭੂਆ ਸੀ ਤੇ ਬਾਬਾ ਫੇਰੂ ਦੀ ਭੈਣ। ਉਹ ਖਡੂਰ ਵਾਸੀ ਭਾਈ ਮਹਿਮਾ ਖਹਿਰਾ ਨਾਲ ਵਿਆਹੀ ਹੋਈ ਸੀ। ਕਿਤੇ ਉਸ ਦਾ ਨਾਂ ਵੀਰਾਰੀ (ਸ਼ਾਇਦ 'ਵੀਰ' ਵਾਲੀ ਤੋਂ; ਉਂਞ ਭਿਰਾਈ ਵੀ 'ਭਰਾ' ਤੋਂ ਹੀ ਬਣਿਆ ਜਾਪਦਾ ਹੈ) ਤੇ ਫਿਰਾਈ (ਸ਼ਾਇਦ 'ਫੇਰੂ' ਦੀ ਭੈਣ ਤੋਂ) ਵੀ ਲਿਖਿਆ ਮਿਲਦਾ ਹੈ। ਇਕ ਰਿਵਾਇਤ ਮੁਤਾਬਿਕ ਜਦ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਗੱਦੀ ਸੌਂਪਣ ਦਾ ਐਲਾਨ ਕੀਤਾ ਤਾਂ ਉਸ ਮਗਰੋਂ ਉਹ (ਗੁਰੂ ਅੰਗਦ) ਖਡੂਰ ਵਿਚ ਆ ਕੇ ਕੁਝ ਮਹੀਨੇ ਆਪਣੀ ਭੂਆ ਕੋਲ ਰਹੇ ਸਨ ਤੇ ਗੁਰੂ ਨਾਨਕ ਸਾਹਿਬ ਦੇ ਜੋਤੀ-ਜੋਤਿ ਸਮਾਉਣ ਸਮੇਂ ਉੱਥੇ ਹੀ ਸਨ ਅਤੇ ਉੱਥੋਂ ਹੀ ਬਾਬਾ ਬੁੱਢਾ ਤੇ ਹੋਰ ਸਿੱਖ ਉਨ੍ਹਾਂ ਨੂੰ ਲੈ ਕੇ ਕਰਤਾਰਪੁਰ ਗਏ ਸਨ। ਪਰ ਇਹ ਕਹਾਣੀ ਸਹੀ ਨਹੀਂ ਜਾਪਦੀ ਕਿਉਂ ਗੁਰਗੱਦੀ ਮਿਲਣ ਤੋਂ ਪਹਿਲਾਂ ਤਾਂ ਸੱਤ ਸਾਲ ਗੁਰੂ ਅੰਗਦ ਸਾਹਿਬ ਉੱਥੇ ਰਹਿੰਦੇ ਹਨ ਪਰ ਨਾਮਜ਼ਦਗੀ ਮਗਰੋਂ ਬਾਬ ਬੁੱਢਾ ਤੇ ਹੋਰ ਸਿੱਖ ਤਾਂ ਕਰਤਾਰਪੁਰ ਰਹਿੰਦੇ ਹਨ ਪਰ ਉਹ (ਗੁਰੂ ਅੰਗਦ) ਉੱਥੋਂ ਚਲੇ ਜਾਂਦੇ ਹਨ। ਅਜਿਹਾ ਜਾਪਦਾ ਹੈ ਕਿ ਕਿਸੇ ਨੇ ਭੂਆ ਭਤੀਜੇ ਦਾ ਪਿਆਰ ਦਰਸਾਉਣ ਵਾਸਤੇ ਇਹ ਕਹਾਣੀ ਘੜ ਲਈ ਹੋਵੇ।

# ਮਾਤਾ ਬਖਤ ਕੌਰ

ਮਾਤਾ ਬਖਤ ਕੌਰ ਅਮਰ ਦਾਸ ਜੀ ਦੇ ਮਾਤਾ ਜੀ ਸਨ। ਆਪ ਜੀ ਦੇ ਪਤੀ ਦਾ ਨਾਂ (ਬਾਬਾ) ਤੇਜ ਭਾਨ {ਪੁਤਰ ਬਾਬਾ ਹਰਿ ਜੀ (1463-1501), ਤੇ ਪੋਤਰਾ ਬਾਬਾ ਵਿਸ਼ਨ ਦਾਸ (?-1500)} ਸੀ। ਆਪ ਜੀ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ: ਗੁਰੂ ਅਮਰ ਦਾਸ, ਈਸ਼ਰ ਦਾਸ (ਪਿਤਾ ਭਾਈ ਗੁਰਦਾਸ), ਖੇਮ ਰਾਏ ਤੇ ਮਾਣਕ ਚੰਦ ਜੀ। ਆਪ ਭਾਈ ਗੁਰਦਾਸ ਜੀ ਦੇ ਵੀ ਦਾਦੀ ਜੀ ਸਨ। ਗੁਰੂ ਅੰਗਦ ਸਾਹਿਬ ਜੀ ਦੀ ਬੇਟੀ ਬੀਬੀ ਅਮਰੋ ਆਪ ਜੀ ਦੀ ਪੋਤ-ਨੂੰਹ ਸਨ। ਆਪ ਜੀ ਨੂੰ ਮਾਤਾ ਲੱਖੋ, ਮਾਤਾ-ਸੁਲਖਣੀ, ਮਾਤਾ ਲਖਮੀ ਨਾਂਵਾਂ ਨਾਲ ਵੀ ਲਿਖਿਆ ਗਿਆ ਹੈ।

# ਬੀਬੀ ਭਾਨੀ (ਤੇ ਦਾਨੀ)

ਗੁਰੂ ਅਮਰ ਦਾਸ ਜੀ ਦਾ ਵਿਆਹ ਬੀਬੀ ਮਨਸਾ ਦੇਵੀ ਨਾਲ 1532 ਵਿਚ ਹੋਇਆ ਸੀ। ਆਪ ਜੀ ਦੇ ਘਰ 30 ਅਪ੍ਰੈਲ 1534 ਦੇ ਦਿਨ ਇਕ ਬੇਟੀ ਭਾਨੀ, 11 ਮਾਰਚ 1536 ਦੇ ਦਿਨ ਪੁਤਰ ਮੋਹਨ ਅਤੇ 2 ਜੂਨ 1539 ਦੇ ਦਿਨ ਦੂਜੇ ਪੁਤਰ ਮੋਹਰੀ ਨੇ ਜਨਮ ਲਿਆ।

ਭਾਈ ਸੰਤੋਖ ਸਿੰਘ ਗੁਰੂ ਅਮਰ ਦਾਸ ਸਾਹਿਬ ਦੀ ਇਕ ਬੇਟੀ ਦਾਨੀ ਦਾ ਜ਼ਿਕਰ ਵੀ ਕਰਦਾ ਹੈ ਪਰ ਪੁਰਾਣੇ ਤਵਾਰੀਖ਼ੀ ਸੋਮਿਆਂ ਵਿਚ ਕਿਸੇ ਦਾਨੀ ਦਾ ਕੋਈ ਜ਼ਿਕਰ ਨਹੀਂ ਮਿਲਦਾ।

ਬੀਬੀ ਭਾਨੀ ਦਾ ਵਿਆਹ ਗੁਰੂ ਰਾਮਦਾਸ ਸਾਹਿਬ ਨਾਲ 16 ਫ਼ਰਵਰੀ 1554 ਦੇ ਦਿਨ ਹੋਇਆ ਸੀ। ਆਪ ਜੀ ਦੇ ਘਰ 1558 ਵਿਚ ਵੱਡੇ ਪੁਤਰ ਪ੍ਰਿਥੀ ਚੰਦ ਨੇ, 1560 ਵਿਚ ਦੂਜੇ ਪੁਤਰ ਮਹਾਂਦੇਵ ਨੇ ਤੇ 15 ਅਪਰੈਲ 1563 ਦੇ ਦਿਨ (ਗੁਰੂ) ਅਰਜਨ ਸਾਹਿਬ ਨੇ ਜਨਮ ਲਿਆ।

1574 ਵਿਚ ਜੋਤੀ-ਜੋਤਿ ਸਮਾਉਣ ਵੇਲੇ ਗੁਰੂ ਅਮਰ ਦਾਸ ਸਾਹਿਬ ਨੇ ਗੁਰਗੱਦੀ ਦੀ ਸੇਵਾ ਆਪ (ਮਾਤਾ ਭਾਨੀ) ਦੇ ਪਤੀ ਗੁਰੂ ਰਾਮ ਦਾਸ ਨੂੰ ਸੌਂਪੀ। ਆਪ ਪਹਿਲੋਂ ਗੁਰੂ ਪੁੱਤਰੀ ਸਨ, ਹੁਣ ਗੁਰੂ ਪਤਨੀ ਬਣੇ ਤੇ ਫਿਰ 1581 ਵਿਚ ਗੁਰੂ ਮਾਤਾ ਬਣ ਗਏ ਜਦ ਆਪ ਦੇ ਪੁੱਤਰ ਗੁਰੂ ਅਰਜਨ ਨੂੰ ਗੁਰਗੱਦੀ ਮਿਲੀ।

ਭਾਵੇਂ ਗੁਰੂ ਅਮਰ ਦਾਸ ਸਾਹਿਬ ਨੇ 1552 ਵਿਚ ਗੁਰਗੱਦੀ ਸੰਭਾਲੀ; ਪਰ ਉਹ 1540 ਤੋਂ ਹੀ ਗੁਰੂ ਅੰਗਦ ਸਾਹਿਬ ਕੋਲ ਰਹਿਣ ਲਗ ਪਏ ਸਨ। ਇੰਞ ਬੀਬੀ ਭਾਨੀ ਨੂੰ 58 (1540 ਤੋਂ 1598 ਤਕ) ਸਾਲ ਗੁਰੂ ਘਰ ਅਤੇ

ਸੰਗਤਾਂ ਦੀ ਸੇਵਾ ਕਰਨ ਦਾ ਮਾਣ ਹਾਸਿਲ ਹੋਇਆ। ਆਪ ਦੀ ਮੌਤ 9 ਅਪਰੈਲ 1598 ਦੇ ਦਿਨ ਗੋਇੰਦਵਾਲ ਵਿਚ ਹੋਈ ਸੀ।

ਮਾਤਾ ਭਾਨੀ ਬਾਰੇ ਸੰਤੋਖ ਸਿੰਘ ਨੇ ਬਹੁਤ ਗ਼ਲਤ ਲਿਖਿਆ ਹੈ ਕਿ ਇਕ ਵਾਰ ਜਦ ਗੁਰੂ ਅਮਰ ਦਾਸ ਸਾਹਿਬ ਨਹਾ ਰਹੇ (ਜਾਂ ਭਗਤੀ ਕਰ ਰਹੇ) ਸਨ ਤਾਂ ਪੀੜ੍ਹੀ ਦਾ ਪਾਵਾ ਟੁੱਟ ਗਿਆ ਤੇ ਮਾਤਾ ਭਾਨੀ ਨੇ ਉਸ ਥੱਲੇ ਪੈਰ ਰਖ ਦਿੱਤਾ ਤਾਂ ਜੋ ਉਨ੍ਹਾਂ ਦੀ "ਸਮਾਧੀ" ਨਾ ਟੁੱਟ ਜਾਵੇ। ਇਸ ਤੋਂ ਖ਼ੁਸ਼ ਹੋ ਕੇ ਉਨ੍ਹਾਂ ਬੀਬੀ ਨੂੰ ਕਿਹਾ ਕਿ ਜੋ ਮੰਗਣਾ ਹੈ ਮੰਗ ਲੈ; ਬੀਬੀ ਨੇ ਇਹ ਮੰਗਿਆ ਕਿ ਅੱਗੋਂ ਗੁਰਗੱਦੀ ਉਸ ਦੇ ਘਰ ਹੀ ਰਹੇ। ਸੰਤੋਖ ਸਿੰਘ ਨੇ ਇੱਥੇ ਤਿੰਨ ਜ਼ਿਆਦਤੀਆਂ ਕੀਤੀਆਂ ਹਨ: 1. ਸਿੱਖ ਫ਼ਲਸਫ਼ੇ ਵਿਚ ਅਜਿਹੀ ਕੋਈ ਭਗਤੀ ਨਹੀਂ ਜਿਹੜੀ ਪੀੜ੍ਹੀ ਟੁੱਟਣ ਨਾਲ ਭੰਗ ਹੋ ਜਾਂਦੀ ਹੈ। ਹਿੰਦੂ ਕਰਮ ਕਾਂਡ ਵਿਚ ਭਾਵੇਂ ਅਜਿਹੀ ਭਗਤੀ ਹੋਵੇ 2. ਵਰ ਮੰਗਣ/ਦੇਣ ਦਾ ਫ਼ਲਸਫ਼ਾ ਸਿੱਖੀ ਦਾ ਨਹੀਂ ਹੈ। ਇਹ ਬਾਹਮਣਵਾਦੀ ਪਰਚਾਰ ਹੈ 3. ਗੁਰਗੱਦੀ ਹਰ ਇਕ ਗੁਰੂ ਨੂੰ ਉਸ ਦੇ ਗੁਣਾਂ ਕਰ ਕੇ ਮਿਲੀ ਸੀ ਨਾ ਕਿ ਖ਼ਾਨਦਾਨੀ ਜਾਂ ਭਾਨੀ ਨੂੰ ਮਿਲੇ ਵਰ ਕਾਰਨ। ਇਹ ਗੁਰਗੱਦੀ ਦੇ ਫ਼ਲਸਫ਼ੇ ਨੂੰ ਛੁਟਿਆਉਣਾ ਹੈ।

ਇਕ ਹੋਰ ਗ਼ਲਤ ਪਰਚਾਰ ਸੰਤੋਖ ਸਿੰਘ ਨੇ ਫੈਲਾਇਆ ਸੀ ਕਿ ਇਕ ਵਾਰ ਗੁਰੂ ਅਮਰ ਦਾਸ ਸਾਹਿਬ ਨੇ ਬੀਬੀ ਭਾਨੀ ਨੂੰ ਕਿਹਾ ਕਿ ਤੇਰੇ ਪਤੀ ਦੀ ਮੌਤ ਛੇਤੀ ਹੋਣ ਵਾਲੀ ਹੈ ਤਾਂ ਬੀਬੀ ਭਾਨੀ ਨੇ ਆਪਣੀ ਨੱਥ ਲਾਹ ਕੇ ਗੁਰੂ ਜੀ ਦੇ ਪੈਰਾਂ ਵਿਚ ਰੱਖ ਦਿੱਤੀ ਇਸ 'ਤੇ ਗੁਰੂ ਅਮਰ ਦਾਸ ਜੀ ਨੇ ਆਪਣੀ ਉਮਰ ਦੇ ਸੱਤ ਸਾਲ ਗੁਰੂ ਰਾਮਦਾਸ ਨੂੰ ਸੌਂਪ ਦਿੱਤੇ ਤੇ ਆਪ ਜੋਤੀ ਜੋਤਿ ਸਮਾ ਗਏ। ਇਸ ਵਿਚ ਵੀ ਸਿੱਖੀ ਸਿਧਾਂਤਾਂ ਦੇ ਉਲਟ ਪਰਚਾਰ ਕੀਤਾ ਹੋਇਆ ਹੈ: 1. ਸਿੱਖ ਧਰਮ ਵਿਚ ਨੱਥ ਪਾਉਣਾ ਮਨ੍ਹਾ ਹੈ 2. ਮੌਤ ਅਕਾਲ ਪੁਰਖ ਦੇ ਹੱਥ ਵਿਚ ਹੈ ਕੋਈ ਕਿਸੇ ਨੂੰ ਆਪਣੀ ਉਮਰ ਬਖ਼ਸ਼ ਨਹੀਂ ਸਕਦਾ। ਇਹ ਵਰ, ਕਰਾਮਾਤ ਸਿੱਖ ਵਿਰੋਧੀ ਪਰਚਾਰ ਹਨ। ਇਹੋ ਜਿਹਾ ਬਹੁਤ ਸਾਰਾ ਝੂਠ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਦੀਆਂ ਕਿਤਾਬਾਂ ਵਿਚ ਮਿਲਦਾ ਹੈ।

# ਮਾਤਾ ਦਇਆ ਕੌਰ ਸੋਢੀ

ਮਾਤਾ ਦਇਆ ਕੌਰ ਬਾਬਾ ਹਰੀ ਦਾਸ ਸੋਢੀ ਜੀ {ਪੁਤਰ ਠਾਕਰ ਦਾਸ ਤੇ ਪੋਤਰਾ ਬਾਬਾ ਗੁਰਦਿਆਲ} ਦੀ ਪਤਨੀ ਸਨ। ਇਨ੍ਹਾਂ ਦੇ ਘਰ ਪੁੱਤਰ ਜੇਠਾ (ਗੁਰੂ ਰਾਮਦਾਸ ਜੀ) 24 ਸਤੰਬਰ 1534 ਦੇ ਦਿਨ ਪੈਦਾ ਹੋਏ। ਉਦੋਂ ਇਹ ਚੂਨਾ ਮੰਡੀ, ਡੱਬੀ ਬਾਜਾਰ ਲਹੌਰ ਵਿਖੇ ਰਹਿੰਦੇ ਸਨ। (ਗੁਰੂ) ਰਾਮ ਦਾਸ ਜੀ ਅਜੇ ਸਿਰਫ਼ ਸਾਢੇ ਸੱਤ ਸਾਲ ਦੇ ਸਨ ਕਿ ਆਪ ਦੇ ਪਿਤਾ ਬਾਬਾ ਹਰੀ ਦਾਸ (1496-1542) ਚੜ੍ਹਾਈ ਕਰ ਗਏ।

ਇਸ ਮਗਰੋਂ ਮਾਤਾ ਜੀ ਆਪ ਨੂੰ ਪਿੰਡ ਬਾਸਰਕੇ (ਹੁਣ ਬਾਸਰਕੇ ਗਿੱਲਾਂ) ਲੈ ਆਏ। ਆਪ ਨੇ ਬਾਕੀ ਰਹਿੰਦੀ ਉਮਰ ਬਾਸਰਕੇ ਗਿੱਲਾਂ ਅਤੇ ਗੋਇੰਦਵਾਲ ਵਿਚ ਹੀ ਬਿਤਾਈ। ਆਪ ਦੇ ਅੰਤਲੇ ਸਮੇਂ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਪਰ ਝੂਨਾ ਜ਼ਰੂਰ ਹੈ ਕਿ ਉਹ ਬਹੁਤ ਸਬਰ ਵਾਲੀ ਔਰਤ ਹੋਣੀ ਹੈ ਜਿਸ ਨੇ ਪਤੀ ਤੋਂ ਬਿਨਾਂ ਇਕੱਲਿਆਂ ਇਕ ਬੱਚੇ ਨੂੰ ਸੰਭਾਲਿਆ, ਪਾਲਿਆ ਤੇ ਉਸ ਨੂੰ ਦੁਨਿਆਬੀ ਤੇ ਰੂਹਾਨੀ ਇਲਮ ਦਿੱਤਾ; ਚੰਗੀ ਤਾਬੀਰ ਦਿੱਤੀ, ਜੀਵਨ ਜਾਚ ਸਿਖਾਇਆ।

# ਮਾਤਾ ਰਾਮ ਦੇਈ ਤੇ ਮਾਤਾ ਗੰਗਾ

ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਸਬੰਧੀ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਜਨਮ ਬਾਬਾ ਬੁੱਢਾ ਦੇ (ਅਖੌਤੀ) ਵਰ ਨਾਲ ਹੋਇਆ ਸੀ। ਇਹ ਝੂਠੀ ਕਹਾਣੀ ਮੀਣਿਆਂ ਨੇ ਪਰਚਾਰਨੀ ਸ਼ੁਰੂ ਕੀਤੀ ਸੀ। ਇਹ ਕਹਾਣੀ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੇ ਘੜੀ ਸੀ। ਮੀਣਿਆਂ ਦਾ ਮਕਸਦ ਇਹ ਸੀ ਕਿ ਗੁਰੂ ਅਰਜਨ ਸਾਹਿਬ ਨੂੰ ਨਿਤਾਣੇ ਤੇ ਕਮਜ਼ੋਰ ਦੱਸ ਕੇ ਲੋਕਾਂ ਵਿਚ ਉਨ੍ਹਾਂ ਦਾ ਦਰਜਾ ਘਟਾਇਆ ਜਾਵੇ। ਉਨ੍ਹਾਂ ਨੇ ਬਾਬਾ ਬੁੱਢਾ ਦਾ ਨਾਂ ਵਰਤ ਕੇ ਇਹ ਹਰਕਤ ਉਵੇਂ ਹੀ ਕੀਤੀ ਸੀ ਜਿਵੇਂ ਕਿ ਹੰਦਾਲੀਆਂ/ਬਿਧੀਚੰਦੀਆਂ ਨੇ ਹੰਦਾਲ ਨੂੰ ਉੱਚਾ ਚੁਕਣ ਵਾਸਤੇ ਨਵੀਂ ਜਨਮਸਾਖੀ ਬਣਾ ਕੇ ਕੀਤੀ ਸੀ। ਹੰਦਾਲੀਆਂ ਨੇ ਵੀ ਬਾਬਾ ਬੁੱਢਾ ਵਾਂਗ ਹੰਦਾਲ ਨੂੰ ਗੁਰੂ ਨਾਨਕ ਸਾਹਿਬ ਤੋਂ ਵੱਡਾ ਪਰਚਾਰਨ ਦੀ ਕੋਸ਼ਿਸ਼ ਕੀਤੀ ਸੀ।

ਅਸਲੀਅਤ ਕੀ ਹੈ: ਗੁਰੂ ਅਰਜਨ ਸਾਹਿਬ ਅਜੇ ਛੋਟੇ ਹੀ ਸਨ ਕਿ ਆਪ ਦੇ ਨਾਨਾ ਗੁਰੂ ਅਮਰ ਦਾਸ ਸਾਹਿਬ ਆਪ ਦੀ ਕੁੜਮਾਈ ਮਊ (ਮੌ) ਪਿੰਡ (ਤਹਿਸੀਲ ਫ਼ਿਲੌਰ, ਜ਼ਿਲ੍ਹਾ ਜਲੰਧਰ) ਦੇ **ਭਾਈ ਕਿਸ਼ਨ ਚੰਦ ਸੂਰੀ ਦੀ ਬੇਟੀ ਰਾਮ ਦੇਈ** ਨਾਲ ਹੀ ਕਰ ਗਏ ਸਨ। ਪਰ ਆਪ ਦੀ ਸ਼ਾਦੀ ਦੀ ਰਸਮ 20 ਜੂਨ 1579 ਦੇ ਦਿਨ ਪੂਰੀ ਕੀਤੀ ਗਈ ਸੀ। ਪਰ ਕਈ ਸਾਲ ਆਪਣੀ ਸਿਹਤ ਖ਼ਰਾਬ ਰਹਿਣ ਕਾਰਨ ਮਾਤਾ ਰਾਮ ਦੇਈ ਬਿਸਤਰ ਨਾਲ ਹੀ ਬੱਝ ਗਏ। ਦੱਸ ਸਾਲ ਇੰਞ ਹੀ ਰਹਿਣ ਮਗਰੋਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਬਜ਼ੁਰਗ ਜਾਣ ਕੇ ਗੁਰੂ ਸਾਹਿਬ ਕੋਲ ਭੇਜਿਆ ਅਤੇ ਦੂਜਾ ਵਿਆਹ ਕਰਵਾਉਣ ਵਾਸਤੇ ਜ਼ੋਰ ਪਾਇਆ। ਪਹਿਲਾਂ ਤਾਂ ਗੁਰੂ ਸਾਹਿਬ ਨੇ ਨਾਂਹ ਕੀਤੀ ਪਰ ਬਾਬਾ ਬੁੱਢਾ ਜੀ ਦੇ ਵਾਰ-ਵਾਰ ਜ਼ੋਰ ਦੇਣ 'ਤੇ ਉਨ੍ਹਾਂ ਨੂੰ ਹਾਂ ਕਰਨੀ ਪਈ। ਕੇਸਰ ਸਿੰਘ ਛਿਬਰ (*ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਦਾ* ਵਿਚ) ਸਾਫ਼ ਲਿਖਦੇ ਹਨ ਕਿ ਗੁਰੂ ਅਰਜਨ ਸਾਹਿਬ ਦੇ ਦੂਜੇ ਵਿਆਹ ਵਿਚ ਉਨ੍ਹਾਂ ਦੀ ਪਹਿਲੀ ਪਤਨੀ (ਮਾਤਾ) ਰਾਮ ਦੇਈ ਦਾ ਵੱਡਾ ਹੱਥ ਸੀ। ਛਿਬਰ ਮੁਤਾਬਿਕ ਮਾਤਾ ਰਾਮ ਦੇਈ ਨੇ ਸਿੱਖਾਂ ਨੂੰ ਸੁਨੇਹਾ ਭੇਜਿਆ ਕਿ ਜੇ ਕੋਈ ਆਪਣੀ ਸੁਤਾ (ਧੀ) ਗੁਰੂ ਸਾਹਿਬ ਨਾਲ ਵਿਆਹੁਣੀ ਚਾਹਵੇ ਤਾਂ ਉਹ ਦੱਸ ਪਾਏ। ਲਾਹੌਰ ਵਿਚ ਰਹਿਣ ਵਾਲੇ, ਰਿਖ ਰਾਓ ਜ਼ਾਤ ਦੇ, ਭਾਈ ਸੰਗਤ ਰਾਓ ਦੀਆ ਦੋ ਬੇਟੀਆਂ ਸਨ: ਗੰਗਾ ਵੱਡੀ ਤੇ ਜਮਨਾ ਛੋਟੀ ਸੀ। ਉਸ ਨੇ ਗੁਰੂ ਸਾਹਿਬ ਨੂੰ ਦੋਹਾਂ ਦੀ ਪੇਸ਼ਕਸ਼ ਕੀਤੀ। ਗੁਰੂ ਸਾਹਿਬ ਨੇ ਵੱਡੀ ਨੂੰ ਚੁਣਿਆ:

*ਮਾਤਾ ਸਿੱਖਾਂ ਆਪਣਿਆ ਨੂੰ ਸਮਝਾਇਆ।*
*ਜੇ ਕਿਸੇ ਸਿੱਖ ਦੇ ਘਰ ਹੋਵੇ ਸੁਤਾ, ਤਾਂ ਸਾਹਿਬ ਨੂੰ ਚਾਹੇ ਦਵਾਇਆ।*

*ਲਾਹੌਰ ਵਿਚ ਖਤਰੀ ਸਿੱਖ, ਹੈਸੀ ਰਿਖ ਰਾਓ।*

*ਤਾ ਕੇ ਧਾਮ ਦੋਏ ਸੁਤਾ, ਨਾਉਂ ਸੰਗਤ ਰਾਓ।19।*

*ਤਿਸ ਕੋ ਮਾਤਾ ਕਹਿਆ ਬੁਝਾਏ।ਸੋ ਮੰਨ ਕੇ, ਡੋਲਾ ਲੈ ਪਹੁਚਾ ਆਏ।20।*

*ਇਕ ਗੰਗਾ, ਦੂਜੀ ਜਮਨਾ, ਨਾਉਂ ਦੋਹਾਂ ਭੈਣਾਂ।ਤਜੀ ਜਮਨਾ, ਗੰਗਾ ਵੱਡੀ ਨੂੰ ਕੀਤਾ ਲੈਣਾ।*

*ਸੰਮਤ ਸੋਲਾਂ ਸੈ ਛਤਾਲੀ, ਹਾੜ ਗਏ ਦਿਨ ਬਾਈ।*

*ਮਾਤਾ ਗੰਗਾ ਕਰ ਵਿਆਹ ਡੋਲੇ ਚੜ੍ਹ ਆਈ। 21।*

ਅੱਗੇ ਲੇਖਕ ਇਕ ਬੰਦ ਵਿਚ ਦੋਹਾਂ ਮਾਤਾਵਾਂ (ਰਾਮ ਦੇਈ ਤੇ ਗੰਗਾ) ਦਾ ਇਕੱਠਾ ਜ਼ਿਕਰ ਵੀ ਕਰਦਾ ਹੈ:

*ਮਾਤਾ ਰਾਮ ਦੇਈ ਤੇ ਛੋਟੀ ਮਾਤਾ ਗੰਗਾ।*

*ਹੱਥ ਜੋੜ ਬੇਨਤੀ ਕਰ ਇਨਾ ਮਿੱਠਾ ਮੇਵਾ ਮੰਗਾ। 47।*

ਇੰਵ ਗੁਰੂ ਅਰਜਨ ਸਾਹਿਬ ਦਾ ਦੂਜਾ ਵਿਆਹ 22 ਹਾੜ ਸੰਮਤ 1646 (19 ਜੂਨ 1589) ਦੇ ਦਿਨ ਭਾਈ ਸੰਗਤ ਰਾਓ ਦੀ ਬੇਟੀ (ਮਾਤਾ) ਗੰਗਾ ਨਾਲ ਹੋਇਆ (ਮਾਤਾ ਗੰਗਾ ਨੇ ਰਾਮ ਦੇਈ ਦੀ ਬਹੁਤ ਸੇਵਾ ਕੀਤੀ ਪਰ ਉਹ ਠੀਕ ਨਾ ਹੋ ਸਕੇ ਤੇ ਛੇਤੀ ਹੀ ਚੜ੍ਹਾਈ ਕਰ ਗਏ)। ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਬਾਬਾ ਬੁੱਢਾ ਦੇ ਵਰ ਨਾਲ ਹੋਣ ਦੀ (ਝੂਠੀ) ਕਹਾਣੀ ਇਸੇ ਘਟਨਾ ਵਿਚੋਂ ਘੜੀ ਗਈ ਜਾਪਦੀ ਹੈ। ਇਸ ਵਿਆਹ ਵਿਚੋਂ ਇਕ ਸਾਲ ਦੇ ਅੰਦਰ-ਅੰਦਰ ਹੀ, 19 ਜੂਨ 1590 ਦੇ ਦਿਨ (ਗੁਰੂ) ਹਰਿਗੋਬਿੰਦ ਦਾ ਜਨਮ ਹੋਇਆ ਸੀ। *(ਕੁਝ ਲੇਖਕ ਆਪ ਦਾ ਜਨਮ ੧੫੯੫ ਵਿਚ ਮੰਨਦੇ ਹਨ, ਜੋ ਸਹੀ ਨਹੀਂ ਹੈ)।*

ਇਹ ਕਹਿਣਾ ਕਿ ਗੁਰੂ ਅਰਜਨ ਸਾਹਿਬ ਬਾਬਾ ਬੁੱਢਾ ਨੂੰ (ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਦਾ 'ਵਰ' ਦੇਣ ਦਾ) 'ਮਾਣ ਦੇਣਾ' ਚਾਹੁੰਦੇ ਸਨ ਦਾ ਮਤਲਬ ਇਹ ਨਿਕਲਦਾ ਹੈ ਕਿ ਗੁਰੂ ਅਰਜਨ ਸਾਹਿਬ ਆਪ ਗੁਰਬਾਣੀ 'ਤੇ ਯਕੀਨ ਨਹੀਂ ਕਰਦੇ ਸਨ ਤੇ ਬਾਬਾ ਬੁੱਢਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਉਲਟ 'ਵਰ ਦੇਣ ਵਾਲਾ' ਸਾਬਿਤ ਕਰਨਾ ਚਾਹੁੰਦੇ ਸਨ। ਇਸ ਕਹਾਣੀ ਮੁਤਾਬਿਕ ਤਾਂ ਗੁਰੂ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਉਲਟ ਕਾਰਵਾਈ ਕਰਦਾ ਦੱਸਿਆ ਗਿਆ ਹੈ। (ਸੁਣਨ ਨੂੰ ਸੁਹਣੀਆਂ ਜਾਪਣ ਵਾਲੀਆਂ, ਪਰ ਗੁਰੂ-ਨਿੰਦਾ ਦੀਆਂ ਤੇ ਗੁਰਬਾਣੀ-ਵਿਰੋਧੀ, ਇਹੋ ਜਿਹੀਆਂ ਬਹੁਤ ਕਹਾਣੀਆਂ, ਬ੍ਰਾਹਮਣ ਕਿਸਮ ਦੇ ਲੇਖਕਾਂ ਨੇ ਘੜੀਆਂ ਹੋਈਆਂ ਹਨ)।

ਮਾਤਾ ਰਾਮ ਦੇਈ ਦੀ ਮੌਤ 1589 ਵਿਚ ਹੋਈ ਅਤੇ ਮਾਤਾ ਗੰਗਾ ਦੀ ਮੌਤ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ 15 ਸਾਲ ਮਗਰੋਂ 14 ਮਈ 1621 ਦੇ ਦਿਨ ਬਕਾਲਾ (ਹੁਣ ਬਾਬਾ ਬਕਾਲਾ) ਵਿਚ ਹੋਈ ਸੀ। ਮਾਤਾ ਗੰਗਾ ਜੀ ਦੀ ਖ਼ਾਹਿਸ਼ ਮੁਤਾਬਿਕ ਉਨ੍ਹਾਂ ਦੀ ਦੇਹ ਦਾ ਸਸਕਾਰ ਨਹੀਂ ਸੀ ਕੀਤਾ ਬਲਕਿ ਦੇਹ ਨੂੰ ਦਰਿਆ ਬੁਰਦ ਕੀਤਾ ਗਿਆ ਸੀ

# ਮਾਤਾ ਦਮੋਦਰੀ

ਮਾਤਾ ਦਮੋਦਰੀ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਿਲ (ਪਤਨੀ) ਸਨ। ਇਨ੍ਹਾਂ ਦਾ ਜਨਮ ਭਾਈ ਨਰਾਇਣ ਦਾਸ ਜੁਲਕੇ (ਸੂਹੜੀ) ਦੇ ਘਰ ਮਾਤਾ ਭਾਗਭਰੀ ਦੀ ਕੁਖੋਂ ਪਿੰਡ ਡੱਲਾ (ਜ਼ਿਲ੍ਹਾ ਕਪੂਰਥਲਾ) ਵਿਖੇ ਹੋਇਆ ਸੀ। ਇਹ ਪਰਿਵਾਰ ਗੁਰੂ ਨਾਨਕ ਸਾਹਿਬ ਜੀ (ਦੇ ਵੇਲੇ) ਤੋਂ ਗੁਰੂ ਦਰਬਾਰ ਦਾ ਹਿੱਸਾ ਸੀ। ਡੱਲ ਪਿੰਡ ਦੇ ਜੁਲਕਿਰਆਂ ਦੇ ਭਗਤੀ ਭਾਵ ਕਰਕੇ ਹੀ ਯਾਰਵੀਂ ਵਾਰ ਵਿਚ ਜਦੋਂ ਪਹਿਲੀ ਤੋਂ ਛੇਵੀਂ ਪਾਤਸ਼ਾਹੀ ਤਕ ਗੁਰੂ ਘਰ ਨੂੰ ਸਮਰਪਿਤ ਗੁਰਸਿੱਖਾਂ ਦੀ ਨਾਮਾਵਲੀ ਲਿਖਦੇ ਹਨ ਤਾਂ ਡੱਲੇ ਦੇ ਸਿੱਖਾਂ ਨੂੰ ਪਰਮਹੰਸਾਂ ਨਾਲ ਤੁਲਨਾ ਕਰਦੇ ਹਨ। ਇਸ ਪਰਮ ਹੰਸਾਂ ਦੀ ਧਰਤੀ ਤੇ ਪੈਦਾ ਹੋਈ ਬੀਬੀ ਦਮੋਦਰੀ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ 23 ਅਗਸਤ 1603 (23 ਭਾਦਰੋਂ 1661 ਬਿਕਰਮੀ) ਦੇ ਦਿਨ ਹੋਇਆ ਸੀ। ਆਪ ਜੀ ਦੀ ਕੁਖੋਂ ਬਾਬਾ ਗੁਰਦਿੱਤਾ (8 ਕਤਕ 1665 ਬਿਕਰਮੀ, ਅਗਸਤ 1608) ਤੇ ਬੀਬੀ ਅਣੀ ਰਾਇ (23 ਕਤਕ 1680 ਬਿਕਰਮੀ, 24 ਅਕਤੂਬਰ 1626) ਪੈਦਾ ਹੋਏ।

ਬੀਬੀ ਦਮੋਦਰੀ ਜੀ ਵਧੇਰੇ ਸਮਾਂ ਅੰਮ੍ਰਿਤਸਰ ਤੇ ਕਰਤਾਰਪੁਰ ਰਹੇ। ਬੀਬੀ ਦਮੋਦਰੀ ਦਾ ਆਪਣੀ ਵੱਡੀ ਭੈਣ ਬੀਬੀ ਰਾਮੋ (ਪਤਨੀ ਭਾਈ ਸਾਂਈ ਦਾਸ) ਨਾਲ ਬਹੁਤ ਪਿਆਰ ਸੀ ਤੇ ਉਹ ਅਕਸਰ ਡਰੌਲੀ ਜਾ ਕੇ ਰਹਿੰਦੇ ਹੁੰਦੇ ਸਨ। 1631 ਵਿਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਡਰੌਲੀ ਭਾਈ ਵਿਖੇ ਆਪਣੀ ਸਾਲੀ ਤੇ ਸਾਂਢੂ ਪਾਸ ਆ ਕੇ ਰਹੇ। ਇਥੇ ਹੀ ਮਾਤਾ ਦਮੋਦਰੀ ਜੀ ਬਿਮਾਰ ਹੋ ਗਏ ਤੇ ਜੁਲਾਈ 1631 ਵਿਚ ਚੜ੍ਹਾਈ ਕਰ ਗਏ।

# ਮਾਤਾ ਨਾਨਕੀ

ਮਾਤਾ ਨਾਨਕੀ ਜੀ ਦਾ ਜਨਮ ਭਾਈ ਹਰੀ ਚੰਦ ਲਾਂਬਾ ਦੇ ਘਰ ਮਾਤਾ ਹਰਦੇਈ ਦੇ ਕੁਖੋਂ ਬਕਾਲਾ (ਹੁਣ ਬਾਬਾ ਬਕਾਲਾ) ਵਿਖੇ ਹੋਇਆ। ਇਨ੍ਹਾਂ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ 28 ਮਾਰਚ 1620 (ਪਹਿਲੀ ਵਿਸਾਖ 1677 ਬਿਕਰਮੀ) ਨੂੰ ਹੋਇਆ। ਇਨ੍ਹਾਂ ਦੀ ਕੁਖੋਂ 19 ਮੱਘਰ 1678 ਬਿਕਰਮੀ, ਯਾਨਿ 18 ਅਕਤੂਬਰ 1621 (ਇਕ ਸੋਮਾ ਇਹ ਤਾਰੀਖ਼ ਪਹਿਲੀ ਅਪਰੈਲ ਵੀ ਲਿਖਦਾ ਹੈ ਜੋ ਸਹੀ ਨਹੀਂ ਹੈ) ਨੂੰ (ਗੁਰੂ) ਤੇਗ ਬਹਾਦਰ ਸਾਹਿਬ ਜੀ ਦਾ ਜਨਮ ਗੁਰਦੁਆਰਾ 'ਗੁਰੂ ਮਹਿਲਾਂ', ਅੰਮ੍ਰਿਤਸਰ ਵਿਖੇ ਹੋਇਆ। ਆਪ ਨੇ ਇਕ ਬੇਟੀ ਵੀਰੋ (11 ਸਾਵਣ 1683 ਬਿਕਰਮੀ, 11 ਜੁਲਾਈ 1626) ਨੂੰ ਵੀ ਜਨਮ ਦਿੱਤਾ। ਮਾਤਾ ਨਾਨਕੀ ਜੀ ਕਾਫੀ ਸਮਾਂ ਅੰਮ੍ਰਿਤਸਰ ਰਹੇ ਫਿਰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕਰਤਾਰਪੁਰ ਤੇ ਕੀਰਤਪੁਰ ਤੋਂ ਬਾਅਦ ਵਿਚ ਬਕਾਲਾ ਵਿਚ ਰਹੇ।

ਜੂਨ 1656 ਈ ਨੂੰ ਗੁਰੂ ਤੇਗ ਬਹਾਦਰ ਜੀ ਸਿੱਖੀ ਦੇ ਪ੍ਰਚਾਰ ਲਈ ਜਦੋਂ ਲੰਮੀ ਯਾਤਰਾ ਤੇ ਗਏ ਤਾਂ ਮਾਤਾ ਨਾਨਕੀ ਜੀ ਵੀ ਉਨ੍ਹਾਂ ਦੇ ਨਾਲ ਗਏ। ਵਾਪਸ ਕੀਰਤਪੁਰ ਯਾਤਰਾ ਪੂਜ ਕੇ ਗੁਰੂ ਤੇਗ ਬਹਾਦਰ ਜੀ ਮਈ 1665 ਵਿਵ ਬਿਲਾਸਪੁਰ ਰਾਜੇ ਦੀਪ ਚੰਦ ਦੇ ਭੋਗ ਤੇ ਗਏ ਤਾਂ ਉਸ ਵੇਲੇ ਵੀ ਮਾਤਾ ਜੀ ਗੁਰੂ ਜੀ ਦੇ ਨਾਲ ਬਿਲਾਸਪੁਰ ਗਏ। ਇਸ ਮੌਕੇ ਰਾਣੀ ਦੀਪਾ ਵਿਧਵਾ ਰਾਜਾ ਦੀਪ ਚੰਦ ਨੂੰ ਪਤਾ ਲਗਾ ਕਿ ਗੁਰੂ ਤੇਗ ਬਹਾਦਰ ਸਾਹਿਬ ਕੀਰਤਪੁਰ ਨੂੰ ਛਡ ਕੇ ਧਮਤਾਲ ਬਾਰੇ ਵਿਚਾਰ ਕਰ ਰਹੇ ਹਨ ਤਾਂ ਰਾਣੀ ਦੀਪਾ ਨੇ ਮਾਤਾ ਨਾਨਕੀ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਗੁਰੂ ਜੀ ਨੂੰ ਕਹੋ ਕਿ ਉਹ ਕੀਰਤਪੁਰ ਛੱਡ ਕੇ ਨਾ ਜਾਣ। ਉਹ ਚਾਹੁਣ ਤਾਂ ਜਿਹੜੀ ਮਰਜੀ ਜ਼ਮੀਨ ਆਪਣੇ ਵਾਸਤੇ ਚੁਣ ਲੈਣ। ਮਾਤਾ ਨਾਨਕੀ ਦੇ ਕਹਿਣ ਤੇ ਗੁਰੂ ਸਾਹਿਬ ਮੰਨ ਗਏ ਤੇ ਗੁਰੂ ਜੀ ਨੇ 19 ਜੂਨ 1965 ਨੂੰ ਭਾਈ ਗੁਰਦਿਤਾ ਰੰਧਾਵਾ (ਬਾਬਾ ਬੁੱਢਾ ਜੀ ਦੀ ਚੌਥੀ ਵੰਸ਼) ਨੂੰ ਪਿੰਡ ਦੀ ਨੀਂਹ ਰਖਣ ਲਈ ਬੇਨਤੀ ਕੀਤੀ। ਉਸ ਵੇਲੇ ਨਵਾਂ ਪਿੰਡ 'ਚੱਕ ਨਾਨਕੀ' ਬੰਨ੍ਹਿਆ ਗਿਆ, ਜੋ ਹੁਣ ਅਨੰਦਪੁਰ ਦਾ ਹਿੱਸਾ ਹੈ।

ਕੁਝ ਸਮੇਂ ਬਾਅਦ ਮਾਤਾ ਨਾਨਕੀ ਜੀ ਆਪਣੀ ਨੂੰਹ ਮਾਤਾ ਗੁਜਰੀ ਪੋਤਰਾ ਗੋਬਿੰਦ ਦਾਸ (ਗੁਰੂ ਗੋਬਿੰਦ ਸਿੰਘ ਜੀ) ਤੇ ਜਠਾਣੀ ਮਾਤਾ ਹਰੀ ਜੀ ਪਤਨੀ ਬਾਬਾ ਸੂਰਜ ਮਲ ਨਾਲ ਫਿਰ ਬਿਲਾਸਪੁਰ ਰਾਣੀ ਚੰਪਾ ਨੂੰ ਮਿਲਣ ਗਏ। ਰਾਣੀ ਚੰਪਾ ਦੀ ਖ਼ੁਸ਼ੀ ਦਾ ਕੋਈ ਅੰਤ ਨਾ ਰਿਹਾ। ਸਾਰੇ ਤਿੰਨ ਦਿਨ ਬਿਲਾਸਪੁਰ ਰਹੇ ਤੇ ਫਿਰ ਵਾਪਸ ਕੀਰਤਪੁਰ ਆ ਗਏ। ਕੀਰਤਪੁਰ ਵਿਖੇ ਹੀ ਮਾਤਾ ਨਾਨਕੀ ਜੀ 1678 ਵਿਚ ਚਲਾਣਾ ਕਰ ਗਏ।

# ਮਾਤਾ ਮਹਾਂਦੇਵੀ

ਮਾਤਾ ਮਹਾਂ ਦੇਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤੀਜੀ ਪਤਨੀ ਸਨ। ਆਪ ਦਾ ਜਨਮ ਭਾਈ ਦਇਆ ਰਾਮ ਮਰਵਾਹਾ ਤੇ ਮਾਤਾ ਭਾਗਾਂ ਜੋ ਪਿੰਡ ਮੰਡਿਆਲੀ ਦੇ ਨਿਵਾਸੀ ਸਨ, ਦੇ ਘਰ ਹੋਇਆ ਸੀ। ਆਪ ਦਾ ਵਿਆਹ ਗੁਰੂ ਗੋਬਿੰਦ ਸਾਹਿਬ ਜੀ ਨਾਲ 10 ਜੁਲਾਈ 1620 (11 ਸਾਵਣ 1677 ਬਿਕਰਮੀ) ਦੇ ਦਿਨ ਹੋਇਆ। ਇਨ੍ਹਾਂ ਦੀ ਕੁਖੋਂ ਸੂਰਜਮਲ (5 ਅੱਸੂ 1680 ਬਿਕਰਮੀ, ਯਾਨਿ 5 ਸਤੰਬਰ 1623 ਨੂੰ) ਅਤੇ ਅਟਲ ਰਾਇ (11 ਫੱਗਣ 1682 ਬਿਕਰਮੀ, ਯਾਨਿ 6 ਫ਼ਰਵਰੀ 1626 ਬਿਕਰਮੀ ਨੂੰ) ਪੈਦਾ ਹੋਏ। ਇਹ 1645 ਵਿਚ ਕੀਰਤਪੁਰ ਸਾਹਿਬ ਵਿਖੇ ਅਕਾਲ ਚਲਾਣਾ ਕਰ ਗਏ। ਆਪ ਦੇ ਪਿਤਾ ਮਰਵਾਹਾ ਬਰਾਦਰੀ ਵਿਚੋਂ ਸਨ ਇਸ ਕਰ ਕੇ ਆਪ ਨੂੰ 'ਮਰਵਾਹੀ' ਨਾਂ ਨਾਲ ਵੀ ਬੁਲਾਇਆ ਜਾਂਦਾ ਸੀ।

# ਮਾਤਾ ਕੌਲਾਂ

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਕ ਮੁਸਲਮਾਨ ਬੀਬੀ ਨੇ ਗੁਰੂ ਦਰਬਾਰ ਵਿਚ ਪਨਾਹ ਲਈ ਹੋਈ ਸੀ। ਇਕ ਰਿਵਾਇਤ ਮੁਤਾਬਿਕ ਇਹ ਕਿਸੇ ਹਿੰਦੂ ਪਿਤਾ ਦੀ ਬੱਚੀ ਸੀ ਜਿਸ ਨੂੰ ਮੁਜੰਗ (ਲਾਹੌਰ ਦੇ ਨਾਲ ਦਾ ਇਲਾਕਾ ਜੋ ਹੁਣ ਲਾਹੌਰ ਦਾ ਇਕ ਹਿੱਸਾ ਹੀ ਹੈ) ਇਕ ਕਾਜ਼ੀ ਨੇ ਖਰੀਦ ਕੇ ਪਾਲ ਕੇ ਵੱਡਾ ਕੀਤਾ ਸੀ। ਉਸ ਨੇ ਇਸ ਨੂੰ ਧੀ ਵਜੋਂ ਪਾਲਿਆ ਸੀ ਜਾਂ ਗ਼ੁਲਾਮ ਵਜੋਂ ਰੱਖਿਆ ਸੀ ਤਾਂ ਜੋ ਵੱਡੀ ਹੋਣ 'ਤੇ ਵੇਸਵਾ ਬਣਾਇਆ ਜਾਵੇ, ਇਸ ਦਾ ਪਤਾ ਨਹੀਂ ਲਗਦਾ। ਇਕ ਹੋਰ ਚਰਚਾ ਮੁਤਾਬਿਕ ਜਦ ਗੁਰੂ ਹਰਿਗੋਬਿੰਦ ਸਾਹਿਬ 1620-21 ਵਿਚ ਲਾਹੌਰ ਗਏ ਸਨ ਤਾਂ ਇਸ ਬੀਬੀ ਨੇ ਉਨ੍ਹਾਂ ਦੀ ਕਥਾ ਸੁਣੀ ਸੀ ਜਿਸ ਨਾਲ ਉਸ ਦੇ ਮਨ ਵਿਚ ਸਿੱਖੀ ਅਪਣਾਉਣ ਦੀ ਖ਼ਾਹਿਸ਼ ਪੈਦਾ ਹੋ ਗਈ ਪਰ ਉਸ ਦੇਮਾਪਿਆਂ ਨੇ ਉਸ ਨੂੰ ਕਿੱਥੇ ਇਜਾਜ਼ਤ ਦੇਣੀ ਸੀ ਇਸ ਕਰ ਕੇ ਉਹ ਸਾਂਈਂ ਮੀਆਂ ਮੀਰ ਕੋਲ ਗਈ ਤੇ ਉਹ ਇਸ ਨੂੰ ਗੁਰੂ ਹਰਗੋਬਿੰਦ ਸਾਹਿਬ ਦੇ ਹਵਾਲੇ ਕਰ ਕੇ ਆਏ ਸਨ। ਬੀਬੀ ਕੌਲਾਂ 13 ਜੇਠ 1678 ਬਿਕਰਮੀ (10 ਮਈ 1621) ਦੇ ਦਿਨ ਗੁਰੂ ਸਾਹਿਬ ਕੋਲ ਆਈ ਸੀ।

ਬੀਬੀ ਕੌਲਾਂ ਕੁਝ ਚਿਰ ਗੁਰੂ-ਦਾ-ਚੱਕ (ਅੰਮ੍ਰਿਤਸਰ) ਵਿਚ ਰਹੀ। ਉਸ ਨੂੰ ਗੁਰੂ ਸਾਹਿਬ ਨੇ ਮੌਜੂਦਾ ਕੌਲਸਰ ਵਾਲੀ ਜਗਹ 'ਤੇ ਬਣੇ ਇਕ ਘਰ ਵਿਚ ਜਗਹ ਦਿੱਤੀ ਸੀ (ਮਗਰੋਂ ਇਸ ਥਾਂ 'ਤੇ ਬਣਾਏ ਗਏ ਸਰੋਵਰ ਦਾ ਨਾਂ 'ਮਾਤਾ ਕੌਲਾਂ ਵਾਲਾ ਸਰੋਵਰ' ਬਣ ਗਿਆ ਤੇ ਹੁਣ ਇਸ ਨੂੰ ਕੌਲਸਰ ਕਿਹਾ ਜਾਂਦਾ ਹੈ)। ਬੀਬੀ ਕੌਲਾਂ ਦਾ ਆਖ਼ਰੀ ਸਮਾਂ ਕਰਤਾਰਪੁਰ (ਜਲੰਧਰ) ਵਿਚ ਬੀਤਿਆ ਸੀ ਤੇ ਉਸ ਦੀ ਸਮਾਧ ਵੀ ਉਸ ਥਾਂ 'ਤੇ ਬਣੀ ਹੋਈ ਹੈ। ਕੌਲਾਂ ਦੀ ਮੌਤ 1627 ਵਿਚ ਹੋਈ ਸੀ। ਉਦੋਂ ਉਸ ਦੀ ਉਮਰ 26-27 ਸਾਲ ਦੱਸੀ ਜਾਂਦੀ ਹੈ।

ਗੁਰਬਿਲਾਸ ਪਾਤਸਾਹੀ ਛੇਵੀਂ ਦੇ ਲੇਖਕ ਅਤੇ ਸੰਤੋਖ ਸਿੰਘ ਨੇ ਮਾਤਾ ਕੌਲਾਂ ਦੇ ਸਬੰਧ ਵਿਚ ਗੁਰੂ ਸਾਹਿਬ ਦੀ ਬਹੁਤ ਬੇਅਦਬੀ ਕੀਤੀ ਹੈ; ਇਨ੍ਹਾਂ ਨੇ ਇੱਥੋਂ ਤਕ ਲਿਖਿਆ ਕਿ ਮਾਤਾ ਗੰਗਾ ਨੇ ਆਪਣੇ ਪੁੱਤਰ ਗੁਰੂ ਹਰਿਗੋਬਿੰਦ ਨੂੰ ਝਿੜਕਿਆ ਕਿ ਉਹ ਮੁਸਲਮਾਨੀ ਦਾ ਡੋਲਾ ਕੱਢ ਲਿਆਇਆ ਹੈ। ਇਨ੍ਹਾਂ ਦੋਹਾਂ ਲੇਖਕਾਂ ਨੇ ਗੁਰੂ ਸਾਹਿਬਾਨ ਦੀ ਹੋਰ ਕਈ ਮੁਖੀ ਸਿੱਖਾਂ ਵੀ ਬੇਅਦਬੀ ਕੀਤੀ ਹੋਈ ਹੈ।

# ਬੀਬੀ ਵੀਰੋ

ਬੀਬੀ ਵੀਰੋ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਦੀ ਬੇਟੀ ਸਨ। ਆਪ ਦਾ ਜਨਮ 11 ਸਾਵਣ 1683 ਬਿਕਰਮੀ, ਯਾਨਿ 11 ਜੁਲਾਈ 1626, ਨੂੰ ਹੋਇਆ ਸੀ। ਆਪ ਦਾ ਵਿਆਹ 16 ਅਪਰੈਲ 1634 ਦੇ ਦਿਨ, ਮੱਲ੍ਹਾ ਪਿੰਡ (ਜਗਰਾਓਂ ਨੇੜੇ) ਦੇ ਭਾਈ ਸਾਧੂ ਰਾਮ ਪੁੱਤਰ ਭਾਈ ਧਰਮਾ ਖੋਸਲਾ ਨਾਲ, ਝਬਾਲ ਵਿਚ ਹੋਇਆ ਸੀ (ਬੀਬੀ ਵੀਰੋ ਦੇ ਵਿਆਹ ਤੋਂ ਇਕ ਦਿਨ ਪਹਿਲਾਂ ਮੁਗ਼ਲ ਫ਼ੌਜ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਭਾਈ ਬਾਬਕ ਰਬਾਬੀ, ਸਿੰਘਾ ਪੁਰੋਹਤ ਅਤੇ ਕੁਝ ਸਿੱਖਾਂ ਨੇ ਬੀਬੀ ਵੀਰੋ ਅਤੇ ਪਰਵਾਰ ਨੂੰ ਮਹਿਫ਼ੂਜ਼ ਝਬਾਲ ਪਹੁੰਚਾ ਦਿਤਾ ਤੇ ਬਾਕੀਆਂ ਨੇ ਜੰਗ ਕਰ ਕੇ ਮੁਗ਼ਲ ਫ਼ੌਜੀਆਂ ਨੂੰ ਭਜਾਇਆ। ਇਸ ਕਰ ਕੇ ਇਹ ਵਿਆਹ ਝਬਾਲ ਵਿਚ ਕੀਤਾ ਗਿਆ। ਬੀਬੀ ਵੀਰੋ ਦੇ ਘਰ ਪੰਜ ਪੁੱਤਰ ਹੋਏ: ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਅਤੇ ਮਾਹਰੀ ਚੰਦ।

ਗੁਰੂ ਤੇਗ਼ ਬਹਾਦਰ ਸਾਹਿਬ ਦਾ ਆਪਣੀ ਭੈਣ ਨਾਲ ਬਹੁਤ ਪਿਆਰ ਸੀ ਇਸ ਕਰ ਕੇ ਉਹ ਜਦ ਵੀ ਦਿੱਲੀ ਤੋਂ ਪੰਜਾਬ ਆਉਂਦੇ ਸਨ ਤਾਂ ਜਰਨੈਲੀ ਸੜਕ ਦੀ ਬਜਾਇ ਮੱਲ੍ਹਾ ਪਿੰਡ ਤੋਂ ਹੋ ਕੇ ਆਉਂਦੇ ਸਨ। ਮਾਰਚ 1664 ਵਿਚ ਗੁਰੂ ਜੀ ਦੇ ਮਲ੍ਹਾ ਜਾਣ ਦਾ ਜ਼ਿਕਰ ਭੱਟ ਵਹੀਆਂ ਵਿਚ ਵੀ ਮਿਲਦਾ ਹੈ। ਬੀਬੀ ਵੀਰੋ ਦੇ ਪਤੀ ਭਾਈ ਸਾਧੂ ਦਾ ਵੀ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਬਹੁਤ ਪਿਆਰ ਸੀ। ਜੂਨ 1656 ਵਿਚ ਜਦ ਗੁਰੂ ਜੀ ਅਸਾਮ, ਬਿਹਾਰ, ਬੰਗਾਲ ਦੇ ਪਰਚਾਰ ਦੌਰੇ 'ਤੇ ਗਏ ਤਾਂ ਆਪ ਵੀ ਗੁਰੂ ਜੀ ਦੇ ਨਾਲ ਸਨ। ਇਸ ਸਬੰਧੀ ਇਕ ਇੰਦਰਾਜ **ਭੱਟ ਵਹੀ ਤਲਾਉਂਡਾ**, ਪਰਗਣਾ ਜੀਂਦ ਵਿਚ ਇੰਵ ਮਿਲਦਾ ਹੈ:

*"ਗੁਰੂ ਤੇਗ਼ ਬਹਾਦਰ ਜੀ, ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਕਾ, ਸੋਢੀ ਖਤਰੀ, ਬਾਸੀ ਕੀਰਤਪੁਰ, ਪਰਗਣਾ ਕਹਿਲੂਰ, ਸੰਮਤ ਸਤਰਾਂ ਸੈ ਤੇਰਾਂ, ਅਸਾੜ੍ਹ ਪ੍ਰਵਿਸ਼ਟੇ ਗਿਆਰਾਂ, ਤੀਰਥ ਯਾਤਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਈ, ਇਸਤਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਨੇਤੀ ਜੀ ਆਈ ਇਸਤਰੀ ਗੁਰੂ ਗੁਰਦਿਤਾ ਜੀ ਕੀ, ਮਾਤਾ ਹਰੀ ਜੀ ਆਈ ਇਸਤਰੀ ਗੁਰੂ ਸੂਰਜ ਮੱਲ ਜੀ ਕੀ, ਬਾਵਾ ਬਾਲੂ ਹਸਨਾ ਤੇ ਬਾਵਾ ਅਲਮਸਤ ਜੀ ਆਏ, ਚੇਲੇ ਗੁਰੂ ਗੁਰਦਿਤਾ ਜੀ ਕੇ, ਮਾਤਾ ਗੁਜਰੀ ਜੀ ਆਈ ਇਸਤਰੀ ਗੁਰੂ ਤੇਗ਼ ਬਹਾਦਰ ਜੀ ਕੀ, ਕ੍ਰਿਪਾਲ ਚੰਦ ਆਇਆ ਬੇਟਾ ਬਾਬਾ ਲਾਲ ਚੰਦ ਸੁਭਿੱਖੀ ਕਾ, ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾ ਦਾਸ ਛਿਬਰ ਬ੍ਰਾਹਮਣ ਕਾ,* ***ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ****, ਦੁਰਗਾ ਦਾਸ ਆਇਆ ਬੇਟਾ ਮੂਲ ਚੰਦ ਜਲਾਹਨੇ ਪੁਆਰ ਕਾ, ਦਿਆਲ ਦਾਸ ਆਇਆ ਬੇਟਾ ਮਾਈ ਦਾਸ ਪੁਆਰ ਬਲਉਂਤ ਕਾ, ਚਉਪਤਿ ਰਾਇ ਆਇਆ ਬੇਟਾ ਪੈਰਾ ਰਾਮ ਛਿਬਰ ਕਾ। ਹੋਰ ਸਿਖ ਫ਼ਕੀਰ ਆਏ।"*

(ਨੋਟ "ਭੱਟ ਵਹੀਆਂ" ਵਿਚ ਗੁਰੂ ਸਾਹਿਬਾਨ ਦੇ ਪਰਵਾਰ ਦੇ ਹਰ ਮੈਂਬਰ ਨਾਲ 'ਗੁਰੂ' ਲਿਖਦੇ ਸਨ)।

ਆਪ ਦੇ ਦੋ ਬੇਟੇ, ਸੰਗੋ ਮੱਲ ਅਤੇ ਜੀਤ ਮੱਲ, ਭੰਗਾਣੀ ਦੀ ਜੰਗ ਵਿਚ 18 ਸਤੰਬਰ 1688 ਦੇ ਦਿਨ ਸ਼ਹੀਦ ਹੋਏ ਸਨ। ਇਸ ਸਬੰਧੀ **ਭੱਟ ਵਹੀ ਮੁਲਤਾਨੀ ਸਿੰਧੀ** ਵਿਚ ਇਸ ਦਾ ਜ਼ਿਕਰ ਇੰਞ ਮਿਲਦਾ ਹੈ:

*"ਊਦੀਆ ਬੇਟਾ ਖੇਮੇ ਚੰਦਨੀਏ ਕਾ, ਰਮਾਨਾਂ, ਗੁਰੂ ਕੀ ਬੂਆ ਕੇ ਬੇਟੇ ਸੰਗੋ ਸ਼ਾਹ, ਜੀਤ ਮੱਲ ਬੇਟੇ ਸਾਧੂ ਕੇ ਪੋਤੇ ਧਰਮੇ ਖੋਸਲੇ ਖਤਰੀ ਕੇ ਗੈਲ ਰਨ ਭੂਮੀ ਮੇਂ ਆਏ। ਸਾਲ ਸਤਰਾਂ ਸੈ ਪੈਂਤਾਲੀਸ ਅਸੁਜ ਪ੍ਰਵਿਸ਼ਟੇ ਅਠਾਰਾਂ, ਭੰਗਾਣੀ ਕੇ ਮਲ੍ਹਾਨ ਜਮਨਾ ਗਿਰੀ ਕੇ ਮਧਿਆਨ, ਰਾਜ ਨਾਹਨ, ਏਕ ਘਰੀ ਦਿਹੁੰ ਖਲੇ ਜੂਝੰਤੇ ਸੂਰਿਓਂ ਗੈਲ ਸਾਮ੍ਹੇਂ ਮਾਥੇ ਜੂਝ ਕਰ ਮਰਾ, ਗੈਲੋਂ ਹਠੀ ਚੰਦ ਬੇਟਾ ਮਾਈ ਦਾਸ ਕਾ....ਜਲ੍ਹਾਨਾ ਬਲਉਂਤ ਮਾਰਾ ਗਿਆ।"*

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਰਮਾਨਿਓਂ ਕਾ)

# ਮਾਤਾ ਅਨੰਤੀ

ਮਾਤਾ ਅਨੰਤੀ ਜੀ ਭਾਈ ਦਯਾ ਰਾਮ ਸਿਲ ਤੇ ਮਾਤਾ ਸੁਖਦੇਈ ਦੀ ਬੇਟੀ ਸਨ। ਇਨ੍ਹਾਂ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡੇ ਸਪੁੱਤਰ ਬਾਬਾ ਗੁਰਦਿਤਾ ਜੀ ਨਾਲ 17 ਅਪਰੈਲ 1624 ਦੇ ਦਿਨ ਹੋਇਆ ਸੀ। ਆਪ ਨੇ ਦੋ ਬੇਟਿਆਂ ਗੁਰੂ ਹਰਿਰਾਏ ਸਾਹਿਬ ਜੀ ਤੇ ਬਾਬਾ ਧੀਰਮਲ ਨੂੰ ਜਨਮ ਦਿਤਾ। ਆਪ ਨੂੰ ਮਾਤਾ ਨੱਤੀ, ਮਾਤਾ ਬੱਸੀ ਤੇ ਮਾਤਾ ਨਿਹਾਲ ਕੌਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਬਹੁਤਾ ਸਮਾਂ ਕੀਰਤਪੁਰ ਹੀ ਰਹੇ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਗਏ। ਉਸ ਵੇਲੇ ਵੀ ਮਾਤਾ ਬਸੀ ਨਾਲ ਗਏ ਸਨ। ਫਿਰ ਮਾਤਾ ਬਸੀ ਬਾਬੇ ਬਕਾਲੇ ਆ ਗਏ। ਇਨ੍ਹਾਂ ਦਾ ਅੰਤਮ ਸਮਾਂ ਕੀਰਤਪੁਰ ਆਇਆ।

ਭੱਟ ਵਹੀਆਂ ਵਿਚ ਆਪ ਦਾ ਜ਼ਿਕਰ ਵਧੇਰੇ ਕਰ ਕੇ ਮਾਤਾ ਬਸੀ ਦੇ ਨਾਂ ਨਾਲ ਆਇਆ ਹੈ। ਮਾਤਾ ਬਸੀ ਦਾ ਗੁਰੂ ਪਰਵਾਰ ਵਿਚ ਬਹੁਤ ਮਾਣ ਸੀ। ਘਰ ਦੀ ਹਰ ਕਾਰਵਾਈ 'ਤੇ ਉਨ੍ਹਾਂ ਦੀ ਮੁਹਰ ਹੋਇਆ ਕਰਦੀ ਸੀ। ਜਦ ਗੁਰੂ ਹਰਿ ਰਾਇ ਜੀ ਦੇ ਘਰ ਬੇਟੀ ਦਾ ਜਨਮ (1649 ਵਿਚ) ਹੋਇਆ ਤਾਂ ਉਸ ਦਾ ਨਾਂ ਦਾਦੀ ਬਸੀ ਦੇ ਕਹਿਣ 'ਤੇ ਰੂਪ ਕੁਇਰ ਰੱਖਿਆ ਗਿਆ ਸੀ (ਗੁਰੂ ਕੀਆਂ ਸਾਖੀਆਂ, ਸਾਖੀ 5)। ਗੁਰੂ ਹਰਿ ਰਾਇ ਜੀ ਦੇ ਵਿਆਹ (ਗੁਰੂ ਕੀਆਂ ਸਾਖੀਆਂ, ਸਾਖੀ 4) ਅਤੇ ਮਗਰੋਂ ਬੀਬੀ ਰੂਪ ਕੁਇਰ ਦੇ ਵਿਆਹ (1662) ਦੀ ਸਾਰੀ ਕਾਰਵਾਈ ਉਨ੍ਹਾਂ ਦੀ ਦੇਖ-ਰੇਖ ਹੇਠ ਹੀ ਹੋਈ ਸੀ (ਗੁਰੂ ਕੀਆਂ ਸਾਖੀਆਂ, ਸਾਖੀਆਂ 4 ਤੇ 15)। ਆਪ ਨੂੰ ਆਪਣੇ ਪੋਤੇ ਗੁਰੂ ਹਰਿ ਰਾਇ ਨੂੰ ਖਿਡਾਉਣ ਦਾ ਮਾਣ ਹਾਸਿਲ ਹੋਇਆ ਸੀ।

ਮਾਤਾ ਬਸੀ ਨੂੰ ਗੁਰਬਾਣੀ ਦੀ ਬਹੁਤ ਸੂਝ ਸੀ। ਧੀਰ ਮੱਲ ਅਤੇ ਗੁਰੂ ਹਰਿ ਰਾਇ ਸਾਹਿਬ ਨੂੰ ਉਸ ਨੇ ਹੀ ਗ੍ਰੰਥ ਦੀ ਪੜ੍ਹਾਈ ਕਰਵਾਈ ਸੀ (ਗੁਰੂ ਕੀਆਂ ਸਾਖੀਆਂ, ਸਾਖੀਆਂ 4 ਤੇ 5, ਸਫ਼ੇ 42-44)।

ਮਾਰਚ 1664 ਵਿਚ ਜਦ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਗਏ ਤਾਂ ਮਾਤਾ ਬਸੀ ਵੀ ਉਨ੍ਹਾਂ ਦੇ ਨਾਲ ਗਏ ਸਨ। 11 ਅਗਸਤ 1664 ਦੇ ਦਿਨ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਰਸਮੀ ਤੌਰ 'ਤੇ ਗੁਰਗੱਦੀ ਸੰਭਾਲੀ ਤਾਂ ਵੀ ਆਪ ਬਕਾਲਾ ਵਿਚ ਹਾਜ਼ਿਰ ਸਨ (ਗੁਰੂ ਕੀਆਂ ਸਾਖੀਆਂ, ਸਾਖੀਆਂ 16 ਤੇ 19)। ਆਪ ਦੀ ਮੌਤ ਕੱਤਕ ਵਦੀ 4 ਸੰਮਤ 1721 ਬਿਕਰਮੀ (ਅਕਤੂਬਰ 1664) ਨੂੰ ਕੀਰਤਪੁਰ ਵਿਚ ਹੋਈ ਸੀ।

# ਮਾਤਾ ਖੇਮ ਕੌਰ (ਮਾਤਾ ਹਰੀ)

ਮਾਤਾ ਖੇਮ ਕੌਰ ਜੀ (ਮਾਤਾ ਹਰੀ ਜੀ) ਭਾਈ ਪ੍ਰੇਮ ਚੰਦ ਸਿੱਲੀ, ਕਰਤਾਰਪੁਰ ਨਿਵਾਸੀ ਦੀ ਪੁੱਤਰੀ ਸਨ। ਇਨ੍ਹਾਂ ਦਾ ਵਿਆਹ ਸੂਰਜ ਮਲ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਹੋਇਆ। ਇਨ੍ਹਾਂ ਨੇ ਦੋ ਸਪੁੱਤਰ ਭਾਈ ਦੀਪ ਚੰਦ ਤੇ ਭਾਈ ਨੰਦ ਚੰਦ ਨੂੰ ਜਨਮ ਦਿਤਾ।

ਮਾਤਾ ਖੇਮ ਕੌਰ ਜਿਆਦਾ ਕੀਰਤਪੁਰ ਵਿਖੇ ਰਹੇ। ਆਪ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਲ ਰਾਣੀ ਚੰਪਾ ਕੋਲ ਦੋ ਵਾਰੀ ਬਿਲਾਸਪੁਰ ਵੀ ਗਏ। ਬਿਲਾਸਪੁਰ ਦਾ ਰਾਜਾ ਦੀਪ ਚੰਦ, ਜੋ 26 ਅਪਰੈਲ 1665 ਦੇ ਦਿਨ ਚੜਾਈ ਕਰ ਗਿਆ ਸੀ, ਦੀ ਅੰਤਮ ਰਸਮ ਬਾਰ੍ਹਾਂ ਮਈ ਦੇ ਦਿਨ ਰਖੀ ਗਈ ਸੀ। ਇਸ ਮੌਕੇ 'ਤੇ ਗੁਰੂ ਤੇਗ਼ ਬਹਾਦਰ ਸਾਹਿਬ ਬਿਲਾਸਪੁਰ ਗਏ। ਮਾਤਾ ਨਾਨਕੀ, ਮਾਤਾ ਸੁਲੱਖਣੀ, ਮਾਤਾ ਹਰੀ, ਦੀਵਾਨ ਦਰਗਹ ਮੱਲ, ਭਾਈ ਦਿਆਲ ਦਾਸ ਅਤੇ ਕਈ ਹੋਰ ਸਿੱਖ ਆਪ ਦੇ ਨਾਲ ਬਿਲਾਸਪੁਰ ਗਏ। ਇਸ ਸਬੰਧੀ ਭੱਟ ਵਹੀਆਂ ਵਿਚ ਇੰਞ ਲਿਖਿਆ ਮਿਲਦਾ ਹੈ:

*ਗੁਰੂ ਤੇਗ ਬਹਾਦਰ ਸਾਹਿਬ ਮਹਲ ਨਾਵੇਂ, ਕੀਰਤਪੁਰ ਸੇ ਬਿਲਾਸਪੁਰ ਆਏ, ਰਾਜਾ ਦੀਪ ਚੰਦ ਕੀ ਸਤਾਰਮੀਂ ਤੇ, ਸਾਲ ਸਤਰਾਂ ਸੈ ਬਾਈਸ, ਜੇਠ ਪਰਵਿਸ਼ਟੇ ਪੰਦਰਾਂ ਕੋ। ਸਾਥ ਦੀਪ ਚੰਦ, ਨੰਦ ਚੰਦ ਆਏ ਬੇਟੇ ਸੂਰਜ ਮੱਲ ਕੇ,* ***ਮਾਤਾ ਹਰੀ ਜੀ ਇਸਤਰੀ ਸੂਰਜ ਮੱਲ ਕੀ****, ਮਾਤਾ ਸੁਲਖਣੀ ਜੀ ਇਸਤਰੀ ਗੁਰੂ ਹਰਿ ਰਾਇ ਮਹਲ ਸਤਵੇਂ ਜੀ ਕੀ, ਦੀਵਾਨ ਦਰਗਹ ਮੱਲ ਛਿਬਰ, ਜੇਠਾ, ਦਿਆਲ ਦਾਸ ਬੇਟੇ ਮਾਈ ਦਾਸ ਕੇ, ਦਰੀਆ ਬੇਟਾ ਮੂਲੇ ਕਾ, ਜਲਹਾਨਾ, ਸਾਥ ਆਏ।* (ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲਹਾਨਿਓਂ ਕਾ

ਇਨ੍ਹਾਂ ਦੇ ਦੋਵੇਂ ਸਪੁੱਤਰ ਤਿਆਰ-ਬਰ ਤਿਆਰ ਸੇਵਕ ਰਹੇ। ਜੀਵਨ ਦੇ ਅੰਤਲੇ ਸਾਹਾਂ ਤਕ ਗੁਰੂ ਜੀ ਦਾ ਸਾਥ ਦਿਤਾ। ਮਾਤਾ ਖੇਮ ਕੌਰ ਜੀ ਦਾ ਅੰਤਮ ਸਮਾਂ ਕੀਰਤਪੁਰ ਵਿਖੇ ਆਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੇ ਹੱਥੀਂ ਤਾਈ ਦਾ ਸਸਕਾਰ ਕੀਤਾ ਤੇ ਭਾਈ ਦੀਪ ਚੰਦ ਸੋਢੀ ਨੂੰ ਦਸਤਾਰ ਬਨ੍ਹਾਈ।

# ਮਾਤਾ ਸੁਲੱਖਣੀ

ਮਾਤਾ ਸੁਲੱਖਣੀ ਗੁਰੂ ਹਰਿ ਰਾਇ ਜੀ ਦੀ ਪਤਨੀ ਸਨ। ਆਪ ਅਰੂਪ ਨਗਰ (ਜ਼ਿਲ੍ਹਾ ਗੁਜਰਾਂਵਾਲਾ) ਦੇ ਭਾਈ ਦਯਾ ਰਾਮ ਸਿੱਲੀ ਦੀ ਬੇਟੀ ਸਨ। ਮਾਤਾ ਸੁਲੱਖਣੀ ਇਕ ਗੁਰੂ (ਹਰਿ ਰਾਇ) ਦੀ ਪਤਨੀ ਤੇ ਇਕ ਗੁਰੂ (ਹਰਕ੍ਰਿਸ਼ਨ) ਦੀ ਮਾਤਾ ਸਨ।

ਆਪ ਦਾ ਵਿਆਹ (ਗੁਰੂ) ਹਰ ਰਾਇ ਸਾਹਿਬ ਨਾਲ 14 ਜਨਵਰੀ 1640 ਦੇ ਦਿਨ ਹੋਇਆ ਸੀ। ਵਿਆਹ ਵੇਲੇ ਬੀਬੀ ਸੁਲਖਣੀ ਦੀ ਉਮਰ ਸਿਰਫ਼ 10 ਸਾਲ ਸੀ। ਇਸ ਮਗਰੋਂ ਭਾਈ ਦਇਆ ਰਾਮ ਅਰੂਪ ਨਗਰ ਛੱਡ ਕੇ ਕੋਟ ਕਲਿਆਣਪੁਰ (ਨੇੜੇ ਕੀਰਤਪੁਰ) ਆ ਵਸਿਆ। ਬੀਬੀ ਸੁਲਖਣੀ ਦਾ ਮੁਕਲਾਵਾ ਦੋ ਸਾਲ ਬਾਅਦ 16 ਜੂਨ 1642 ਦੇ ਦਿਨ ਟੋਰਿਆ ਗਿਆ।

ਬੀਬੀ ਸੁਲਖਣੀ ਦੇ ਮਾਪੇ ਕਿਉਂਕਿ ਕੋਟ ਕਲਿਆਣਪੁਰ ਵਿਚ ਰਹਿਣ ਲੱਗ ਪਏ ਸੀ, ਇਸ ਕਰ ਕੇ ਉਸ ਨੂੰ ਕੋਟ ਕਲਿਆਣੀ ਵੀ ਆਖਦੇ ਸਨ। ਆਪ ਨੇ 24 ਫਰਵਰੀ 1646 ਦੇ ਦਿਨ ਰਾਮ ਰਾਇ, 9 ਅਪ੍ਰੈਲ 1649 ਦੇ ਦਿਨ ਰੂਪ ਕੌਰ ਅਤੇ 20 ਜੁਲਾਈ 1652 ਦੇ ਦਿਨ (ਗੁਰੂ) ਹਰਿਕਿਸ਼ਨ ਸਾਹਿਬ ਨੂੰ ਜਨਮ ਦਿਤਾ। ਤਿੰਨ ਬੱਚਿਆਂ ਦੀ ਮਾਂ ਹੋਣ ਕਰ ਕੇ ਆਪ ਨੂੰ ਆਪ ਦੀ ਸੱਸ 'ਤਿਰਬੈਣੀ' ਆਖ ਕੇ ਵੀ ਬੁਲਾਇਆ ਕਰਦੀ ਸੀ।

ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਇਕ ਦੋ ਲੇਖਕਾਂ ਨੇ ਆਪ ਦੇ ਸੱਤ ਵਿਆਹ ਵੀ ਲਿਖ ਦਿੱਤੇ ਹਨ (ਕਾਹਨ ਸਿੰਘ ਨਾਭਾ ਨੇ ਵੀ), ਜੋ ਨਾ ਸਿਰਫ਼ ਗਲਤ ਹੈ ਬਲਕਿ ਹਾਸੋਹੀਣਾ ਤੇ ਬੇਬੁਨਿਆਦ ਵੀ ਹੈ। ਕੋਈ ਵੀ ਬਾਪ 10 ਸਾਲ ਦੇ ਮੁੰਡੇ ਨਾਲ ਸੱਤ ਧੀਆਂ ਦਾ ਵਿਆਹ ਨਹੀਂ ਕਰ ਸਕਦਾ। ਉਂਞ ਇਹ ਨਾਮੁਮਕਿਨ ਵੀ ਹੈ। ਇਸ ਹਿਸਾਬ ਨਾਲ ਤਾਂ ਸਭ ਤੋਂ ਛੋਟੀ (ਸਤਵੀਂ) ਕੁੜੀ ਤਾਂ ਅਜੇ ਗੋਦ ਵਿੱਚ ਹੀ ਖੇਡਦੀ ਹੋਵੇਗੀ। ਸਿੱਖ ਤਵਾਰੀਖ਼ ਵਿੱਚ ਅਜਿਹੀਆਂ ਗ਼ਲਤ ਗੱਲਾਂ ਕਈ ਥਾਂਈਂ ਭਰੀਆਂ ਪਈਆਂ ਹਨ।

ਮਾਤਾ ਸੁਲੱਖਣੀ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਕੀਰਤਪੁਰ ਵਿਚ ਹੀ ਬਿਤਾਇਆ। ਮਾਰਚ 1664 ਵਿਚ ਜਦ ਗੁਰੂ ਹਰਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਆਪ ਵੀ ਉਨ੍ਹਾਂ ਦੇ ਨਾਲ ਗਏ ਅਤੇ ਜੈ ਸਿੰਘ ਮਿਰਜ਼ਾ ਦੇ ਬੰਗਲੇ ਵਿਚ ਰਹੇ ਸੀ। 11 ਅਗਸਤ ਦੇ ਦਿਨ ਜਦ ਗੁਰੂ ਤੇਗ਼ ਬਹਾਦਰ ਸਾਹਿਬ ਨੇ ਰਸਮੀ ਤੌਰ 'ਤੇ ਗੁਰਗੱਦੀ ਸੰਭਾਲੀ ਤਾਂ ਆਪ ਵੀ ਬਕਾਲਾ ਪੁੱਜੇ ਸਨ। 1688 ਵਿਚ ਜਦ ਗੁਰੂ ਗੋਬਿੰਦ ਸਿੰਘ ਸਹਿਬ ਪਾਉਂਟਾ ਤੋਂ ਚੱਕ ਨਾਨਕੀ ਨੂੰ ਗਏ ਤਾਂ ਰਸਤੇ ਵਿਚ ਇਕ ਪੜਾਅ ਕੀਰਤਪੁਰ ਵਿਚ ਵੀ ਕੀਤਾ ਤੇ ਮਾਤਾ ਸੁਲੱਖਣੀ ਦੇ ਘਰ ਰਹੇ ਸਨ। ਫਿਰ ਜਦ ਗੁਰੂ ਜੀ ਧਮਤਾਨ ਦੇ ਦੌਰੇ ਤੋਂ ਆਏ ਤਾਂ ਵੀ ਇਨ੍ਹਾਂ ਕੋਲ ਹੀ ਠਹਿਰੇ ਸਨ। ਜਦ ਮਾਤਾ ਜੀਤ ਕੌਰ ਜੀ ਦੀ ਮੌਤ ਹੋਈ ਤਾਂ ਮਾਤਾ ਸੁਲੱਖਣੀ ਅਨੰਦਪੁਰ ਸਾਹਿਬ ਪੁੱਜੇ ਸਨ। ਆਪ ਨੇ ਅੰਤਲਾ ਸਮਾਂ ਕੀਰਤਪੁਰ ਵਿਚ ਹੀ ਬਿਤਾਇਆ।

# ਬੀਬੀ ਰੂਪ ਕੌਰ

ਬੀਬੀ ਰੂਪ ਕੌਰ ਦਾ ਜਨਮ ਗੁਰੂ ਹਰਿ ਰਾਏ ਸਾਹਿਬ ਜੀ ਦੇ ਘਰ 9 ਅਪ੍ਰੈਲ 1649 ਦੇ ਦਿਨ ਕੀਰਤਪੁਰ ਵਿਖੇ ਹੋਇਆ ਸੀ। ਬੀਬੀ ਜੀ ਦਾ ਵਿਆਹ ਸਾਢੇ ਬਾਰਾਂ ਸਾਲ ਦੀ ਉਮਰ ਵਿੱਚ 4 ਨਵੰਬਰ 1662 ਨੂੰ ਮਸ਼ਹੂਰ (ਗੁਜਰਾਂਵਾਲਾ ਵਿਖੇ) ਨਿਵਾਸੀ ਭਾਈ ਖੇਮਕਰਨ ਨਾਲ ਹੋਇਆ। ਤਿੰਨ ਦਿਨ ਪਸਰੂਰ ਵਿਚ ਰਹਿਣ ਤੋਂ ਬਾਅਦ ਬੀਬੀ ਜੀ ਵਾਪਸ ਕੀਰਤਪੁਰ ਆ ਗਏ ਅਤੇ ਨਾਲ ਦੇ ਪਿੰਡ ਕਲਿਆਣਪੁਰ ਵਿਚ ਰਹਿਣ ਲਗ ਪਏ। ਆਪ ਦੀ ਮੌਤ 24 ਅਗਸਤ 1727 ਦੇ ਦਿਨ ਕਲਿਆਣਪੁਰ (ਕੀਰਤਪੁਰ) ਵਿਚ ਹੀ ਹੋਈ ਸੀ। ਆਪ ਦੇ ਘਰ ਇਕ ਬੇਟੇ ਅਮਰ ਸਿੰਘ ਨੇ ਜਨਮ ਲਿਆ।

ਬੀਬੀ ਰੂਪ ਕੌਰ ਦਾ ਆਪਣੇ ਭਰਾ ਗੁਰੂ ਹਰਕ੍ਰਿਸ਼ਨ ਜੀ ਤੇ ਆਪਣੇ ਬਾਬਾ (ਦਾਦਾ ਗੁਰਦਿੱਤਾ ਦੇ ਭਰਾ) ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਬਹੁਤ ਪਿਆਰ ਸੀ। ਗੁਰੂ ਤੇਗ਼ ਬਹਾਦਰ ਜੀ ਜਦ ਵੀ ਕੀਰਤਪੁਰ ਆਉਂਦੇ ਸਨ ਤਾਂ ਬੀਬੀ ਕੋਲ ਹੀ ਠਹਿਰਦੇ ਹੁੰਦੇ ਸਨ।

ਜਦ ਬੀਬੀ ਰੂਪ ਕੌਰ ਦਾ ਵਿਆਹ ਹੋਇਆ ਤਾਂ ਉਸ ਦੀ ਦਾਦੀ ਬਸੀ ਨੇ ਉਸ ਨੂੰ ਦਾਜ ਵਿਚ ਸ੍ਰੀਚੰਦ ਦੀ ਸੇਲੀ ਟੋਪੀ (ਜੋ ਸ੍ਰੀਚੰਦ ਨੇ ਬਾਬਾ ਗੁਰਦਿਤਾ ਨੂੰ ਦਿੱਤੀ ਸੀ), ਗੁਰਬਾਣੀ ਅਤੇ ਸਾਖੀਆਂ ਦੀ ਇਕ ਪੋਥੀ ਦਾ ਵਿਚ ਦਿੱਤੀ ਸੀ। ਇਨ੍ਹਾਂ ਦੋਹਾਂ ਚੀਜ਼ਾਂ ਤਾਂ ਇਲਾਵਾ ਬੀਬੀ ਦਾ ਆਪਣਾ ਕਢਾਈ ਕੀਤਾ ਇਕ ਰੁਮਾਲ ਤੇ ਇਕ ਉਦੋਂ ਦੀ ਪੱਖੀ ਅਜ ਵੀ ਗੁਰਦੁਆਰਾ ਮੰਜੀ ਸਾਹਿਬ ਕੀਰਤਪੁਰ ਵਿਚ ਪਈਆਂ ਹੋਈਆਂ ਹਨ।

ਬੀਬੀ ਰੂਪ ਕੌਰ ਦੇ ਬੇਟੇ ਭਾਈ ਅਮਰ ਸਿੰਘ ਜੀ ਦੇ ਅੱਗੋਂ ਪਰਿਵਾਰਾਂ ਵਿਚੋਂ ਕੁਝ ਵਾਰਿਸ ਪਿੰਡ ਦਿਆਲਪੁਰਾ (ਨੇੜੇ ਬਨੂੜ) ਵਿਚ ਵੱਸ ਰਹੇ ਹਨ।

# ਮਾਤਾ ਗੁਜਰੀ

ਮਾਤਾ ਗੁਜਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਤਨੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਸੀ।

ਆਪ ਦਾ ਜਨਮ ਭਾਈ ਲਾਲ ਚੰਦ ਸੁਭਿਖੀ ਖਤਰੀ ਦੇ ਘਰ ਮਾਤਾ ਬਿਸ਼ਨ ਕੌਰ ਦੇ ਕੁਖੋਂ ਕਰਤਾਰਪੁਰ ਵਿਖੇ 1623 ਵਿਚ ਹੋਇਆ ਸੀ। ਆਪ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ (ਗੁਰੂ) ਤੇਗ ਬਹਾਦਰ ਸਾਹਿਬ ਜੀ ਨਾਲ ਅੱਸੂ ਸੁਦੀ 5 ਸੰਮਤ 1886 (11 ਸਤੰਬਰ 1629) ਨੂੰ ਕਰਤਾਰਪੁਰ ਵਿਖੇ ਹੋਇਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤਿ-ਜੋਤਿ ਸਮਾਉਣ (1644) ਮਗਰੋਂ ਗੁਰੂ ਤੇਗ਼ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਤੇ ਪਤਨੀ ਗੁਜਰੀ ਜੀ ਨਾਲ ਬਕਾਲੇ ਚਲੇ ਗਏ। 1656 ਵਿਚ ਜਦ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਉੱਤਰ ਪ੍ਰਦੇਸ਼, ਬਿਹਾਰ, ਅਸਾਮ ਵਗ਼ੈਰਾ ਦੇ ਦੌਰੇ 'ਤੇ ਗਏ ਤਾਂ ਆਪ ਵੀ ਉਨ੍ਹਾਂ ਦੇ ਨਾਲ ਸਨ। 18 ਦਸੰਬਰ 1661 ਦੇ ਦਿਨ ਆਪ ਨੇ ਇਕ ਬੇਟੇ (ਗੁਰੂ) ਗੋਬਿੰਦ ਸਿੰਘ ਨੂੰ ਜਨਮ ਦਿੱਤਾ। ਗੁਰੂ ਤੇਗ਼ ਬਹਾਦਰ ਸਾਹਿਬ 1664 ਵਿਚ ਪਟਨਾ ਤੋਂ ਪੰਜਾਬ ਮੁੜ ਆਏ ਪਰ ਆਪ 1670 ਤਕ ਪਟਨਾ ਵਿਚ ਹੀ ਰਹੇ।

1664 ਵਿਚ ਗੁਰੁ ਤੇਗ਼ ਬਹਾਦਰ ਸਾਹਿਬ ਨੇ ਨੌਵੇਂ ਗੁਰੂ ਵਜੋਂ ਗੁਰਗੱਦੀ ਸੰਭਾਲੀ। ਇਸ ਮਗਰੋਂ 1666 ਵਿਚ ਆਪ ਦੋਬਾਰਾ ਅਸਾਮ ਵਗ਼ੈਰਾ ਦੇ ਦੌਰੇ 'ਤੇ ਨਿਕਲ ਗਏ ਤੇ 1670 ਵਿਚ ਪੰਜਾਬ ਮੁੜੇ। ਇਸ ਮਗਰੋਂ ਮਾਤਾ ਗੁਜਰੀ 1672 ਤਕ ਬਕਾਲਾ ਵਿਚ ਰਹੇ ਤੇ ਫਿਰ ਚੱਕ ਨਾਨਕੀ (ਅਨੰਦਪੁਰ) ਚਲੇ ਗਏ।

11 ਨਵੰਬਰ 1675 ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਹੋ ਗਏ। ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਵਿਚ (ਹੁਣ ਵਾਲੇ ਰਕਾਬਗੰਜ ਵਾਲੀ ਥਾਂ 'ਤੇ) ਕਰ ਦਿਤਾ, ਅਤੇ, ਸੀਸ ਲੈ ਕੇ ਭਾਈ ਜੈਤਾ ਜੀ ਤੇ ਉਨ੍ਹਾਂ ਦੇ ਸਾਥੀ 16 ਨਵੰਬਰ ਨੂੰ ਅਨੰਦਪੁਰ ਪੁਜੇ ਜਿੱਥੇ ਮਾਤਾ ਗੁਜਰੀ ਅਤੇ ਬੇਟੇ ਗੋਬਿੰਦ ਦਾਸ ਨੇ ਪਿਤਾ ਦੇ ਸੀਸ ਦਾ ਸਸਕਾਰ ਕੀਤਾ। ਮਾਤਾ ਗੁਜਰੀ ਨੇ ਪਤੀ ਦੀ ਸ਼ਹਾਦਤ ਮਗਰੋਂ ਆਪਣੇ ਬੇਟੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹਰ ਗੱਲ ਵਿਚ ਪੂਰਾ ਸਾਥ ਦਿਤਾ।

1675 ਤੋਂ 1685 ਤੇ ਫਿਰ 1688 ਤੋਂ 1705 ਤਕ ਮਾਤਾ ਗੁਜਰੀ ਚਕ ਨਾਨਕੀ ਤੇ ਅਨੰਦਪੁਰ ਸਾਹਿਬ ਵਿਚ ਰਹੇ ਅਤੇ 1685 ਤੋਂ 1688 ਤਕ ਪਾਉਂਟਾ ਸਾਹਿਬ ਵਿਚ ਰਹੇ। ਆਪ ਆਪਣੇ ਹਥੀਂ ਸੰਗਤਾਂ ਦੀ ਸੇਵਾ ਕਰਦੇ

ਹੁੰਦੇ ਸਨ। ਆਪਣੀਆਂ ਨੂਹਾਂ ਦੀ ਬੀਮਾਰੀ ਕਾਰਨ ਆਪ ਨੇ ਆਪਣੇ ਤਿੰਨ ਛੋਟੇ ਪੋਤਿਆਂ ਨੂੰ ਵੀ ਆਪਣੇ ਹੱਥੀ ਵੱਡਿਆਂ ਕੀਤਾ ਤੇ ਗੁਰਮਤਿ ਦੀ ਸਿੱਖਿਆ ਦਿੱਤੀ।

ਮਈ 1705 ਵਿਚ ਅਨੰਦਪੁਰ ਨੂੰ ਲੰਮਾ ਘੇਰਾ ਪੈ ਗਿਆ। ਗੁਰੂ ਜੀ ਨੇ ਆਪਣੀਆਂ ਪਤਨੀਆਂ ਸਣੇ ਸਭ ਬੀਬੀਆਂ ਤੇ ਬੱਚਿਆਂ ਨੂੰ ਅਨੰਦਪੁਰ ਤੋਂ ਬਾਹਰ ਭੇਜ ਦਿਤਾ। ਨਗਰ ਵਿਚ ਚਾਰੇ ਸਾਹਿਬਜਾਦੇ, ਮਾਤਾ ਗੁਜਰੀ ਤੇ ਦੋ ਹੋਰ ਬੀਬੀਆਂ ਰਹਿ ਗਈਆਂ। ਗੁਰੂ ਸਾਹਿਬ ਨੂੰ 5 ਤੇ 6 ਦਸੰਬਰ 1705 ਦੀ ਰਾਤ ਨੂੰ ਅਨੰਦਪੁਰ ਸਾਹਿਬ ਛਡਣਾ ਪਿਆ। ਮਾਤਾ ਜੀ ਉਸ ਰਾਤ ਪੈਦਲ ਅਨੰਦਪੁਰ ਤੋਂ ਕੀਰਤਪੁਰ ਅਤੇ ਫਿਰ ਸਰਸਾ ਨਦੀ ਤਕ ਗਏ ਤੇ ਇਸ ਮਗਰੋਂ ਆਪ ਦੋ ਛੋਟੇ ਸਾਹਿਬਜ਼ਾਦੀਆਂ ਨੂੰ ਨਾਲ ਲੈ ਕੇ, ਇਕ ਸਿੰਘ ਤੇ ਬੀਬੀ ਸੁਭਿੱਖੀ ਨਾਲ ਚਮਕੌਰ ਵਲ ਚਲੇ ਗਏ ਜਿੱਥੇ ਉਨ੍ਹਾਂ ਨੂੰ ਗੁਰੂ ਸਾਹਿਬ ਨੇ ਆ ਕੇ ਮਿਲਣਾ ਸੀ। ਪਰ ਜਦੋਂ ਗੁਰੂ ਸਾਹਿਬ ਕਾਫ਼ੀ ਦੇਰ ਤਕ ਨਾ ਪੁਜੇ ਤਾਂ ਸਹੇੜੀ ਪਿੰਡ ਦੇ ਮਸੰਦ ਧੁੰਮਾ ਤੇ ਦਰਬਾਰੀ ਉਨ੍ਹਾਂ ਨੂੰ ਆਪਣੇ ਘਰ ਲੈ ਗਏ। ਰਾਤ ਨੂੰ ਮਸੰਦਾਂ ਨੇ ਮਾਤਾ ਜੀ ਦੀ ਮੋਹਰਾਂ ਵਾਲੀ ਥੈਲੀ ਚੋਰੀ ਕਰ ਲਈ। ਸਵੇਰੇ ਥੈਲੀ ਗ਼ਾਇਬ ਵੇਖ ਕੇ ਜਦੋਂ ਮਾਤਾ ਗੁਜਰੀ ਨੇ ਸ਼ਿਕਾਇਤ ਕੀਤੀ ਤਾਂ ਮਸੰਦਾਂ ਨੇ ਆਪਣੇ ਨੌਕਰ ਗੰਗੂ ਨੇ ਮੋਰਿੰਡਾ ਥਾਣੇ ਭੇਜ ਕੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਦਿਤਾ।

ਇਨ੍ਹਾਂ ਤਿੰਨਾਂ ਨੂੰ ਮੁਰਿੰਡਾ ਪੁਲੀਸ ਦੇ ਜਨੀ ਖਾਨ ਤੇ ਮਨੀ ਖਾਲ ਸਹੇੜੀ ਤੋਂ ਲੈ ਗਏ। ਬੱਚਿਆਂ ਨੂੰ ਬੋਰੀਆਂ ਵਿਚ ਬੰਨ੍ਹ ਕੇ ਮੋਰਿੰਡੇ ਲਿਜਾਇਆ ਗਿਆ। ਉਨ੍ਹਾਂ ਨੂੰ ਅਗਲੇ ਦਿਨ ਸਾਹਰੰਦ (ਹੁਣ ਸਰਹੰਦ) ਲਿਜਾ ਕੇ ਕਿਲ੍ਹੇ ਦੇ ਠੰਡੇ ਬੁਰਜ ਵਿਚ ਕੈਦ ਰੱਖ ਕੇ ਅਗਲੇ ਦਿਨ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਕੋਲ ਪੇਸ਼ ਕੀਤਾ ਗਿਆ। ਵਜ਼ੀਰ ਖ਼ਾਨ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਵਾਸਤੇ ਕਿਹਾ। ਜਦੋਂ ਉਨ੍ਹਾਂ ਨੇ ਨਾਂਹ ਕਰ ਦਿਤੀ ਤਾਂ ਉਨ੍ਹਾਂ ਨੂੰ ਦੀਵਾਰ ਵਿਚ ਜਿਊਂਦੇ ਚਿਣੇ ਜਾਣ ਦਾ ਹੁਕਮ ਦੇ ਦਿਤਾ ਗਿਆ। 12 ਦਸੰਬਰ 1705 ਨੂੰ ਉਨ੍ਹਾਂ ਨੂੰ ਦੀਵਾਰਾਂ ਵਿਚ ਚਿਣਿਆ ਗਿਆ ਪਰ ਦੀਵਾਰ ਪੂਰੀ ਹੋਣ ਮਗਰੋਂ ਡਿਗ ਪਈ। ਅਗਲੇ ਦਿਨ ਉਨ੍ਹਾਂ ਨੂੰ ਧੋਣ ਵੱਢ ਕੇ ਸ਼ਹੀਦ ਕਰ ਦਿਤਾ ਗਿਆ।

ਇਸੇ ਦਿਨ ਮਾਤਾ ਗੁਜਰੀ ਨੂੰ ਵੀ ਕਿਲ੍ਹੇ ਦੇ ਸਭ ਤੋਂ ਉਪਰ ਬਣੇ ਵਡੇ ਬੁਰਜ ਤੋਂ ਸੁੱਟ ਕੇ ਸ਼ਹੀਦ ਕਰ ਦਿਤਾ ਗਿਆ। ਇਸ ਵੇਲੇ ਮਾਤਾ ਗੁਜਰੀ ਦੀ ਉਮਰ 83 ਸਾਲ ਦੀ ਸੀ। ਮਾਤਾ ਜੀ ਤੇ ਬੱਚਿਆਂ ਦਾ ਸਸਕਾਰ ਟੋਡਰ ਮਲ ਸ਼ਾਹਜਹਾਨੀ ਦੇ ਪੁੱਤਰ ਜਾਂ ਪੋਤੇ ਨੇ ਕੀਤਾ।

# ਮਾਤਾ ਬਿਸ਼ਨ ਕੌਰ

ਮਾਤਾ ਬਿਸ਼ਨ ਕੌਰ ਜੀ ਮਾਤਾ ਗੁਜਰੀ ਜੀ ਦੇ ਮਾਤਾ ਜੀ ਸਨ। ਇਕ ਬਾਰੀ ਮਾਤਾ ਬਿਸ਼ਨ ਕੌਰ ਆਪਣੇ ਪਤੀ ਲਾਲ ਚੰਦ ਸੁਭਿੱਖੀ ਨਾਲ ਕਰਤਾਰਪੁਰ ਤੋਂ ਅੰਮ੍ਰਿਤਸਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਬਾਬਾ ਸੂਰਜ ਮਲ ਜੀ ਦੇ ਵਿਆਹ ਤੇ ਗਏ। ਉਥੇ ਹੀ ਇਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਤੇਗ਼ ਬਹਾਦਰ (ਗੁਰੂ) ਨੂੰ ਵੇਖਿਆ। ਇਨ੍ਹਾਂ ਨੂੰ ਤੇਗ਼ ਬਹਾਦਰ ਸਾਹਿਬ (ਗੁਰੂ) ਬਹੁਤ ਚੰਗੇ ਲਗੇ। ਉਦੋਂ ਹੀ ਇਨ੍ਹਾਂ ਦੋਵਾਂ ਜੀਆਂ ਨੇ ਮਨ ਵਿਚ ਫੈਸਲਾ ਕੀਤਾ ਕਿ ਆਪਣੀ ਪੁੱਤਰੀ ਗੁਜਰੀ ਦਾ ਵਿਆਹ ਗੁਰੂ ਜੀ ਦੇ ਸਪੁੱਤਰ ਤੇਗ਼ ਬਹਾਦਰ ਨਾਲ ਕਰਨਗੇ। ਉਦੋਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਉਮਰ ਸਿਰਫ਼ ਯਾਰਾਂ ਸਾਲ ਦੀ ਸੀ। ਦੋਵਾਂ ਨੇ ਗੁਰੂ ਜੀ ਅਗੇ ਆਪਣੇ ਮਨ ਦੀ ਗਲ ਕਹਿ ਦਿਤੀ। ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਖੁਸ਼ੀ ਨਾਲ ਮਨਜ਼ੂਰ ਕਰ ਲਿਆ। ਉਨ੍ਹਾਂ ਬਾਰੇ ਇਸ ਤੋਂ ਵਧ ਜਾਣਕਾਰੀ ਨਹੀਂ ਮਿਲਦੀ।

# ਮਾਤਾ ਜੀਤ ਕੌਰ (ਜੀਤਾਂ)

ਮਾਤਾ ਜੀਤ ਕੌਰ ਲਾਹੌਰ ਦੇ ਭਾਈ ਹਰਿਜਸ ਸੁਭਿੱਖੀ ਦੀ ਬੇਟੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪਤਨੀ ਸਨ। ਆਪ ਦਾ ਜਨਮ ਲਾਹੌਰ ਵਿਚ ਹੋਇਆ ਸੀ ਤੇ ਆਪਣਾ ਬਚਪਣ ਵੀ ਇਸੇ ਸ਼ਹਿਰ ਵਿਚ ਬਿਤਾਇਆ ਸੀ।

ਮਾਰਚ 1673 ਦੇ ਆਖ਼ਰੀ ਹਫ਼ਤੇ ਲਾਹੌਰ ਤੋਂ ਭਾਈ ਹਰਿਜਸ ਸੁਭਿੱਖੀ ਵੀ ਦਰਸ਼ਨਾਂ ਵਾਸਤੇ ਆਇਆ ਤੇ ਆਪਣੀ ਬੇਟੀ ਜੀਤਾਂ/ਜੀਤੋ ਦਾ ਵਿਆਹ ਸਾਹਿਬਜ਼ਾਦੇ ਗੋਬਿੰਦ ਦਾਸ ਨਾਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ ਜਿਸ ਨੂੰ ਮਾਤਾ ਗੁਜਰੀ ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਕਬੂਲ ਕਰ ਲਿਆ। ਮੰਗਣੀ ਦੀ ਅਰਦਾਸ 12 ਮਈ 1673 ਦੇ ਦਿਨ ਕੀਤੀ ਗਈ। ਪਰ 11 ਨਵੰਬਰ 1675 ਦੇ ਦਿਨ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਕਰ ਦਿੱਤੇ ਗਏ ਇਸ ਕਰ ਕੇ ਇਹ ਸ਼ਾਦੀ ਮੁਲਤਵੀ ਹੋ ਗਈ। ਪਰ 1677 ਵਿਚ ਭਾਈ ਹਰਿਜਸ ਸੁਭਿੱਖੀ ਨੇ ਗੁਰੂ ਸਾਹਿਬ ਦੀ ਸ਼ਾਦੀ ਵਾਸਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਉਸ ਦੀ ਚਾਹ ਸੀ ਕਿ ਗੁਰੂ ਸਾਹਿਬ ਬਰਾਤ ਲੈ ਕੇ ਲਾਹੌਰ ਆਉਣ। ਗੁਰੂ ਜੀ ਨੇ ਲਾਹੌਰ, ਹਿਫ਼ਾਜ਼ਤ ਪੱਖੋਂ, ਜਾਣਾ ਸਹੀ ਨਾ ਸਮਝਿਆ; ਪਰ, ਹੋਣ ਵਾਲੇ ਸਹੁਰੇ ਦੀ ਖ਼ਾਹਿਸ਼ ਪੂਰੀ ਕਰਨ ਵਾਸਤੇ, ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਤੋਂ ਯਾਰ੍ਹਾਂ ਕੁ ਕਿਲੋਮੀਟਰ ਦੂਰ 'ਗੁਰੂ ਦਾ ਲਾਹੌਰ' ਦੀ ਨੀਂਹ ਰੱਖੀ। 21 ਜੂਨ 1677 ਦੇ ਦਿਨ ਗੁਰੂ ਗੋਬਿਦ ਸਿੰਘ ਜੀ ਦਾ ਵਿਆਹ ਇਸੇ ਜਗ੍ਹਾ 'ਤੇ ਹੋਇਆ।

ਮਾਤਾ ਜੀਤੋ ਲਾਹੌਰ ਵਰਗੇ ਵੱਡੇ ਸ਼ਹਿਰ ਵਿਚ ਜੰਮੀ, ਪਲੀ ਤੇ ਵੱਡੀ ਹੋਈ ਸੀ। ਉੱਥੇ ਉਸ ਦੀਆਂ ਬਚਪਣ ਦੀਆਂ ਸਾਥਣਾਂ ਤੇ ਰਿਸ਼ਤੇਦਾਰ ਸਨ। ਵਿਆਹ ਮਗਰੋਂ ਉਹ ਇਕ ਨਿੱਕੇ ਜਿਹੇ ਪਿੰਡ 'ਚੱਕ ਨਾਨਕੀ' ਵਿਚ ਆ ਵਸੀ ਸੀ ਜਿੱਥੇ ਉਹ ਆਪਣੇ ਆਪ ਨੂੰ ਇਕੱਲੀ ਮਹਿਸੂਸ ਕਰਦੀ ਸੀ। ਭਾਵੇਂ ਹਜ਼ਾਰਾਂ ਸੰਗਤਾਂ ਉੱਥੇ ਆਉਂਦੀਆਂ ਸਨ ਪਰ ਉਹ ਸਾਰੇ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ, ਉਨ੍ਹਾਂ ਦਾ ਮਾਤਾ ਜੀਤੋ ਨਾਲ ਕੋਈ ਰਾਬਤਾ ਨਹੀਂ ਸੀ ਹੁੰਦਾ। ਇਸ ਇਕੱਲਪਣ ਕਾਰਨ ਉਹ ਬੀਮਾਰ ਰਹਿਣ ਲਗ ਪਈ।

---

ਅਖ਼ੀਰ ਜਦ ਸੱਤ-ਕੁ ਸਾਲ ਬੀਤ ਗਏ ਤੇ ਉਹ ਠੀਕ ਨਾ ਹੋ ਸਕੀ ਤਾਂ ਉਸ ਨੇ ਗੁਰੂ ਸਾਹਿਬ ਨੂੰ ਮਜਬੂਰ ਕਰ ਕੇ ਦੂਜਾ ਵਿਆਹ ਕਰਨ ਵਾਸਤੇ ਜ਼ੋਰ ਪਾਇਆ। ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਵਿਆਹ ਸੁੰਦਰੀ (ਮਗਰੋਂ ਸੁੰਦਰ ਕੌਰ) ਨਾਲ ਹੋਇਆ। 1685 ਵਿਚ ਗੁਰੂ ਜੀ ਪਾਉਂਟਾ ਚਲੇ ਗਏ। ਉੱਥੇ

ਸੁੰਦਰ ਕੌਰ ਨੇ 27 ਜਨਵਰੀ 1686 ਦੇ ਦਿਨ ਅਜੀਤ ਸਿੰਘ ਨੂੰ ਜਨਮ ਦਿੱਤਾ। ਬੱਚੇ ਨੂੰ ਜਨਮ ਦੇਣ ਮਗਰੋਂ ਮਾਤਾ ਸੁੰਦਰੀ ਬੀਮਾਰ ਪੈ ਗਈ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਮਾਤਾ ਜੀਤੋ ਨੇ ਸੰਭਾਲਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਅਜੀਤ ਸਿੰਘ ਵਧੇਰੇ ਮਾਤਾ ਜੀਤੋ ਦੀ ਗੋਦੀ ਵਿਚ ਹੀ ਰਹਿਣ ਲਗ ਪਿਆ। ਇਸ ਬਾਲ ਨਾਲ ਖੇਡਣ ਕਾਰਨ ਮਾਤਾ ਜੀਤੋ ਦਾ ਮਨ ਲਗ ਗਿਆ ਅਤੇ ਉਹ ਹੌਲੀ-ਹੌਲੀ ਠੀਕ ਹੋਣ ਲਗ ਪਈ। ਦੂਜੇ ਪਾਸੇ ਮਾਤਾ ਸੁੰਦਰੀ ਦੀ ਬੀਮਾਰੀ ਲਮਕ ਗਈ। ਮਾਤਾ ਜੀਤੋ ਠੀਕ ਹੋਣ ਮਗਰੋਂ ਸਾਰੇ ਕੰਮ ਵਿਚ ਪੂਰੀ ਦਿਲਚਸਪੀ ਲੈਣ ਲਗ ਪਈ ਤੇ ਉਹ ਮਾਤਾ ਸੁੰਦਰੀ ਦੀ ਸੇਵਾ ਵੀ ਕਰਦੀ ਰਹੀ।

ਸਿਹਤ ਠੀਕ ਹੋਣ ਮਗਰੋਂ ਮਾਤਾ ਜੀਤੋ ਨੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ: ਜੁਝਾਰ ਸਿੰਘ 27 ਚੇਤਰ ਸੰਮਤ 1747 (25 ਮਾਰਚ 1691), ਜ਼ੋਰਾਵਰ ਸਿੰਘ 6 ਮੱਘਰ ਸੰਮਤ 1753 (15.11.1696), ਫ਼ਤਹਿ ਸਿੰਘ 2 ਫੱਗਣ 1755 (27 ਜਨਵਰੀ 1698)।

ਜਦੋਂ ਗੁਰੂ ਜੀ ਨੇ ਖੰਡੇ ਦੀ ਪਾਹੁਲ ਪਹਿਲੀ ਵਾਰ ਤਿਆਰ ਕੀਤੀ ਸੀ ਤਾਂ ਉਸ ਵਿਚ ਪਤਾਸੇ ਪਾਉਣ ਦਾ ਮਾਣ ਮਾਤਾ ਜੀਤ ਕੌਰ ਨੂੰ ਹਾਸਿਲ ਹੋਇਆ ਸੀ; ਉਹ ਵੀ ਪਾਹੁਲ ਲੈ ਕੇ ਜੀਤ ਕੌਰ ਬਣ ਗਏ ਸਨ।

1698 ਵਿਚ ਅਜਿਹਾ ਸਮਾਂ ਵੀ ਆ ਗਿਆ ਕਿ ਮਾਤਾ ਜੀਤੋ ਫਿਰ ਬੀਮਾਰ ਪੈ ਗਈ। ਇਸ ਬੀਮਾਰੀ ਨੇ ਉਨ੍ਹਾਂ ਦਾ ਅੰਤ ਸਮੇਂ ਤਕ ਪਿੱਛਾ ਨਾ ਛੱਡਿਆ ਤੇ 5 ਦਸੰਬਰ 1700 ਦੇ ਦਿਨ ਉਹ ਚੜ੍ਹਾਈ ਕਰ ਗਏ। ਉਨ੍ਹਾਂ ਦਾ ਸਸਕਾਰ ਪਿੰਡ ਅਗੰਮਗੜ੍ਹ ਵਿਚ ਕੀਤਾ ਗਿਆ।

# ਮਾਤਾ ਸੁੰਦਰ ਕੌਰ

ਮਾਤਾ ਸੁੰਦਰ ਕੌਰ ਲਾਹੌਰ ਦੇ ਭਾਈ ਰਾਮ ਸਰਨ ਕੁਮਰਾਓ ਦੀ ਬੇਟੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਸਨ। ਗੁਰੂ ਗੋਬਿੰਦ ਸਿੰਘ ਜੀ ਨਾਲ ਅਪ ਦਾ ਵਿਆਹ 4 ਅਪਰੈਲ 1684 ਦੇ ਦਿਨ ਹੋਇਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪਹਿਲੀ ਪਤਨੀ ਜੀਤ ਕੌਰ ਨੇ ਆਪਣੀ ਬੀਮਾਰੀ ਕਾਰਨ ਗੁਰੂ ਸਾਹਿਬ 'ਤੇ ਜ਼ੋਰ ਦੇ ਕੇ ਇਹ ਵਿਆਹ ਕਰਵਾਇਆ ਸੀ।

1685 ਵਿਚ ਗੁਰੂ ਸਾਹਿਬ ਪਾਉਂਟਾ ਚਲੇ ਗਏ। ਉੱਥੇ ਸੁੰਦਰ ਕੌਰ ਨੇ 30 ਮਾਘ ਸੰਮਤ 1743 (27 ਜਨਵਰੀ 1686) ਦੇ ਦਿਨ ਅਜੀਤ ਸਿੰਘ ਨੂੰ ਜਨਮ ਦਿੱਤਾ। ਬੱਚੇ ਨੂੰ ਜਨਮ ਦੇਣ ਮਗਰੋਂ ਮਾਤਾ ਸੁੰਦਰੀ ਬੀਮਾਰ ਪੈ ਗਈ। ਮਾਤਾ ਸੁੰਦਰ ਕੌਰ ਨੇ 1688 ਤੋਂ ਮਾਰਚ 1705 ਤਕ ਸਾ ਸਮਾਂ ਅਨੰਦਪੁਰ ਵਿਚ ਹੀ ਬਿਤਾਇਆ। 1705 ਵਿਚ ਅਨੰਦਪੁਰ ਦਾ ਘੇਰਾ ਪੈਣ ਤੋਂ ਕੁਝ ਦਿਨ ਪਹਿਲਾਂ ਉਹ ਆਪਣੀ ਨੂੰਹ ਤਾਰਾ ਕੌਰ ਨਾਲ ਅਨੰਦਪੁਰ ਤੋਂ ਲਖਨੌਰ, ਆਗਰਾ ਹੁੰਦੇ ਹੋਏ ਬੁਰਹਾਨਪੁਰ ਚਲੇ ਗਏ। 1706 ਵਿਚ ਜਦ ਆਪ ਨੂੰ ਗੁਰੂ ਸਾਹਿਬ ਦੇ ਤਲਵੰਡੀ ਹੋਣ ਦਾ ਪਤਾ ਲਗਾ ਤਾਂ ਆਪ ਉੱਥੇ ਪੁੱਜੇ ਤੇ ਛੇ-ਕੁ ਮਹੀਨੇ ਉੱਥੇ ਰਹੇ। ਅਕਤੂਬਰ 1708 ਵਿਚ ਜਦ ਗੁਰੂ ਜੀ ਦੱਖਣ ਵੱਲ ਗਏ ਤਾਂ ਆਪ ਭਾਈ ਮੱਲਾ ਸਿੰਘ ਅਤੇ ਗੋਦੜੀਆ ਸਿੰਘ ਨਾਲ ਦਿੱਲੀ ਚਲੇ ਗਏ ਤੇ ਉਥੋਂ ਫਿਰ ਬੁਰਹਾਨਪੁਰ ਚਲੇ ਗਏ। ਮਈ 1708 ਵਿਚ ਗੁਰੂ ਸਾਹਿਬ ਜਦ ਬੁਰਹਾਨਪੁਰ ਪੁੱਜੇ ਤਾਂ ਆਪ ਨਾਲ ਫਿਰ ਮੇਲ ਹੋਇਆ। ਅਕਤੂਬਰ 1708 ਵਿਚ ਆਪ ਗੁਰੂ ਸਾਹਿਬ ਦੀ ਅੰਤਮ ਅਰਦਾਸ ਵਿਚ ਸ਼ਾਮਿਲ ਹੋਣ ਨੰਦੇੜ ਗਏ। ਇਸ ਤੋਂ ਬਾਅਦ ਆਪ ਦਿੱਲੀ ਵਿਚ ਆ ਕੇ ਦਿਲਵਾਲੀ ਇਲਾਕੇ ਵਿਚ ਰਹਿਣ ਲਗ ਪਏ। ਵਿਚੋਂ ਇਕ ਵਾਰ ਆਪ ਅੰਮ੍ਰਿਤਸਰ ਵਿਚ ਵੀ ਆਏ। ਦਿੱਲੀ ਵਿਚ ਜਦ ਅਜੀਤ ਸਿੰਘ ਪਾਲਿਤ ਨੇ ਗ਼ਲਤ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਆਪ ਉਸ ਨੂੰ ਛੱਡ ਕੇ ਫਿਰ ਬੁਰਹਾਨਪੁਰ ਆ ਗਏ। ਅਜੀਤ ਸਿੰਘ ਦੀ ਮੌਤ (1725) ਮਗਰੋਂ ਦਿੱਲੀ ਦੇ ਸਿੱਖ ਆਪ ਨੂੰ ਵਾਪਿਸ ਲੈ ਆਏ। ਇੱਥੇ ਹੀ 13 ਅੱਸੂ ਸੰਮਤ 1803 (ਸੰਨ 1746) ਵਿਚ ਆਪ ਦੀ ਮੌਤ ਹੋਈ।

ਮਾਤਾ ਸੁੰਦਰ ਕੌਰ ਨੇ ਦਿੱਲੀ ਦੇ ਸਿੱਖਾਂ ਨੂੰ ਗੁਰਮਤਿ ਨਾਲ ਜੋੜੀ ਰੱਖਿਆ। ਮਗਰੋਂ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਨੇ ਆਪ ਨਾਲ ਜ਼ਿਆਦਤੀ ਕੀਤੀ ਤੇ ਇਹ ਲਿਖ ਮਾਰਿਆ ਕਿ ਆਪ ਨੇ ਫ਼ਰੱਖ਼ਸੀਅਰ ਨਾਲ ਮਿਲ ਕੇ ਬੰਦਾ ਸਿੰਘ ਦੇ ਖ਼ਿਲਾਫ਼ ਮੁਹਿੰਮ ਚਲਾਈ ਸੀ। ਜਦ ਕਿ ਇਹ ਕੋਰਾ ਝੂਠ ਹੈ। ਮਾਤਾ ਜੀ ਵੱਲੋਂ ਅਜਿਹਾ ਕੀਤੇ ਜਾਣ ਦਾ ਜ਼ਰਾ ਮਾਸਾ ਵੀ ਸਬੂਤ ਨਹੀਂ ਹੈ।

# ਮਾਤਾ ਸਾਹਿਬ ਕੌਰ

ਮਾਤਾ ਸਾਹਿਬ ਕੌਰ, ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਪਤਨੀ ਸਨ। ਇਹ ਭਾਈ ਰਾਮੂ ਬਸੀ ਵਾਸੀ ਰੋਹਤਾਸ ਦੀ ਪੁੱਤਰੀ ਸਨ (ਗੁਰੂ ਸਾਹਿਬ ਦਾ ਪਹਿਲਾ ਵਿਆਹ ਮਾਤਾ ਜੀਤ ਕੌਰ ਤੇ ਦੂਜਾ ਮਾਤਾ ਸੁੰਦਰ ਕੌਰ ਨਾਲ ਹੋਇਆ ਸੀ)।

1698 ਵਿਚ ਅਜਿਹਾ ਸਮਾਂ ਵੀ ਆ ਗਿਆ ਕਿ ਮਾਤਾ ਜੀਤੋ ਫਿਰ ਬੀਮਾਰ ਪੈ ਗਈ। ਹੁਣ ਮਾਤਾ ਸੁੰਦਰੀ ਤੇ ਮਾਤਾ ਜੀਤੋ ਦੋਵੇਂ ਬੀਮਾਰ ਸਨ ਤੇ ਮਾਤਾ ਗੁਜਰੀ ਬਹੁਤ ਬਜ਼ੁਰਗ ਸਨ। ਇਸ ਹਾਲਤ ਵਿਚ ਘਰ ਦਾ ਇੰਤਜ਼ਾਮ ਮੁਸ਼ਕਿਲ ਹੋ ਗਿਆ ਸੀ। ਇਨ੍ਹਾਂ ਦਿਨਾਂ ਵਿਚ ਰੋਹਤਾਸ ਤੋਂ ਸਾਹਿਬ ਦੇਵਾਂ ਦਾ ਪਰਵਾਰ ਉੱਥੇ ਪੁੱਜਾ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸਾਹਿਬ ਦੇਵਾਂ ਨਾਲ ਵਿਆਹ ਕਰਨ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਹੁਣ ਮੈਂ ਗ੍ਰਹਿਸਤ ਭੋਗ ਚੁਕਾ ਹਾਂ ਤੇ ਹੋਰ ਇਸ ਤੋਂ ਅੱਗੇ ਨਹੀਂ ਚਲਣਾ ਚਾਹੁੰਦਾ। ਇਸ 'ਤੇ ਸਾਹਿਬ ਦੇਵਾਂ ਨੇ ਕਿਹਾ ਕਿ ਮੇਰੇ ਨਾਲ ਸ਼ਾਦੀ ਕਰ ਲਓ, ਮੈਂ ਤਾਂ ਸਿਰਫ਼ ਸਾਹਿਬਜ਼ਾਦਿਆਂ, ਤੁਹਾਡੀਆਂ ਦੋਹਾਂ ਬੀਮਾਰ ਪਤਨੀਆਂ ਅਤੇ ਮਾਤਾ ਗੁਜਰੀ ਜੀ ਦੀ ਸੇਵਾ ਕਰਿਆ ਕਰਾਂਗੀ। ਇਸ ਸੂਰਤ ਵਿਚ ਗੁਰੂ ਸਾਹਿਬ ਨੇ 5 ਸਾਵਣ 1758 (5 ਜੁਲਾਈ 1700) ਦੇ ਦਿਨ ਸਾਹਿਬ ਦੇਵਾਂ ਨਾਲ ਵਿਆਹ ਕਰ ਲਿਆ।

---

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਘੇਰਾ ਪੈਣ ਤੋਂ ਪਹਿਲਾਂ ਹੀ ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ ਨੂੰ ਉੱਥੋਂ ਭੇਜ ਦਿੱਤਾ ਸੀ। ਉਹ ਲਖਨੌਰ ਹੁੰਦੇ ਹੋਏ ਪਹਿਲਾਂ ਆਗਰਾ, ਫਿਰ ਮਥਰਾ ਤੇ ਇਸ ਮਗਰੋਂ ਬੁਰਹਾਨਪੁਰ ਚਲੇ ਗਏ। ਕੁਝ ਚਿਰ ਉੱਥੇ ਰਹਿਣ ਮਗਰੋਂ ਆਪ ਫਿਰ ਦਿੱਲੀ ਆ ਗਏ। ਫਿਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਸਨ ਤਾਂ ਫਿਰ ਆਪ ਉੱਥੇ ਪੁੱਜੇ ਸਨ ਤੇ ਅਪ੍ਰੈਲ ਤੋਂ ਅਕਤੂਬਰ ਤਕ ਉੱਥੇ ਰਹੇ। ਦੱਖਣ ਵਲ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਜੀ ਨੇ ਮਾਤਾ ਸੁੰਦਰ ਕੌਰ ਨੂੰ ਭਾਈ ਮਾਲਾ ਸਿੰਘ, ਭਾਈ ਗੋਦਰੀਆ ਸਿੰਘ ਜੀ ਦੇ ਨਾਲ ਦਿੱਲੀ ਭੇਜ ਦਿਤਾ ਸੀ। ਮਾਤਾ ਸਾਹਿਬ ਕੌਰ ਜੀ ਦੱਖਣ ਵਿਚ ਗੁਰੂ ਸਾਹਿਬ ਕੋਲ ਹੀ ਸਨ ਤੇ ਇਸ ਮਗਰੋਂ ਆਪ ਦਿੱਲੀ ਆ ਗਏ। ਆਪ ਨੇ ਆਪਣੀ ਬਾਕੀ ਉਮਰ ਦਿੱਲੀ ਵਿਚ ਹੀ ਬਿਤਾਈ। ਇਥੇ ਹੀ, ਕੇਸਰ ਸਿੰਘ ਛਿਬਰ ਮੁਤਾਬਿਕ, 1731 ਵਿਚ ਅਕਾਲ ਚਲਾਣਾ ਕਰ ਗਏ। ਇਕ ਹੋਰ ਰਿਵਾਇਤ ਮੁਤਾਬਿਕ ਆਪ ਦੀ ਮੌਤ 27 ਅੱਸੂ, ਸੁਦੀ 6, ਸੰਮਤ 1804 (ਸੰਨ 1747) ਵਿਚ ਹੋਈ ਸੀ।

# ਬੀਬੀ ਤਾਰਾ ਕੌਰ (ਤੇ ਮਾਤਾ ਲਛਮੀ)

ਭੱਟ ਵਹੀ ਪੂਰਬੀ ਦੱਖਣੀ ਮੁਤਾਬਿਕ 1705 ਦੇ ਅਖ਼ੀਰ ਵਿਚ ਬੁਰਹਾਨਪੁਰ ਦੇ ਭਾਈ ਜੇਠਾ ਸਿੰਘ, ਉਨ੍ਹਾਂ ਦੀ ਸਿੰਘਣੀ ਬੀਬੀ ਲਛਮੀ ਕੌਰ ਤੇ ਬੇਟੀ ਤਾਰਾ ਕੌਰ ਅਨੰਦਪੁਰ ਸਾਹਿਬ ਆਏ ਹੋਏ ਸਨ। ਤਾਰਾ ਕੌਰ ਨੇ ਇਕ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਵੇਖਿਆ ਅਤੇ ਉਸ 'ਤੇ ਫ਼ਿਦਾ ਹੋ ਗਈ। ਉਸ ਦੇ ਮਾਪਿਆਂ ਨੇ ਉਸ ਦੀ ਹਾਲਤ ਵੇਖ ਕੇ ਗੁਰੂ ਸਾਹਿਬ ਨਾਲ ਗੱਲ ਕੀਤੀ। ਗੁਰੂ ਸਾਹਿਬ ਨੇ ਸਾਹਿਬਜ਼ਾਦੇ ਨਾਲ ਗੱਲ ਕੀਤੀ ਤਾਂ ਉਸ ਨੇ ਇਹ ਵਿਆਹ ਕਰਨਾ ਮਨਜ਼ੂਰ ਕਰ ਲਿਆ। ਇਹ ਵਿਆਹ 15 ਜਨਵਰੀ 1705 ਨੂੰ ਹੋਇਆ।

ਇਸ ਸਬੰਧੀ ਇਹ ਭੱਟ ਵਹੀ ਇੰਞ ਬਿਆਨ ਕਰਦੀ ਹੈ :

*"ਅਜੀਤ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਮਹਲ ਦਸਮੇਂ ਕਾ, ਪੋਤਾ ਗੁਰੂ ਤੇਗ ਬਹਾਦਰ ਜੀ ਕਾ, ਪੜਪੋਤਾ ਗੁਰੂ ਹਰਿਗੋਬਿੰਦ ਜੀ ਕਾ...ਬੰਸ ਗੁਰੂ ਅਰਜਨ ਜੀ ਕੀ, ਸੂਰਜਬੰਸੀ ਗੋਸਲ ਗੋਤਰਾ, ਸੋਢੀ ਖਤਰੀ, ਬਾਸੀ ਅਨੰਦਪੁਰ ਪਰਗਨਾ ਕਹਿਲੂਰ, ਕਾ ਵਿਵਾਹ, ਤਾਰਾ ਬਾਈ ਬੇਟੀ ਜੇਠਾ ਸਿੰਘ ਸੇ, ਸਾਲ ਸਤਰਾਂ ਸੈ ਇਕਾਹਟ ਮਾਘ ਸੁਦੀ ਏਕਮ ਕੇ ਦਿਵਸ, ਕਿਲਾ ਅਨੰਦਗਢ ਮੇਂ ਹੂਆ। ਗੁਰੂ ਕੀ ਕੜਾਹੀ ਕੀ...।"* (ਭੱਟ ਵਹੀ ਪੂਰਬੀ ਦੱਖਣੀ)

ਇਸੇ ਭੱਟ ਵਹੀ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੇ ਘਰ, 9 ਦਿਸੰਬਰ 1705 ਦੇ ਦਿਨ ਮਥਰਾ ਸ਼ਹਿਰ ਵਿਚ, ਇਕ ਬੇਟਾ ਹੋਣ ਦਾ ਜ਼ਿਕਰ ਵੀ ਮਿਲਦਾ ਹੈ। ਇਸ ਬੇਟੇ ਦਾ ਨਾਂ ਹਠੀ ਸਿੰਘ ਰੱਖਿਆ ਗਿਆ ਸੀ।

ਭੱਟ ਵਹੀ ਮੁਤਾਬਿਕ :

*"ਹਠੀ ਸਿੰਘ ਬੇਟਾ ਅਜੀਤ ਕਾ, ਪੋਤਾ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮੇਂ ਕਾ, ਪੜਪੋਤਾ ਗੁਰੂ ਤੇਗ ਬਹਾਦਰ ਜੀ ਕਾ, ਬੰਸ ਗੁਰੂ ਹਰਿਗੋਬਿੰਦ ਜੀ ਕੀ, ਸੂਰਜਬੰਸੀ ਗੋਸਲ ਗੋਤਰ ਸੋਢੀ ਖਤਰੀ, ਬਾਸੀ ਅਨੰਦਪੁਰ, ਪਰਗਨਾ ਕਹਿਲੂਰ, ਸੰਮਤ ਸਤਰਾਂ ਸੈ ਬਾਸਠ ਪੋਖ ਮਾਸੇ ਸੁਦੀ ਪੰਚਮੀਂ ਕੇ ਦਿਹੁੰ ਆਗਰਾ ਨਗਰੀ, ਪਰਗਨਾ ਮਥੁਰਾ ਭਾਈ ਸਰਧਾ ਸਿੰਘ ਬੇਟਾ ਮੋਹਕਮ ਦਾਸ ਗੁਲਾਟੀ ਅਰੋੜਾ ਕੇ ਗ੍ਰਿਹ ਮੇਂ ਹੂਆ। ਗੁਰੂ ਕੀ ਕੜਾਹੀ ਕੀ, ਅਥਿਤ ਗਰੀਬ ਗੁਰਬੇ ਕੋ ਮਾਨਾ।"* (ਭੱਟ ਵਹੀ ਪੂਰਬੀ ਦੱਖਣੀ, ਖਾਤਾ ਹਜਾਵਤ ਆਂਬਿਆਨੋਂ ਕਾ)।

ਨੋਟ: ਸਾਹਿਬਜ਼ਾਦਾ ਅਜੀਤ ਸਿੰਘ ਦੇ ਵਿਆਹ ਦਾ ਜ਼ਿਕਰ ਮੈਂ 'ਭੱਟ ਵਹੀਆਂ' ਵਿਚ ਆਏ ਹਵਾਲਿਆਂ ਕਰ ਕੇ ਕੀਤਾ ਹੈ। ਕੁਝ ਲੋਕ ਇਸ ਸ਼ਾਦੀ ਨੂੰ ਨਹੀਂ ਮੰਨਦੇ ਤੇ ਉਹ ਹਠੀ ਸਿੰਘ ਨੂੰ ਅਜੀਤ ਸਿੰਘ ਪਾਲਿਤ ਦਾ ਪੁੱਤਰ ਬਣਾ ਦੇਂਦੇ ਹਨ।

1705 ਵਿਚ ਅਨੰਦਪੁਰ ਦਾ ਘੇਰਾ ਪੈਣ ਤੋਂ ਕੁਝ ਦਿਨ ਪਹਿਲਾਂ ਉਹ ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ ਨਾਲ ਅਨੰਦਪੁਰ ਤੋਂ ਲਖਨੌਰ, ਆਗਰਾ ਹੁੰਦੇ ਹੋਏ ਬੁਰਹਾਨਪੁਰ ਚਲੇ ਗਏ। ਮਈ 1708 ਵਿਚ ਜਦ ਗੁਰੂ ਜੀ ਦੱਖਨ ਵੱਲ ਗਏ ਤਾਂ ਆਪ ਰਾਹ ਵਿਚ ਬੁਰਹਾਨਪੁਰ ਰੁਕੇ ਤੇ ਉੱਥੇ ਆਪਣੀ ਨੂੰਹ ਤੇ ਪੋਤੇ ਹਠੀ ਸਿੰਘ ਨੂੰ ਮਿਲੇ। ਇੱਥੇ ਗੁਰੂ ਜੀ ਨੇ ਇਕ ਮੁਕਾਮੀ ਨੌਜਵਾਨ

ਨਾਲ ਤਾਰਾ ਕੌਰ ਦਾ ਦੋਬਾਰਾ ਵਿਆਹ ਕਰ ਦਿੱਤਾ ਤੇ ਉਸ ਮੁੰਡੇ ਦਾ ਨਾਂ ਅਜੀਤ ਸਿੰਘ ਰੱਖਿਆ। ਅਜਿਹਾ ਜਾਪਦਾ ਹੈ ਕਿ ਬੀਬੀ ਤਾਰਾ ਕੌਰ ਨੇ ਇਹ ਵਿਆਹ ਕਰਵਾ ਤਾਂ ਲਿਆ ਪਰ ਨਵੇਂ ਪਤੀ ਨਾਲ ਸੰਗ ਨਹੀਂ ਕੀਤਾ। ਇਸ ਬਾਰੇ ਕੋਈ ਪਤਾ ਨਹੀਂ ਲਗਦਾ ਕਿ ਉਹ ਮਾਤਾ ਜੀ ਦੇ ਨਾਲ ਦਿੱਲੀ ਗਈ ਜਾਂ ਬੁਰਹਾਨਪੁਰ ਹੀ ਰਹਿੰਦੀ ਰਹੀ। ਪਰ ਉਸ ਦੀ ਮੌਤ ਬਹੁਤ ਚਿਰ ਮਗਰੋਂ ਬੁਰਹਾਨਪੁਰ ਵਿਚ ਹੀ ਹੋਈ ਸੀ।

# ਬੀਬੀ ਪੰਜਾਬ ਕੌਰ

ਬੀਬੀ ਪੰਜਾਬ ਕੌਰ ਸਤਵੀਂ ਪਾਤਸ਼ਾਹੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਵਡੇ ਪੁੱਤਰ ਰਾਮ ਰਾਇ ਦੀ ਪਤਨੀ ਸਨ। ਆਪ ਦਾ ਜਨਮ ਰਾਮ ਨਰਾਇਣ ਦੇ ਘਰ ਪਿੰਡ ਨੰਗਲ ਅੰਬੀਆਂ (ਦੁਆਬੇ) ਵਿਖੇ ਹੋਇਆ। ਇਹ ਸ਼ੁਰੂ ਤੋਂ ਹੀ ਬਹੁਤ ਧਾਰਮਿਕ ਸੋਚ ਵਾਲੀ ਤੇ ਆਮ ਲੜਕੀਆਂ ਨਾਲੋਂ ਵਖਰੇ ਗੁਣਾਂ ਵਾਲੀ ਸਨ। ਪਿੰਡ ਨੰਗਲ ਅੰਬੀਆਂ ਵਿਚ ਆਪ ਜੀ ਨਾਲ ਸੰਬੰਧਿਤ ਕਈ ਕਹਾਣੀਆਂ ਪ੍ਰਚਲਿਤ ਹਨ। ਉਹ ਪਿੱਪਲ ਜਿਥੇ ਉਹ ਪੀਂਘ ਪਾ ਕੇ ਝੂਟਦੇ ਰਹੇ, ਤੇ ਉਹ ਬਾਉਲੀ ਜਿਥੋਂ ਉਹ ਪਾਣੀ ਭਰਨ ਜਾਂਦੇ ਸਨ ਵੀ ਅਜੇ ਕਾਇਮ ਹਨ।

ਪੰਜਾਬ ਕੌਰ ਵਿਆਹ ਤੋਂ ਬਾਅਦ ਕੁਝ ਸਮਾਂ ਪਿੰਡ ਨੰਗਲ ਅੰਬੀਆਂ ਰਹੇ ਫਿਰ ਰਾਮ ਰਾਇ ਨਾਲ ਖੁਰਵੱਧੀ (ਹੁਣ ਡੇਹਰਾਦੂਨ) ਚਲੇ ਗਏ। ਰਾਮ ਰਾਇ ਦੇ ਮਸੰਦ, ਜੋਕਿ ਰਾਮ ਰਾਇ ਜੀ ਦੀ ਜਾਇਦਾਦ 'ਤੇ ਅੱਖ ਰੱਖਣ ਲਗ ਪਏ ਸਨ, ਹੁਣ ਉਸ ਨੂੰ ਖਤਮ ਕਰ ਦੇਣ ਦੀਆਂ ਸਕੀਮਾਂ ਵੀ ਸੋਚਣ ਲਗ ਪਏ। ਇਕ ਦਿਨ ਇਨ੍ਹਾਂ ਮਸੰਦਾਂ ਨੇ ਉਸ ਨੂੰ ਜ਼ਹਿਰ ਦੇ ਕੇ ਬੇਹੋਸ਼ ਕਰ ਦਿਤਾ ਤੇ ਉਸ ਦੀ ਦੇਹ ਦਾ ਸਸਕਾਰ ਵੀ ਕਰ ਦਿਤਾ। ਰਾਮ ਰਾਇ ਦੀ ਮੌਤ 4 ਸਤੰਬਰ 1687 ਨੂੰ ਹੋਈ। ਪੰਜਾਬ ਕੌਰ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਾਉਂਟਾ ਵਿਚ ਸੁਨੇਹਾ ਭੇਜਿਆ। ਰਾਮ ਰਾਇ ਦੇ ਭੋਗ 'ਤੇ ਗੁਰੂ ਜੀ ਹਾਜ਼ਰ ਹੋਏ। ਪੰਜਾਬ ਕੌਰ ਨੇ ਮਸੰਦਾਂ ਦੀਆਂ ਜ਼ਿਆਦਤੀਆਂ ਤੋਂ ਗੁਰੂ ਜੀ ਨੂੰ ਜਾਣੂ ਕਰਵਾਇਆ। ਫਿਰ ਰਾਮ ਰਾਇ ਦੇ ਵਰ੍ਹੀਣੇ ਤੇ ਗੁਰੂ ਜੀ ਨੇ ਭਾਈ ਮਨੀ ਸਿੰਘ ਤੇ ਦੀਵਾਨ ਦਰਗਹ ਮਲ ਨੂੰ ਭੇਜਿਆ। ਉਸ ਵੇਲੇ ਗੁਰਬਖ਼ਸ਼ ਮਾੜੇ ਬੋਲ ਬੋਲਣ ਲਗਾ ਤਾਂ ਭਾਈ ਮਨੀ ਸਿੰਘ ਨੇ ਉਸ ਨੂੰ ਧੱਕਾ ਦੇ ਕੇ ਜ਼ਮੀਨ 'ਤੇ ਸੁੱਟ ਲਿਆ; ਪਰ ਉਹ ਮੁਆਫ਼ੀ ਮੰਗ ਕੇ ਉੱਥੋਂ ਖਿਸਕ ਗਿਆ। ਗੁਰਬਖਸ਼ ਸਿਧਾ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਕੋਲ ਭੱਜ ਗਿਆ। ਉਸ ਨੇ ਰਾਜੇ ਨੂੰ ਝੂਠੀਆਂ ਸੱਚੀਆਂ ਗੰਢ ਕੇ ਦਸੀਆਂ ਜਿਸ ਦੇ ਨਤੀਜੇ ਵਜੋਂ 18 ਸਤੰਬਰ 1687 ਨੂੰ ਭੰਗਾਣੀ ਦਾ ਯੁੱਧ ਹੋਇਆ। ਇਸ ਲੜਾਈ ਵਿਚ ਫ਼ਤਹਿ ਸ਼ਾਹ ਬੁਰੂ ਤਰ੍ਹਾਂ ਹਾਰ ਗਿਆ ਪਰ ਇਸ ਨਾਲ ਇਕ ਵਾਰ ਤਾਂ ਠੰਡ ਵਰਤ ਗਈ।

ਪੰਜਾਬ ਕੌਰ ਨੇ ਇਕ ਵਾਰ ਫੇਰ 1694 ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਖੁਰਵੱਧੀ ਆਉਣ ਵਾਸਤੇ ਅਰਜ਼ ਕੀਤੀ। ਗੁਰੁ ਜੀ ਦੀਵਾਨ ਮਨੀ ਰਾਮ ਤੇ ਕੁਝ ਹੋਰ ਪ੍ਰਮੁੱਖ ਸਿੱਖਾਂ ਸਮੇਤ ਖੁਰਵੱਧੀ ਪਹੁੰਚੇ। ਗੁਰੂ ਜੀ ਦਾ ਆਉਣਾ ਸੁਣ ਕੇ ਸੰਗਤਾਂ ਦਰਸ਼ਨ ਕਰਨ ਆ ਪੂਜੀਆਂ। ਇਥੇ ਗੁਰੂ ਜੀ ਪੰਜ ਦਿਨ ਰਹੇ। ਪੰਜਾਬ ਕੌਰ ਆਪ ਵੀ ਕਈ ਵਾਰ ਅਨੰਦਪੁਰ ਸਾਹਿਬ ਪੁਜਦੇ ਰਹੇ। ਆਪ ਖੁਰਵੱਧੀ ਵਿਚ ਹੀ 8 ਅਪਰੈਲ 1741 ਨੂੰ ਚੜ੍ਹਾਈ ਕਰ ਗਏ।

# ਬੀਬੀ ਰਾਜ ਕੌਰ

ਬੀਬੀ ਰਾਜ ਕੌਰ, ਗੁਰੂ ਹਰਿ ਰਾਇ ਸਾਹਿਬ ਜੀ ਦੇ ਵਡੇ ਪੁੱਤਰ ਰਾਮ ਰਾਏ ਜੀ ਦੀ ਪਹਿਲੀ ਪਤਨੀ ਸੀ। ਜਦੋਂ ਰਾਮ ਰਾਏ ਜੀ ਨੇ ਦੂਜਾ ਵਿਆਹ ਪੰਜਾਬ ਕੌਰ ਨਾਲ ਕਰ ਲਿਆ ਤੇ ਰਾਜ ਕੌਰ ਖੁਰਵੱਧੀ (ਡੇਹਰਾਦੂਨ) ਛੱਡ ਕੇ ਆਪਣੇ ਪੇਕੇ ਪਿੰਡ ਮਨੀਮਾਜਰਾ ਨੇੜੇ ਚੰਡੀਗੜ੍ਹ ਆ ਗਈ। ਇਹ ਉਦੋਂ ਹੀ ਖੁਰਵੱਧੀ ਗਈ ਜਦੋਂ 1687 ਵਿਚ ਰਾਮ ਰਾਏ ਚਲਾਣਾ ਕਰ ਗਿਆ ਤੇ ਭੋਗ ਤੋਂ ਮਗਰੋਂ ਮੁੜ ਵਾਪਸ ਮਨੀਮਾਜਰਾ ਆ ਗਈ। ਇਸ ਨੇ ਆਪਣੀ ਬਾਕੀ ਜ਼ਿੰਦਗੀ ਵੀ ਆਪਣੇ ਪੇਕੇ ਘਰ ਮਨੀ ਮਾਜਰੇ ਵਿਚ ਹੀ ਬਤੀਤ ਕੀਤੀ। ਜਦ ਗੁਰੂ ਗੋਬਿੰਦ ਸਿੰਘ ਸਾਹਿਬ ਅਕਤੂਬਰ 1688 ਵਿਚ ਪਾਉਂਟਾ ਤੋਂ ਚੱਕ ਨਾਨਕੀ ਆਏ ਤਾਂ ਰਸਤੇ ਵਿਚ ਰਾਜ ਕੌਰ ਨੂੰ ਮਿਲਣ ਵਾਸਤੇ ਠਹਿਰੇ। ਰਾਜ ਖੌਰ ਦੀ ਮੌਤ ਮਨੀਮਾਜਰਾ ਵਿਚ ਹੀ ਹੋਈ; ਉੱਥੇ ਉਸ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਉਸ ਦੇ ਵੇਲੇ ਦਾ ਇਕ ਬੂਟਾ ਅੱਜ ਵੀ ਮੌਜੂਦ ਹੈ।

# ਰਾਣੀ ਚੰਪਾ

ਰਾਣੀ ਚੰਪਾ ਮੰਡੀ ਦੇ ਰਾਜੇ ਦੀ ਬੇਟੀ ਸੀ। ਉਸ ਦਾ ਵਿਆਹ ਬਿਲਾਸਪੁਰ ਦੇ ਰਾਜੇ ਦੀਪ ਚੰਦ ਨਾਲ ਹੋਇਆ ਸੀ। ਦੀਪ ਚੰਦ ਦੇ ਦਾਦਾ ਕਲਿਆਣ ਚੰਦ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲ੍ਹੇ ਦੀ ਜੇਲ ਵਿਚੋਂ ਰਿਹਾ ਕਰਵਾਇਆ ਸੀ। ਇਹ ਪਰਿਵਾਰ ਅਕਤੂਬਰ 1619 ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਗੁਰੂ ਘਰ ਨਾਲ ਜੁੜਿਆ ਰਿਹਾ ਤੇ ਗੁਰੂ ਘਰ ਦਾ ਬੇਹੱਦ ਸ਼ਰਧਾਲੂ ਰਿਹਾ। ਰਾਣੀ ਚੰਪਾ ਦੇ ਸੱਦੇ ’ਤੇ ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਕਈ ਵਾਰ ਬਿਲਾਸਪੁਰ ਗਏ।

1624 ਵਿਚ ਗੁਰੂ ਹਰਗੋਬਿੰਦ ਸਾਹਿਬ ਨੇ ਰਾਜਾ ਕਲਿਆਣ ਚੰਦ ਤੋਂ ਜ਼ਮੀਨ ਖ਼ਰੀਦ ਕੇ ਆਪਣੇ ਵੱਡੇ ਪੁੱਤਰ (ਬਾਬਾ) ਗੁਰਦਿੱਤਾ ਨੂੰ ਦੇ ਦਿੱਤੀ ਤੇ ਉਸ ਨੇ ਇੱਥੇ ਕੀਰਤਪੁਰ ਵਸਾਇਆ। ਛੇਵੇਂ ਪਾਤਸਾਹ 1635 ਵਿਚ ਏਥੇ ਆ ਗਏ। 1645 ਵਿਚ ਗੁਰੂ ਹਰਿ ਰਾਇ ਸਾਹਿਬ ਨੇ ਕੀਰਤਪੁਰ ਵਿਚ ਇਕ ਕਿਲ੍ਹਾ ਵੀ ਬਣਾਇਆ (ਜਿੱਥੇ ਅਜ-ਕਲ੍ਹ ਗੁਰਦੁਆਰਾ ਤਖ਼ਤ ਸਾਹਿਬ ਹੈ)। 1661 ਵਿਚ ਰਾਣੀ ਚੰਪਾ ਨੇ ਆਪਣੇ ਰਾਜ ਦਾ ਚਰਨੌਲੀ ਪਿੰਡ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਅਰਦਾਸ ਕਰਾਇਆ, ਪਰ ਗੁਰੁ ਸਾਹਿਬ ਨੇ ਇਸ ਦਾ ਮੁੱਲ ਦੇ ਕੇ ਹੀ ਇਸ ਨੂੰ ਕਬੂਲ ਕੀਤਾ।

27 ਅਪ੍ਰੈਲ 1665 ਨੂੰ ਹੀ ਰਾਣੀ ਚੰਪਾ ਦੇ ਪਤੀ ਰਾਜਾ ਦੀਪ ਚੰਦ ਚੜ੍ਹਾਈ ਕਰ ਗਏ। ਰਾਜੇ ਦੀਪ ਚੰਦ ਦੇ ਭੋਗ ਤੇ ਗੁਰੂ ਤੇਗ ਬਹਾਦਰ ਸਾਹਿਬ ਬਿਲਾਸਪੁਰ ਗਏ। ਇਸ ਸਮੇਂ ਰਾਣੀ ਚੰਪਾ ਨੂੰ ਪਤਾ ਲਗਾ ਕਿ ਗੁਰੂ ਤੇਗ ਬਹਾਦਰ ਸਾਹਿਬ ਕੀਰਤਪੁਰ ਛੱਡ ਕੇ ਧਮਤਾਨ ਜਾ ਰਹੇ ਹਨ ਤਾਂ ਉਸ ਨੇ ਮਾਤਾ ਨਾਨਕੀ (ਗੁਰੁ ਤੇਗ਼ ਬਹਾਦਰ ਸਾਹਿਬ ਦੇ ਮਾਤਾ ਜੀ) ਰਾਹੀਂ ਗੁਰੂ ਜੀ ਨੂੰ ਕੀਰਤਪੁਰ ਨਾ ਛਡਣ ਦੀ ਅਰਜ਼ ਕੀਤੀ। ਉਸ ਨੇ ਕਿਹਾ ਕਿ ਗੁਰੂ ਜੀ ਜਿਸ ਜਗਹ, ਜਿੰਨੀ ਜ਼ਮੀਨ ਚਾਹੁਣ ਲੈ ਲੈਣ ਤੇ ਆਪਣਾ ਹੈੱਡ ਕੁਆਰਟਰ ਬਣਾ ਲੈਣ। ਗੁਰੂ ਜੀ ਜ਼ਮੀਨ ਲੈਣੀ ਤਾਂ ਮੰਨ ਗਏ ਪਰ ਇਸ ਸ਼ਰਤ ’ਤੇ ਕਿ ਉਹ ਇਸ ਦੀ ਕੀਮਤ ਤਾਰਨਗੇ। 19 ਜੂਨ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚੱਕ ਨਾਨਕੀ ਪਿੰਡ (ਹੁਣ ਅਨੰਦਪੁਰ ਸਾਹਿਬ ਦਾ ਹਿੱਸਾ) ਦੀ ਨੀਂਹ ਰਖੀ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਨਾਲ ਵੀ ਰਾਣੀ ਚੰਪਾ ਤੇ ਉਸ ਦੇ ਬੇਟੇ ਰਾਜਾ ਭੀਮ ਚੰਦ ਦਾ ਵੀ ਗੁਰੂ ਘਰ ਨਾਲ ਬਣਿਆ ਰਿਹਾ।

ਮਾਰਚ 1685 ਵਿਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਨੂੰ ਆਪਣੇ ਕੋਲ ਨਾਹਨ ਆਉਣ ਦੀ ਅਰਜ਼ ਕੀਤੀ। ਜਦ ਗੁਰੂ ਜੀ ਉੱਥੇ ਗਏ ਤਾਂ ਜੇ ਨੇ ਉਨ੍ਹਾਂ ਨੂੰ ਆਪਣਾ ਹੈੱਡਕੁਆਰਟਰ ਉੱਥੇ ਬਣਾਉਣ ਵਾਸਤੇ ਮਨਾ ਲਿਆ। ਗੁਰੁ ਜੀ ਨੇ ਯਮਨਾ ਦਰਿਆ ਦੇ ਕੰਢੇ ਪਾਉਂਟਾ ਨਾਂ ਦਾ ਪਿੰਡ ਬੰਨ੍ਹਿਆ। ਆਪ ਸਾਢੇ ਤਿੰਨ ਸਾਲ ਪਾਉਂਟਾ ਸਾਹਿਬ ਰਹੇ ਤੇ ਰਾਣੀ ਚੰਪਾ ਵੱਲੋਂ ਵਾਰ-ਵਾਰ ਰਜ਼ ਕਰਨ 'ਤੇ ਅਕਤੂਬਰ 1688 ਵਿਚ ਮੁੜ ਅਨੰਦਪੁਰ ਵਾਪਸ ਆ ਗਏ। ਜਦੋਂ ਰਾਜੇ ਭੀਮ ਚੰਦ ਤੇ ਉਸ ਦੀ ਮਾਤਾ ਰਾਣੀ ਚੰਪਾ ਨੂੰ ਗੁਰੂ ਜੀ ਦੇ ਵਾਪਸ ਅਨੰਦਪੁਰ ਸਾਹਿਬ ਆਉਣ ਦਾ ਪਤਾ ਲਗਾ ਤੇ ਦੋਵੇਂ ਮਾਂ-ਪੁੱਤਰ ਗੁਰੂ ਜੀ ਨੂੰ ਮਿਲਣ ਲਈ ਅਨੰਦਪੁਰ ਸਾਹਿਬ ਪੁਜੇ ਤੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਰਾਣੀ ਚੰਪਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕਹਿਣ 'ਤੇ ਅਗੰਮਪੁਰ, ਤਾਰਾਪੁਰ, ਮਟੌਰ, ਲੌਦੀਪੁਰ, ਸਹੋਟਾ ਪਿੰਡਾਂ ਦੀ ਜ਼ਮੀਨ ਅਰਦਾਸ ਕਰਾਈ ਪਰ ਗੁਰੂ ਸਾਹਿਬ ਨੇ ਇਹ ਜ਼ਮੀਨ ਲੈਣੀ ਮਨਜ਼ੂਰ ਤਾਂ ਕਰ ਲਈ ਪਰ ਸ਼ਰਤ ਰੱਖੀ ਕਿ ਉਹ ਇਸ ਨੂੰ ਮੁਫ਼ਤ ਨਹੀਂ ਲੈਣਗੇ।

1691 ਨੂੰ ਰਾਜੇ ਭੀਮ ਚੰਦ ਤੇ ਮੁਗਲ ਫੌਜ ਨੇ ਧਾਵਾ ਬੋਲ ਦਿੱਤਾ। ਗੁਰੂ ਜੀ ਖਾਲਸਾ ਫੌਜਾਂ ਸਮੇਤ ਰਾਜੇ ਭੀਮ ਚੰਦ ਦੀ ਮਦਦ ਲਈ ਪੁਜੇ। ਇਹ ਨਦੌਣ ਦਾ ਯੁਧ ਸੀ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਦੌਲਤ ਪਹਾੜੀ ਰਾਜਿਆਂ ਦੀ ਜਿੱਤ ਹੋਈ ਸੀ।

ਇਸ ਤੋਂ ਕੁਝ ਦਿਨ ਬਾਅਦ 30 ਅਪਰੈਲ 1691 ਦੇ ਦਿਨ ਰਾਣੀ ਚੰਪਾ ਚੜ੍ਹਾਈ ਕਰ ਗਈ। ਗੁਰੂ ਜੀ ਪਰਿਵਾਰ ਸਮੇਤ ਤੇ ਕੁਝ ਦਰਬਾਰੀ ਸਿੱਖਾਂ ਸਮੇਤ ਰਾਣੀ ਚੰਪਾ ਦੇ ਭੋਗ 'ਤੇ ਬਿਲਾਸਪੁਰ ਪੁਜੇ।

1692 ਵਿਚ ਰਾਣੀ ਚੰਪਾ ਦਾ ਪੁੱਤਰ ਰਾਜਾ ਭੀਮ ਚੰਦ ਵੀ ਚੜ੍ਹਾਈ ਕਰ ਗਿਆ। ਉਸ ਤੋਂ ਬਾਅਦ ਉਸ ਦਾ ਪੁੱਤਰ ਰਾਜਾ ਅਜਮੇਰ ਚੰਦ ਬਿਲਾਸਪੁਰ ਦਾ ਰਾਜਾ ਬਣਿਆ, ਪਰ ਆਪਣੇ ਬ੍ਰਾਹਮਣ ਵਜ਼ੀਰ ਦੇ ਡਹੇ ਚੜ੍ਹ ਕੇ ਉਹ ਸਿੱਖ-ਦੁਸ਼ਮਣ ਬਣ ਗਿਆ। ਅਜਮੇਰ ਚੰਦ ਗੁਰੂ ਸਾਹਿਬ ਨਾਲ ਗ਼ੈਰਸਾਲੀ ਕਰਨ ਲਗ ਪਿਆ ਅਤੇ ਮੁਗਲਾਂ ਦੇ ਧੜੇ ਵਿਚ ਸ਼ਾਮਲ ਹੋ ਗਿਆ। ਇਸ ਨੇ 1700 ਤੋਂ ਲੈ ਕੇ 1705 ਤਕ ਬਹੁਤ ਵਾਰੀ ਅਨੰਦਪੁਰ ਸਾਹਿਬ 'ਤੇ ਹਮਲੇ ਕੀਤੇ।

# ਰਾਣੀ ਹੀਰਾ ਬਾਈ (ਬਸਾਲੀ)

ਬਸਾਲੀ (ਨਿਰਮੋਹਗੜ੍ਹ ਅਤੇ ਕੀਰਤਪੁਰ ਸਾਹਿਬ ਤੋਂ 13-14 ਕਿਲੋਮੀਟਰ ਦੂਰ) ਇਕ ਪਹਾੜੀ ਪਿੰਡ ਹੈ। ਉਦੋਂ ਇਹ ਇਕ ਨਿੱਕੀ ਜਿਹੀ ਰਿਆਸਤ ਸੀ। ਇਸ ਦਾ ਰਾਜਾ ਸਲਾਹੀ ਚੰਦ ਸੀ। ਸਲਾਹੀ ਚੰਦ ਦੀ ਪਤਨੀ ਰਾਣੀ ਹੀਰਾ ਦੇਵੀ ਬਿਲਾਸਪੁਰ ਦੀ ਰਾਣੀ ਚੰਪਾ (ਅਜਮੇਰ ਚੰਦ ਦੀ ਦਾਦੀ) ਦੀ ਸਕੀ ਭੈਣ ਸੀ। ਰਾਣੀ ਚੰਪਾ (ਮੌਤ 1691) ਆਖ਼ਰੀ ਸਾਹਾਂ ਤੱਕ ਗੁਰੂ ਘਰ ਦੀ ਸੇਵਾਦਾਰ ਰਹੀ ਸੀ।

ਅਕਤੂਬਰ 1700 ਵਿਚ ਜਦੋਂ ਹੀਰਾ ਦੇਵੀ ਤੇ ਸਲਾਹੀ ਚੰਦ ਨੂੰ ਪਤਾ ਲੱਗਾ ਕਿ ਅਜਮੇਰ ਚੰਦ ਨੇ ਦਗ਼ਾ ਕਰ ਕੇ ਗੁਰੂ ਸਾਹਿਬ 'ਤੇ ਹਮਲਾ ਕੀਤਾ ਹੈ ਤੇ ਨਿਰਮੋਹਗੜ੍ਹ ਦੀ ਘੇਰਾ-ਬੰਦੀ ਕੀਤੀ ਹੋਈ ਹੈ ਤਾਂ ਉਨ੍ਹਾਂ ਨੇ ਆਪਣਾ ਵਜ਼ੀਰ ਗੁਰੂ ਜੀ ਵੱਲ ਭੇਜਿਆ ਤੇ ਉਨ੍ਹਾਂ ਨੂੰ ਨਿਰਮੋਹਗੜ੍ਹ ਛੱਡ ਕੇ ਬਸਾਲੀ ਆਉਣ ਵਾਸਤੇ ਆਖਿਆ। ਬਸਾਲੀ ਰਿਆਸਤ ਸਤਲੁਜ ਨਦੀ ਦੇ ਦੂਜੇ ਪਾਰ ਸੀ। ਗੁਰੂ ਸਾਹਿਬ 15 ਅਕਤੂਬਰ ਨੂੰ ਤੜਕੇ ਵੇਲੇ ਨਿਰਮੋਹਗੜ੍ਹ ਤੋਂ ਸਰਸਾ ਨਦੀ ਵੱਲ ਚੱਲ ਪਏ ਤਾਂ ਜੋ ਦਰਿਆ ਪਾਰ ਕਰ ਕੇ ਬਸਾਲੀ ਜਾ ਸਕਣ। ਉਧਰ ਜਦੋਂ ਅਜਮੇਰ ਚੰਦ ਨੂੰ ਇਸ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੀ ਫ਼ੌਜ ਤੇ ਮੁਗ਼ਲ ਫ਼ੌਜਾਂ ਨੂੰ ਇਕੱਠੇ ਕਰ ਕੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖ ਫ਼ੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਤੇ ਆਪ ਦਰਿਆ ਪਾਰ ਕਰ ਗਏ। ਮਗਰੋਂ ਸਾਰੇ ਸਿੱਖ ਵੀ ਦਰਿਆ ਪਾਰ ਕਰ ਗਏ।

15 ਅਕਤੂਬਰ 1700 ਦੀ ਸ਼ਾਮ ਵੇਲੇ ਗੁਰੂ ਸਾਹਿਬ ਬਸਾਲੀ ਪਹੁੰਚ ਗਏ। ਬਸਾਲੀ ਦੇ ਲੋਕਾਂ ਗੁਰੂ ਸਾਹਿਬ ਨੂੰ ਬੜੀ ਗਰਮ-ਜੋਸ਼ੀ ਨਾਲ ਜੀ ਆਇਆਂ ਆਖਿਆ। ਗੁਰੂ ਸਾਹਿਬ ਰਾਜਾ ਸਲਾਹੀ ਚੰਦ ਦੇ ਮਹਿਲ ਵਿਚ ਰਹੇ ਤੇ ਸਿੰਘਾਂ ਵਾਸਤੇ ਪਹਾੜੀ ਦੇ ਹੇਠਾਂ ਤੰਬੂ ਲਾ ਦਿੱਤੇ ਗਏ। ਇੰਞ ਕੁਝ ਦਿਨ ਦੀਵਾਨ ਸਜਦੇ ਰਹੇ। ਇਸ ਦੌਰਾਨ ਸਾਲਾਹੀ ਚੰਦ ਨੇ ਅਜਮੇਰ ਚੰਦ ਨੂੰ ਸਮਝਾ ਬੁਝਾ ਕੇ ਇਕ ਵਾਰ ਤਾਂ ਰਸਤੇ 'ਤੇ ਲੈ ਆਂਦਾ ਤੇ 29 ਅਕਤੂਬਰ ਨੂੰ ਗੁਰੂ ਸਹਿਬ ਬਸਾਲੀ ਤੋਂ ਵਾਪਿਸ ਅਨੰਦਪੁਰ ਵਾਸਤੇ ਚਲ ਪਏ।

ਰਾਜਾ ਸਲਾਹੀ ਚੰਦ 25 ਅਕਤੂਬਰ 1702 ਦੇ ਦਿਨ ਚੜ੍ਹਾਈ ਕਰ ਗਿਆ। ਗੁਰੂ ਜੀ ਇਸ ਮੌਕੇ 'ਤੇ ਫੇਰ ਬਸਾਲੀ ਗਏ ਤੇ ਹੀਰਾ ਬਾਈ ਨੂੰ ਤਸੱਲੀ ਦਿੱਤੀ ਕਿ ਜਦ ਵੀ ਉਹ ਯਾਦ ਕਰੇਗੀ ਉਹ ਪਹੁੰਚ ਜਾਣਗੇ। ਹੀਰਾ ਬਾਈ ਨੇ ਕਦੋਂ ਚੜ੍ਹਾਈ ਕੀਤੀ ਇਸ ਦਾ ਕੋਈ ਪਤਾ ਨਹੀਂ ਲਗਦਾ ਕਿਉਂਕਿ ਗੁਰੂ ਸਾਹਿਬ 6 ਦਸੰਬਰ 1705 ਨੂੰ ਅਨੰਦਪੁਰ ਸਾਹਿਬ ਤੋਂ ਚਲੇ ਗਏ ਸਨ।।

# ਮਾਤਾ ਭੇਖਾਂ

ਮਾਈ ਭੇਖਾਂ, ਭਾਈ ਆਦਮ ਜੀ ਦੀ ਪਤਨੀ ਸੀ ਜੋ (ਮੌਜੂਦਾ ਜ਼ਿਲ੍ਹਾ ਬਠਿੰਡਾ ਦੇ) ਭੁੱਚੋ ਨਾਂ ਦੇ ਪਿੰਡ ਵਿਚ ਰਹਿੰਦੀ ਸੀ। ਇਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਔਲਾਦ ਪ੍ਰਾਪਤ ਕਰਨ ਦੀ ਸੋਚ ਨਾਲ ਦੋਵੇਂ ਜੀ ਭੁਚੋਂ ਤੋਂ ਅੰਮ੍ਰਿਤਸਰ ਆ ਵਸੇ। ਭਾਈ ਆਦਮ ਵੀ ਜੰਗਲ ਵਿਚੋਂ ਲਕੜਾਂ ਲਿਆਉਣ ਦੀ ਸੇਵਾ ਕਰਨ ਲਗ ਪਿਆ।

ਭਾਈ ਆਦਮ ਦੋ ਫੇਰਿਆਂ ਦੀਆਂ ਲਕੜਾਂ ਲੰਗਰ ਵਿਚ ਰੱਖ ਦੇਂਦਾ ਸੀ ਅਤੇ ਇਕ ਹੋਰ ਵਾਧੂ ਫੇਰੇ ਦੀਆਂ ਲਕੜਾਂ ਆਪਣੇ ਕੋਲ ਰਖ ਲੈਂਦਾ ਸੀ। ਇਸ ਤਰ੍ਹਾਂ ਉਸ ਕੋਲ ਕਾਫੀ ਸਾਰੀਆਂ ਲਕੜਾਂ ਸੰਭਾਲੀਆਂ ਪਈਆਂ ਸਨ। ਇਕ ਦਿਨ ਗੁਰੂ ਰਾਮਦਾਸ ਜੀ ਗੋਇੰਦਵਾਲ ਤੋਂ ਮੁੜੇ ਤਾਂ ਬਹੁਤ ਜ਼ਬਰਦਸਤ ਮੀਂਹ ਲੱਥ ਪਿਆ ਜਿਸ ਨਾਲ ਗੁਰੂ ਜੀ ਤੇ ਉਨ੍ਹਾਂ ਦੇ ਨਾਲ ਗਏ ਸਿੱਖ ਸਭ ਭਿੱਜ ਗਏ। ਇਧਰ ਲੰਗਰ ਵਾਲੀਆਂ ਵੀ ਸਾਰੀਆਂ ਲਕੜਾਂ ਭਿੱਜ ਗਈਆਂ ਸਨ। ਹੁਣ ਭਿੱਜੀਆਂ ਲਕੜਾਂ ਨਾਲ ਲੰਗਰ ਕਿਵੇਂ ਬਣੇ? ਭਾਈ ਆਦਮ ਨੇ ਜਦੋਂ ਵੇਖਿਆ ਕਿ ਹੁਣ ਸੁੱਕੇ ਬਾਲਣ ਦੀ ਲੋੜ ਹੈ, ਉਸ ਨੇ ਸੁੱਕੀਆਂ ਲਕੜੀਆਂ ਲਿਆ ਰੱਖੀਆਂ ਤੇ ਇਸ ਤਰ੍ਹਾਂ ਉਸ ਬਾਲਣ ਨਾਲ ਲੰਗਰ ਤਿਆਰ ਹੋਣ ਲਗਾ ਤੇ ਨਾਲ ਹੀ ਗਿੱਲੀਆਂ ਲੱਕੜਾਂ ਵੀ ਸੁੱਕਣ ਲਗ ਪਈਆਂ। ਇਸ ਨਾਲ ਸਿੱਖ ਸੰਗਤਾਂ ਨੇ ਆਪਣੇ ਕਪੜੇ ਵੀ ਸੁਕਾ ਲਏ। ਗੁਰੂ ਜੀ ਭਾਈ ਆਦਮ ਦੀ ਕੀਤੀ ਸੇਵਾ ਤੋਂ ਬਹੁਤ ਖ਼ੁਸ਼ ਹੋਏ।

ਸਮਾਂ ਪਾ ਕੇ ਭਾਈ ਆਦਮ ਦੇ ਘਰ ਭਗਤੂ ਨਾਂ ਦਾ ਬੇਟਾ ਪੈਦਾ ਹੋਇਆ। ਉਹ ਛੇਵੇਂ ਤੇ ਸਤਵੇਂ ਗੁਰੂ ਜੀ ਵੇਲੇ ਸਿੱਖੀ ਦੀ ਸੇਵਾ ਕਰਦਾ ਰਿਹਾ। ਇਸੇ ਟੱਬਰ ਵਿਚੋਂ ਬਾਈ ਫ਼ਤਹਿ ਸਿੰਘ ਸੀ ਜਿਸ ਨੇ 1709 ਵਿਚ ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਿਲ ਹੋ ਕੇ ਮੁਗ਼ਲਾਂ ਦੇ ਰਾਜ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। 26 ਨਵੰਬਰ 1709 ਦੇ ਦਿਨ ਸਮਾਣਾ ਵਿਚ ਹੋਈ ਲੜਾਈ ਵਿਚ ਭਾਈ ਫ਼ਤਹਿ ਸਿੰਘ ਨੇ ਕਮਾਲ ਦਾ ਰੋਲ ਅਦਾ ਕੀਤਾ ਸੀ ਜਿਸ 'ਤੇ ਖ਼ੁਸ਼ ਹੋ ਕੇ ਬਾਬਾ ਬੰਦਾ ਸਿੰਘ ਨੇ ਉਸ ਨੂਮ ਸਮਾਣਾ ਦਾ ਸੂਬੇਦਾਰ (ਗਵਰਨਰ) ਥਾਪਿਆ ਸੀ। ਇੰਞ ਭਾਈ ਫ਼ਤਹਿ ਸਿੰਘ ਪਹਿਲਾ ਸਿੱਖ ਸੂਬੇਦਾਰ ਸੀ।

ਇਸੇ ਦੇ ਟੱਬਰ ਵਿਚੋਂ ਕੈਥਲ ਦਾ ਰਾਜਾ ਭਾਈ ਉਦੈ ਸਿੰਘ ਹੋਇਆ ਜਿਸ ਦੇ ਕੋਲ ਰਹਿ ਕੇ ਕਵੀ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਕਿਤਾਬ ਦੀ ਰਚਨਾ ਕੀਤੀ। ਸੰਤੋਖ ਸਿੰਘ ਨੇ ਰਾਜੇ ਨੂੰ ਖ਼ੁਸ਼ ਕਰਨ ਵਾਸਤੇ ਭਾਈ ਭਗਤੂ ਦੇ ਜਨਮ ਵਿਚ 'ਵਰ' ਲੈਣ ਦੀ ਕਾਲਪਨਿਕ ਕਹਾਣੀ ਰਚ ਕੇ ਆਪਣੇ ਗ੍ਰੰਥ ਵਿਚ ਸ਼ਾਮਿਲ ਕਰ ਦਿਤੀ ਸੀ (ਜੋ ਰਾਸ਼ਿ 2, ਅੰਸੂ 41 ਵਿਚ ਦਰਜ ਹੈ)।

# ਭਾਗਭਰੀ ਮਾਈ

ਮਾਈ ਭਾਗਭਰੀ ਇਕ ਬ੍ਰਾਹਮਣ ਇਸਤਰੀ ਸੀ ਜੋ ਸ੍ਰੀਨਗਰ (ਕਸ਼ਮੀਰ) ਦੀ ਰਹਿਣ ਵਾਲੀ ਸੀ। ਇਹ ਗੁਰੂ ਅਰਜਨ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਨਾਲ ਜੁੜੀ ਹੋਈ ਸੀ। ਇਸ ਦੀ ਬਹੁਤ ਖਾਹਿਸ਼ ਸੀ ਕਿ ਉਹ ਗੁਰੂ ਜੀ ਦੇ ਦਰਸ਼ਨ ਕਰਨ ਅੰਮ੍ਰਿਤਸਰ ਪੁਜ ਸਕੇ ਪਰ ਉਸ ਨੂੰ ਕੋਈ ਅਜਿਹਾ ਮੌਕਾ ਨਾ ਮਿਲਿਆ। ਇਕ ਵਾਰ ਉਸ ਨੇ ਗੁਰੂ ਸਾਹਿਬ ਜੀ ਲਈ ਸੁੰਦਰ ਜਾਮਾ ਤਿਆਰ ਕੀਤਾ ਤੇ ਉਹ ਚਾਹੁੰਦੀ ਸੀ ਕਿ ਆਪਣੀ ਹੱਥੀ ਗੁਰੂ ਜੀ ਨੂੰ ਭੇਟ ਕਰੇ। ਪਰ ਉਹ ਏਨੀ ਬਿਰਧ ਹੋ ਚੁਕੀ ਸੀ ਕਿ ਸਫ਼ਰ ਨਹੀਂ ਕਰ ਸਕਦੀ ਸੀ। ਮਾਈ ਭਾਗਭਰੀ ਜੀ ਦੇ ਪਿਆਰ ਦੇ ਬਝੇ ਫਿਰ ਗੁਰੂ ਹਰਿਗੋਬਿੰਦ ਸਾਹਿਬ ਜੀ 1620 ਵਿਚ ਸ੍ਰੀਨਗਰ (ਕਸ਼ਮੀਰ) ਗਏ ਤੇ ਮਾਤਾ ਜੀ ਤੋਂ ਚੋਲਾ ਕਬੂਲ ਕੀਤਾ। ਉਹ ਜਗਹ (ਹਾਥੀ ਗੇਟ, ਸ੍ਰੀਨਗਰ), ਜਿੱਥੇ ਗੁਰੂ ਸਾਹਿਬ ਜੀ ਮਾਈ ਭਾਗਭਰੀ ਦੇ ਘਰ ਗਏ ਸਨ, ਉੱਥੇ ਇਕ ਗੁਰਦੁਆਰਾ ਬਣਿਆ ਹੋਇਆ ਹੈ। ਮਾਈ ਭਾਗਭਰੀ ਦੇ ਪਰਵਾਰ ਨੇ ਮਗਰੋਂ ਬਾਕੀ ਗੁਰੂਆਂ ਦੇ ਵੇਲੇ ਵੀ ਬਹੁਤ ਸੇਵਾ ਕੀਤੀ।

# ਬੀਬੀ ਲਛਮੀ

ਬੀਬੀ ਲਛਮੀ ਇਕ ਬ੍ਰਾਹਮਣ ਔਰਤ ਸੀ ਜੋ ਗੁਰੂ ਘਰ ਨੂੰ ਸਮਰਪਿਤ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਹੋਈ ਸੀ। ਇਹ ਆਪਣੇ ਹੱਥੀਂ ਸੂਤ ਕਤੱਦੀ, ਕਪੜਾ ਬਣਵਾ ਕੇ ਆਪ ਗੁਰੂ ਜੀ ਲਈ ਚੋਲਾ ਜਾਂ ਉਪਰ ਲੈਣ ਵਾਲੀ ਚਾਦਰ ਤਿਆਰ ਕਰਦੀ ਸੀ ਤੇ ਹਰ ਸਾਲ ਹੀ ਕੀਰਤਪੁਰ ਜਾ ਕੇ ਗੁਰੂ ਸਾਹਿਬ ਜੀ ਨੂੰ ਭੇਟ ਕਰਦੀ ਹੁੰਦੀ ਸੀ।ਇਕ ਵਾਰ ਜਦੋਂ ਮਾਤਾ ਲਛਮੀ ਜਿਆਦਾ ਬਿਰਧ ਹੋ ਗਈ ਉਸ ਦਾ ਸਰੀਰ ਚਲਣ ਤੋਂ ਜੁਆਬ ਦੇ ਗਿਆ ਤਾਂ ਵੀ ਉਸ ਨੇ ਗੁਰੂ ਜੀ ਲਈ ਕਪੜਾ ਤਿਆਰ ਕੀਤਾ ਤੇ ਉਡੀਕ ਕਰਨ ਲਗੀ ਕਿ ਕਦੇ ਉਹ ਆਪ ਆ ਕੇ ਇਹ ਕਪੜੇ ਕਬੂਲ ਕਰਨ।

ਜਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਤਾ ਲੱਗਾ ਤਾਂ ਉਹ 20 ਜੁਲਾਈ 1635 ਨੂੰ ਉਸ ਦੇ ਘਰ ਪਿੰਡ ਲਖੀਮਪੁਰ ਝੱਲੀਆਂ (ਨੇੜੇ ਰੂਪੜ) ਪੁਜ ਕੇ ਮਾਤਾ ਦੀ ਭੇਟ ਕਬੂਲ ਕੀਤੀ ਤੇ ਮਾਤਾ ਜੀ ਦੇ ਮਨ ਦੀ ਖ਼ਾਹਿਸ਼ ਪੂਰੀ ਕੀਤੀ।

# ਮਾਤਾ ਸੁਲੱਖਣੀ (ਚੱਬਾ)

ਅੰਮ੍ਰਿਤਸਰ ਤੋਂ ਅਠ ਕਿਲੋ ਮੀਟਰ ਦੀ ਦੂਰ ਪਿੰਡ ਚੱਬਾ ਹੈ; ਇਥੋਂ ਦੀ ਇਕ ਬੀਬੀ ਜਿਸ ਦਾ ਨਾਂ ਸੁਲੱਖਣੀ ਸੀ ਤੇ ਉਸ ਦੀ ਕੋਈ ਔਲਾਦ ਨਹੀਂ ਸੀ। ਚੱਬੇ ਪਿੰਡ ਤੋਂ ਬਾਹਰਵਾਰ ਜਿਥੇ ਹੁਣ ਸੰਗਰਾਣਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ; ਗੁਰੂ ਹਰਿਗੋਬਿੰਦ ਸਾਹਿਬ ਅਕਸਰ ਗੁਰੂ-ਦਾ-ਚੱਕ ਤੋਂ ਚਾਟੀਵਿੰਡ ਹੁੰਦੇ ਹੋਏ ਚੱਬੇ ਤਕ ਜਾਂ ਇਸ ਤੋਂ ਅਗੇ ਤਕ, ਜੋ ਉਸ ਸਮੇਂ ਜੰਗਲ ਹੀ ਸੀ, ਸ਼ਿਕਾਰ ਵਾਸਤੇ ਜਾਂਦੇ ਹੁੰਦੇ ਸਨ। ਇਕ ਦਿਨ ਉਹ ਸੰਗਰਾਣਾ ਸਾਹਿਬ ਵਾਲੀ ਥਾਂ ਤੇ ਕਾਗਜ ਤੇ ਕਲਮਦਵਾਤ ਲੈ ਕੇ ਗੁਰੂ ਜੀ ਦੇ ਰਾਹ ਵਿਚ ਆ ਖਲੋਈ। ਉਸ ਨੂੰ ਦੇਖ ਕੇ ਜਦੋਂ ਗੁਰੂ ਜੀ ਖਲੋ ਗਏ ਤਾਂ ਉਸ ਨੇ ਗੁਰੂ ਜੀ ਨੂੰ ਮੱਥਾ ਟੇਕ ਕੇ ਪੁੱਤਰ ਦੀ ਮੰਗ ਕੀਤੀ। ਗੁਰੂ ਸਾਹਿਬ ਨੇ ਬੀਬੀ ਸੁਲਖਣੀ ਨੂੰ ਕਿਹਾ ਕਿ ਬੱਚਿਆਂ ਦੀ ਦਾਤ ਸਿਰਫ਼ ਅਕਾਲ ਪੁਰਖ ਦੇ ਹੱਥ ਹੈ। ਤੂੰ ਆਪਣਾ ਧਰਮ ਨਿਭਾਅ ਤੇ ਵਾਹਿਗੁਰੂ ਦੇ ਭੈਅ ਵਿਚ ਰਹਿ ਕੇ ਉਸ ਦਾ ਨਾਂ ਜਪਿਆ ਕਰ। ਜੇ ਅਕਾਲ ਪੁਰਖ ਦੀ ਦਰਗਾਹ ਵਿਚ ਸੇਵਾ ਕਬੂਲ ਹੋਈ ਤਾਂ ਵਾਹਿਗੁਰੂ ਆਪ ਤੈਨੂੰ ਮਾਂ ਬਣਨ ਦਾ ਮਾਣ ਬਖ਼ਸ਼ਣਗੇ।

ਸਮਾਂ ਪਾ ਕੇ ਬੀਬੀ ਸੁਲੱਖਣੀ ਦੇ ਘਰ ਸਤ ਪੁੱਤਰ ਪੈਦਾ ਹੋਏ। ਇਹ ਸਾਰਾ ਇਲਾਕਾ ਉਮਾ ਬੀਬੀ ਦੇ ਖਾਨਦਾਨ ਤੇ ਵਾਰਿਸਾਂ ਦਾ ਹੀ ਹੈ। ਮਗਰੋਂ ਕਿਸੇ ਕਹਾਣੀਕਾਰ ਨੇ ਸਾਖੀ ਘੜ ਲਈ ਕਿ ਬੀਬੀ ਗੁਰੂ ਸਾਹਿਬ ਕੋਲ ਕਾਗ਼ਜ਼ ਦਾਤ ਲਿਖ ਦੇਣ ਤੇ ਗੁਰੂ ਸਾਹਿਬ ਜਦੋਂ ਇਕ ਲਿਖਣ ਲਗੇ ਤਾਂ ਉਹ ਘੋੜੇ ਦੇ ਹਿਣਕਣ ਨਾਲ ਇਕ ਦਾ ਸਤ ਬਣ ਗਿਆ। (ਅਜਿਹੀਆਂ ਕਹਾਣੀਆਂ ਹੋਰ ਗੁਰੂਆਂ ਵਲੋਂ ਕਰਾਮਾਤ ਦਿਖਾਏ ਜਾਣ ਬਾਰੇ ਵੀ ਘੜੀਆਂ ਹੋਈਆਂ ਹਨ, ਜੋ ਕਿ ਸਿੱਖ ਫ਼ਲਸਫ਼ੇ ਦੇ ਬਿਲਕੁਲ ਉਲਟ ਹਨ ਤੇ ਗ਼ਲਤ ਹਨ)।

# ਕਰਮੋ ਮਾਈ

1670 ਵਿਚ, ਜਦ ਪਟਿਆਲਾ ਸ਼ਹਿਰ ਦੀ ਕੋਈ ਹੋਂਦ ਨਹੀਂ ਸੀ, ਲੈਹਲ ਇਕ ਵੱਡਾ ਪਿੰਡ ਸੀ ਜਿੱਥੇ ਕਰਮੋ ਨਾਂ ਦੀ ਇਕ ਬੀਬੀ ਰਹਿੰਦੀ ਸੀ, ਜੋ ਗੁਰੂ ਘਰ ਦੀ ਸ਼ਰਧਾਲੂ ਸੀ (ਪੁਰਾਣਾ ਲੈਹਲ ਪਿੰਡ ਹੁਣ ਪਟਿਆਲਾ ਸ਼ਹਿਰ ਦਾ ਇਕ ਹਿੱਸਾ ਬਣ ਚੁਕਾ ਹੈ)। ਅਗਸਤ 1670 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਸੈਫ਼ਾਬਾਦ ਤੋਂ ਠੀਕਰੀਵਾਲ ਜਾਂਦੇ ਹੋਏ ਮਾਤਾ ਜੀ ਨੂੰ ਮਿਲ ਕੇ ਗਏ ਸਨ। ਜਿਸ ਥਾਂ ਤੇ ਗੁਰੂ ਜੀ ਦੇ ਚਰਨ ਪਏ ਉੱਥੇ ਗੁਰਦੁਆਰਾ 'ਦੁਖ ਨਿਵਾਰਨ' ਸਾਹਿਬ ਬਣਿਆ ਹੋਇਆ ਹੈ।

# ਰਾਣੀ ਪੁਸ਼ਪਾ ਦੇਵੀ

ਰਾਣੀ ਪੁਸ਼ਪਾ ਦੇਵੀ ਜੈਪੁਰ-ਅੰਬੇਰ ਦੇ ਰਾਜਾ ਜੈ ਸਿੰਘ ਮਿਰਜ਼ਾ ਦੀ ਰਾਣੀ ਸੀ। ਇਸ ਦਾ ਇਕ ਮਹੱਲ ਅਜੋਕਾ ਬੰਗਲਾ ਸਾਹਿਬ ਗੁਰਦੁਆਰਾ ਸਾਹਿਬ ਵਾਲੀ ਥਾਂ 'ਤੇ ਸੀ। ਇਹ ਆਪਣਾ ਬਹੁਤ ਸਮਾਂ ਆਪਣੇ ਇਸ ਬੰਗਲੇ ਵਿਚ ਹੀ ਬਤੀਤ ਕਰਦੀ ਸੀ।

ਪੁਸ਼ਪਾ ਦੇਵੀ ਦੇ ਪਤੀ ਰਾਜਾ ਜੈ ਸਿੰਘ ਰਾਜਾ ਮਹਾਂ ਸਿੰਘ ਦਾ ਪੁੱਤਰ ਤੇ ਰਾਜਾ ਮਾਨ ਸਿੰਘ ਦਾ ਪੋਤਰਾ ਸੀ। ਉਸ ਦੀ ਦਾਦੀ-ਭੂਆ (ਦਾਦੇ ਦੀ ਭੈਣ) ਮੁਗਲ ਸਮਰਾਟ ਅਕਬਰ ਨਾਲ ਵਿਆਹੀ ਹੋਈ ਸੀ। ਰਾਜੇ ਸ਼ਾਹਜਹਾਨ ਨੇ ਰਾਜਾ ਜੈ ਸਿੰਘ ਨੂੰ 'ਮਿਰਜ਼ਾ' ਦਾ ਖਿਤਾਬ ਦਿਤਾ ਸੀ। ਔਰੰਗਜ਼ੇਬ ਨੂੰ ਗੱਦੀ 'ਤੇ ਬਿਠਾਉਣ ਵਿਚ ਉਸ ਦਾ ਬਹੁਤ ਰੋਲ ਸੀ। ਇਸ ਕਰ ਕੇ ਔਰੰਗਜ਼ੇਬ ਨਾਲ ਉਸ ਦੇ ਨਜ਼ਦੀਕੀ ਸਬੰਧ ਸਨ। ਮਗਰੋਂ ਇਸ ਪਰਿਵਾਰ ਦੇ ਗੁਰੂ ਸਾਹਿਬਾਨ ਨਾਲ ਵੀ ਬਹੁਤ ਚੰਗੇ ਸਬੰਧ ਰਹੇ ਸਨ। ਜਦੋਂ ਗੁਰੂ ਹਰਕ੍ਰਿਸ਼ਨ ਸਾਹਿਬ ਦਿੱਲੀ ਗਏ ਤਾਂ ਉਸ ਵੇਲੇ ਹੀ ਇਸੇ ਬੰਗਲੇ ਵਿੱਚ ਰਹੇ ਸਨ। ਗੁਰੂ ਹਰਕ੍ਰਿਸ਼ਨ ਸਾਹਿਬ ਜੀ ਗੁਰੂ ਘਰ ਦੇ ਮੁਖੀ ਦਰਬਾਰੀਆਂ ਸਮੇਤ ਜਦੋਂ ਰਾਣੀ ਦੇ ਬੰਗਲੇ ਵਿੱਚ ਗਏ ਤਾਂ ਗੁਰੂ ਜੀ ਦੀ ਬਾਲ ਉਮਰ ਵੇਖ ਕੇ ਗੁਰੂ ਸਾਹਿਬ ਜੀ ਦੀ ਰੂਹਾਨੀਅਤ 'ਤੇ ਸ਼ਕ ਕਰਦਿਆਂ ਰਾਣੀ ਪੁਸ਼ਪਾ ਦੇਵੀ ਨੇ ਗੋਲੀਆਂ ਵਾਲੇ ਕਪੜੇ ਪਾ ਲਏ ਤੇ ਸੋਚਿਆ ਕਿ ਜੇ ਗੁਰੂ ਜੀ ਅਜ਼ਮਤ ਵਾਲੇ ਹੋਏ ਤਾਂ ਉਹ ਮੈਨੂੰ ਆਪੇ ਹੀ ਪਛਾਣ ਲੈਣਗੇ। ਜਦੋਂ ਗੁਰੂ ਹਰਕ੍ਰਿਸ਼ਨ ਜੀ ਮਹਿਲ ਵਿਚ ਗਏ ਤਾਂ ਉਨ੍ਹਾਂ ਉਸ ਨੂੰ ਇਕ ਦਮ ਪਛਾਣ ਲਿਆ। ਇਸ 'ਤੇ ਗੁਰੂ ਘਰ ਦੀ ਪੱਕੀ ਸ਼ਰਧਾਲੂ ਬਣ ਗਈ ਜਦੋਂ ਗੁਰੂ ਤੇਗ਼ ਬਹਾਦਰ ਜੀ ਦਿੱਲੀ ਗਏ ਤਾਂ ਵੀ ਪੁਸ਼ਪਾ ਦੇਵੀ ਗੁਰੂ ਜੀ ਦੇ ਦਰਸ਼ਨ ਕਰਨ ਆਈ ਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਈ। ਜਦੋਂ 1665 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਕੈਦ ਕੀਤਾ ਗਿਆ ਤਾਂ ਇਸੇ ਨੇ ਹੀ ਜ਼ੋਰ ਦੇ ਕੇ ਉਨ੍ਹਾਂ ਨੂੰ ਰਿਹਾ ਕਰਵਾਇਆ। ਜਦੋਂ 1667 ਵਿਚ ਇਸ ਦਾ ਪੁੱਤਰ ਕੰਵਰ ਰਾਮ ਸਿੰਘ ਅਸਾਮ ਦੀ ਮੁਹਿੰਮ 'ਤੇ ਗਿਆ ਤਾਂ ਇਸ ਨੇ ਉਸ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਮਦਦ ਲੈਣ ਵਾਸਤੇ ਕਿਹਾ ਸੀ। ਪਰ ਜਦ 1675 ਗੁਰੂ ਤੇਗ਼ ਬਹਾਦਰ ਸਾਹਿਬ ਸ਼ਹੀਦ ਕੀਤੇ ਗਏ ਤਾਂ ਇਹ ਕੋਈ ਰੋਲ ਅਦਾ ਨਾ ਕਰ ਸਕੀ।

# ਸੋਲਜਈ

ਬੀਬੀ ਸੋਲਜਈ ਭਾਈ ਮੱਖਣ ਸ਼ਾਹ ਲੁਬਾਣਾ ਦੀ ਪਤਨੀ ਸੀ। ਜਦ 9 ਅਕਤੂਬਰ 1664 ਦੇ ਦਿਨ ਉਹ ਗੁਰੂ ਜੀ ਦੇ ਦਰਸ਼ਨ ਵਾਸਤੇ ਬਕਾਲਾ ਆਇਆ ਤਾਂ ਸੋਲਜਈ ਉਸ ਦੇ ਨਾਲ ਸੀ। ਮੁਹਰਾਂ ਵਾਲੀ ਥੈਲੀ ਉਸ ਕੋਲ ਹੀ ਸੀ ਤੇ ਉਸੇ ਨੇ ਹੀ ਗੁਰੂ ਜੀ ਨੂੰ ਭੇਟ ਕੀਤੀ ਸੀ।

# ਰਾਇਪੁਰ ਦੀ ਰਾਣੀ

ਹਰਿਆਣਾ ਸੂਬਾ ਦੇ ਜ਼ਿਲ੍ਹਾ ਨਰਾਇਣਗੜ੍ਹ ਵਿਚ ਇਕ ਬਹੁਤ ਪੁਰਾਣਾ ਨਗਰ ਰਾਇਪੁਰ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ ਨਗਰ ਦਾ ਰਾਜਾ ਫਤਹਿ ਸਿੰਹ ਸੀ। ਗੁਰੂ ਜੀ ਅਕਤੂਬਰ 1688 ਵਿੱਚ ਪਾਉਂਟਾ ਸਹਿਬ ਤੋਂ ਅਨੰਦਪੁਰ ਆਉਂਦੇ ਹੋਏ ਰਾਇਪੁਰ ਰੁਕੇ। ਰਾਏ ਫਤਹਿ ਸਿੰਹ ਨੇ ਆਪਣੇ ਗੁਆਂਢੀ ਪਠਾਣਾਂ ਤੋਂ ਡਰਦਿਆਂ ਗੁਰੂ ਜੀ ਦਾ ਕੋਈ ਸੁਆਗਤ ਨਾ ਕੀਤਾ; ਇਸ 'ਤੇ ਗੁਰੂ ਜੀ ਪਿੰਡ ਮਾਣਕ ਮਾਜਰੇ ਚਲੇ ਗਏ। ਜਦੋਂ ਰਾਣੀ ਨੂੰ ਇਸ ਦਾ ਪਤਾ ਲਗਾ, ਉਸ ਨੇ ਉਸੇ ਵੇਲੇ ਗੁਰੂ ਸਾਹਿਬ ਜੀ ਨੂੰ ਆਪਣੇ ਘਰ ਆਉਣ ਲਈ ਵਜ਼ੀਰ ਭੇਜਿਆ। ਰਾਣੀ ਨੇ ਆਪਣੇ ਕਿਲ੍ਹੇ ਵਿਚ ਗਰੂ ਸਾਹਿਬ ਨੂੰ ਸ਼ਾਹੀ ਸਨਮਾਨ ਦਿੱਤਾ। ਗੁਰੂ ਜੀ ਨੇ ਚੱਲਣ ਲੱਗਿਆਂ ਰਾਣੀ ਨੂੰ ਯਾਦਗਾਰ ਵਜੋਂ ਇਕ ਦੋ-ਧਾਰਾ ਖੰਡੇ ਦੀ ਬਖ਼ਸ਼ਿਸ਼ ਕੀਤੀ। ਕਿਲ੍ਹੇ ਵਿਚ ਜਿੱਥੇ ਸਤਿਗੁਰੂ ਜੀ ਬੈਠੇ ਸਨ, ਉਸ ਜਗ੍ਹਾ ਤੇ ਕਦੇ ਇਕ ਗੁਰਦੁਆਰਾ ਬਣਿਆ ਹੋਇਆ ਸੀ। ਪਹਿਲਾਂ ਇਸ ਨਗਰ ਨੂੰ ਰਾਇਪੁਰ ਕਿਹਾ ਜਾਂਦਾ ਸੀ ਪਰ ਇਸ ਰਾਣੀ ਦੀ ਲਾਸਾਨੀ ਸ਼ਖ਼ਸੀਅਤ ਕਾਰਨ ਇਸ ਨਗਰ ਨੂੰ ਹੁਣ ਰਾਇਪੁਰ-ਰਾਣੀ ਕਿਹਾ ਜਾਂਦਾ ਹੈ।

# ਭਗਤਾਂ ਮਾਈ

ਭਗਤਾਂ ਮਾਈ ਆਗਰੇ ਦੀ ਰਹਿਣ ਵਾਲੀ ਸੀ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤ ਸ਼ਰਧਾਲੂ ਸੀ। ਇਕ ਵਾਰੀ ਇਹ ਅਨੰਦਪੁਰ ਸਾਹਿਬ ਗੁਰੂ ਜੀ ਦੇ ਦਰਸ਼ਨ ਕਰਨ ਆਈ। ਇਸ ਨੇ ਗੁਰੂ ਜੀ ਨੂੰ ਦਸਿਆ ਕਿ ਇਸ ਨੇ ਕਦੀ ਵੀ ਕਿਸੇ ਨੂੰ ਗਾਲ੍ਹ ਨਹੀਂ ਕਢੀ। ਇਹ ਸੁਣ ਕੇ ਗੁਰੂ ਜੀ ਬਹੁਤ ਨਿਹਾਲ ਹੋਏ ਤੇ ਮਾਈ ਭਗਤਾਂ ਨੂੰ ਅਸੀਸਾਂ ਦਿੱਤੀਆਂ।

# ਬੀਬੀ ਸਭਰਾਈ

ਬੀਬੀ ਸਭਰਾਈ ਭਾਈ ਦੇਸਾ ਸਿੰਘ ਤਰਖਾਣ, ਸਿੰਘ ਦੀ ਸੁਪਤਨੀ ਸੀ। ਇਹ ਪਿੰਡ ਬਾਂਦੀ (ਨੇੜੇ ਗਿਦੜਬਾਹਾ) ਵਿਚ ਰਹਿੰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਿਆ ਸੀ ਤਾਂ ਤਲਵੰਡੀ ਸਾਬੋ ਜਾਂਦਿਆਂ ਗੁਰੂ ਜੀ ਇਨ੍ਹਾਂ ਦੇ ਘਰ ਸਿੰਘਾਂ ਸਮੇਤ ਇਕ ਰਾਤ ਠਹਿਰੇ ਸੀ। ਬੀਬੀ ਜੀ ਨੇ ਗੁਰੂ ਸਾਹਿਬ ਤੇ ਸਿੰਘਾਂ ਦੀ ਬਹੁਤ ਸੇਵਾ ਕੀਤੀ ਸੀ। ਗੁਰੂ ਸਾਹਿਬ ਜਦੋਂ ਤਲਵੰਡੀ ਸਾਬੋ ਰਹੇ ਤਾਂ ਫਿਰ ਬੀਬੀ ਸਭਰਾਈ ਆਪਣੇ ਪਤੀ ਨਾਲ ਗੁਰੂ ਜੀ ਦੇ ਦਰਸ਼ਨਾ ਨੂੰ ਗਈ ਸੀ।

# ਬੀਬੀ ਮੁਮਤਾਜ

ਬੀਬੀ ਮੁਮਤਾਜ ਦਾ ਜਨਮ ਭਾਈ ਨਿਹੰਗ ਖ਼ਾਨ ਦੇ ਘਰ ਬੇਗ਼ਮ ਜ਼ੈਨਾ/ਨਸੀਰਾਂ ਦੇ ਕੁਖੋਂ ਕੋਟਲਾ ਨਿਹੰਗ ਖ਼ਾਨ ਜ਼ਿਲ੍ਹਾ ਰੂਪੜ ਵਿਚ ਹੋਇਆ ਸੀ। ਬੀਬੀ ਆਪਣੇ ਮਾਤਾ-ਪਿਤਾ ਨਾਲ ਕਈ ਵਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਗਈ ਸੀ। ਇਹ ਪਰਵਾਰ ਗੁਰੂ ਜੀ ਦੇ ਬਹੁਤ ਨੇੜੇ ਸੀ। ਛੇਵੇਂ, ਅਠਵੇਂ, ਨੌਵੇਂ ਤੇ ਦਸਵੇਂ ਗੁਰੂ ਇਨ੍ਹਾਂ ਦੇ ਕਿਲ੍ਹੇ ਵਿਚ ਕਈ ਵਾਰ ਠਹਿਰੇ ਸਨ। ਜਦ ਇਸ ਬੀਬੀ ਦੇ ਭਰਾ ਆਲਮ ਖ਼ਾਨ ਦਾ ਵਿਆਹ ਹੋਇਆ ਤਾਂ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਮੁਖ ਮਹਿਮਾਨ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਛਡਿਆ ਸੀ ਤਾਂ 6 ਦਸੰਬਰ 1705 ਦੀ ਸਵੇਰ ਨੂੰ ਭਾਈ ਮਨੀ ਸਿੰਘ ਦੇ ਪੁੱਤਰ ਭਾਈ ਬਚਿੱਤਰ ਸਿੰਘ ਜੀ ਮਲਕਪੁਰ ਰੰਘੜਾ ਵਿਖੇ ਮੁਗਲਾਂ ਨਾਲ ਜੰਗ ਦੌਰਾਨ ਗੰਭੀਰ ਜ਼ਖ਼ਮੀ ਹੋ ਗਏ। ਪਿਛੋਂ ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਸਾਥੀ ਭਾਈ ਮਦਨ ਸਿੰਘ ਤੇ ਹੋਰਨਾਂ ਸਮੇਤ ਆ ਰਹੇ ਸਨ। ਉਨ੍ਹਾਂ ਨੇ ਭਾਈ ਬਚਿੱਤਰ ਸਿੰਘ ਨੂੰ ਚੁਕਿਆ ਤੇ ਭਾਈ ਨਿਹੰਗ ਖ਼ਾਨ ਦੇ ਘਰ ਲੈ ਗਏ। ਗੁਰੂ ਗੋਬਿੰਦ ਸਿੰਘ ਜੀ ਉੱਥੇ ਪਹਿਲਾਂ ਹੀ ਮੌਜੂਦ ਸਨ।

ਅੱਧੀ ਰਾਤ ਵੇਲੇ ਗੁਰੂ ਜੀ ਨੇ ਜ਼ਖ਼ਮੀ ਬਚਿੱਤਰ ਸਿੰਘ ਦੀ ਸੌਂਪਣਾ ਨਿਹੰਗ ਖ਼ਾਨ ਨੂੰ ਕੀਤੀ ਤੇ ਆਪ ਚਮਕੌਰ ਵਲ ਨਿਕਲ ਗਏ। ਅਲੀ ਸਵੇਰ ਨੂੰ ਰੂਪੜ ਦੇ ਫ਼ੌਜਦਾਰ ਨੇ ਛਾਪਾ ਮਾਰਿਆ ਪਰ ਉਸ ਵੇਲੇ ਤਕ ਗੁਰੂ ਸਾਹਿਬ ਅਤੇ ਬਾਕੀ ਸਿੱਖ ਜਾ ਚੁਕੇ ਸਨ ਸਿਰਫ਼ ਬਚਿਤਰ ਸਿੰਘ ਬਹੁਤ ਜ਼ਖ਼ਮੀ ਹੋਣ ਕਰ ਕੇ ਉਥੇ ਰਹਿ ਗਿਆ ਸੀ। ਫ਼ੌਜ ਦੇ ਆਉਣ 'ਤੇ ਨਿਹੰਗ ਖ਼ਾਨ ਨੇ ਉਸ ਨੂੰ ਇਕ ਕਮਰੇ ਵਿਚ ਲਿਟਾ ਕੇ ਆਪਣੀ ਜਵਾਨ ਧੀ ਮੁਮਤਾਜ ਨੂੰ ਉਸ ਕਮਰੇ ਵਿਚ ਵਾੜ ਦਿੱਤਾ ਹੋਇਆ ਸੀ। ਜਦ ਬਾਕੀ ਸਾਰੇ ਕਮਰੇ ਵੇਖ ਲਏ ਤਾਂ ਫ਼ੌਜਦਾਰ ਨੇ ਪੁੱਛਿਆ ਕਿ ਉਸ ਕਮਰੇ ਅੰਦਰ ਕੌਣ ਹੈ ਤਾਂ ਭਾਈ ਨਿਹੰਗ ਖ਼ਾਨ ਨੇ ਕਿਹਾ ਕਿ ਉਸ ਕਮਰੇ ਵਿਚ ਮੇਰੀ ਬੇਟੀ ਤੇ ਦਾਮਾਦ ਹੈ। ਏਨੇ ਵਿਚ ਹੀ ਅੰਦਰੋਂ ਮੁਮਤਾਜ ਨੇ ਆਵਾਜ਼ ਦਿੱਤੀ ਤਾਂ ਇਹ ਸੁਣ ਕੇ ਮੁਗ਼ਲ ਫ਼ੌਜ ਵਾਪਸ ਮੁੜ ਗਈ।

ਭਾਈ ਬਚਿਤਰ ਸਿੰਘ ਨੂੰ ਬਚਾਉਣ ਵਾਸਤੇ ਪਿਤਾ ਦੇ ਕਹੇ ਲਫਜ ਬੀਬੀ ਮੁਮਤਾਜ ਨੇ ਇਲਾਹੀ ਹੁਕਮ ਕਰ ਕੇ ਮੰਨ ਲਏ ਅਤੇ ਭਾਈ ਬਚਿੱਤਰ ਸਿੰਘ ਨੂੰ ਆਪਣਾ ਪਤੀ ਮੰਨ ਲਿਆ। ਬੀਬੀ ਜੀ ਨੇ ਭਾਈ ਬਚਿਤਰ ਸਿੰਘ ਦੀ ਬਹੁਤ ਸੇਵਾ ਕੀਤੀ ਪਰ ਜ਼ਖ਼ਮ ਏਨੇ ਗਹਿਰੇ ਸਨ ਕਿ ਅਗਲੇ ਦਿਨ ਭਾਈ ਸਾਹਿਬ ਚਲਾਣਾ ਕਰ ਗਏ। ਬੀਬੀ ਮੁਮਤਾਜ ਦੀ ਇਸ ਕੁਰਬਾਨੀ ਦਾ ਜ਼ਿਕਰ ਭੱਟ ਵਹੀਆਂ ਵਿਚ ਇੰਵ ਮਿਲਦਾ ਹੈ:

*"ਬਚਿਤਰ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈਦਾਸ ਕਾ, ਪੜਪੋਤਾ ਬੱਲੂ ਕਾ, ਚੰਦਰਬੰਸੀ ਭਾਰਦਵਾਜੀ ਗੋਤਰ ਪੁਆਰ, ਬੰਸ ਬੀਝੇ ਕਾ ਬੰਝਰਉਤ, ਜਲ੍ਹਾਨਾ, ਬਲਉਂਤ, ਗੁਰੂ ਕਾ ਬਚਨ ਪਾਇ ਸੰਮਤ 1762 ਪੋਖ ਮਾਸੇ ਸੁਦੀ ਦੂਜ ਕੋ, ਮਲਕਪੁਰ 'ਰੰਘੜਾਂ' ਕੇ ਮਲ੍ਹਾਨ ਰੰਘੜਾਂ ਕੇ ਹਾਥ ਸੇ ਘਾਇਲ ਹੋਇ ਪੋਖ ਮਾਸੇ ਸੁਦੀ ਚਉਥ ਸ਼ੁਕਰਵਾਰ ਕੇ ਦਿਹੁੰ ਡੇਢ ਪਹਿਰ ਰਾਤ ਗਈ, ਕੋਟਲਾ ਨਿਹੰਗ ਮੇਂ ਸੁਆਸ ਪੂਰੇ ਹੂਏ। ਸੁਦਾਗਰ ਕੀ ਪਤ ਗੁਰੂ ਰਾਖੀ, ਇਸ ਕੀ ਬੇਟੀ ਮੁਮਤਾਜ ਕਾ ਸਤ ਰਹਾ।"* (ਭੱਟ ਵਹੀ ਤਲਉਂਢਾ, ਪਰਗਨਾ ਜੀਂਦ)

ਬੀਬੀ ਮੁਮਤਾਜ ਦੀ ਉਸ ਵੇਲੇ ਬੱਸੀ ਪਠਾਣਾਂ ਦੇ ਇਕ ਨੌਜਵਾਨ ਨਾਲ ਮੰਗਣੀ ਹੋ ਚੁਕੀ ਸੀ ਪਰ ਮੁਮਤਾਜ ਨੇ ਸਾਰੀ ਉਮਰ ਭਾਈ ਬਚਿਤਰ ਸਿੰਘ ਦੀ ਵਿਧਵਾ ਬਣ ਕੇ ਰਹਿਣ ਦੀ ਕਸਮ ਖਾ ਲਈ। ਉਹ ਬਹੁਤ ਲੰਮੀ ਉਮਰ ਤਕ ਜਿਊਂਦੀਰਹੀ ਅਤੇ ਲੋਕਾਂ ਦੀ ਸੇਵਾ ਕਰਦੀ ਰਹੀ। ਲੋਕ ਉਸ ਨੂੰ ਮੁਮਤਾਜ ਮਾਈ ਕਹਿ ਕੇ ਅਦਬ ਦੇਂਦੇ ਹੁੰਦੇ ਸਨ। ਬਹੁਤ ਸਾਲਾਂ ਮਗਰੋਂ ਬੀਬੀ ਮੁਮਤਾਜ ਨੇ ਕੋਟਲਾ ਨਿਹੰਗ ਖ਼ਾਨ ਤੋਂ 20 ਕਿਲੋਮੀਟਰ ਦੂਰ ਪਿੰਡ ਬੜੀ ਵਿਚ ਚਲਾਣਾ ਕੀਤਾ। ਇਸੇ ਪਿੰਡ ਵਿਚ ਇਕ ਪਹਾੜੀ 'ਤੇ ਉਸ ਦਾ ਮਜ਼ਾਰ ਹੈ ਅਤੇ ਇਕ ਹੋਰ ਪਹਾੜੀ 'ਤੇ ਉਸ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

## ਬੀਬੀ ਜ਼ੈਨਾ (ਕੋਟਲਾ ਨਿਹੰਗ ਖ਼ਾਨ)

ਜ਼ੈਨਾ ਬੀਬੀ, ਭਾਈ ਨਿਹੰਗ ਖ਼ਾਨ ਦੀ ਬੇਗ਼ਮ (ਪਤਨੀ) ਸੀ। ਇਹ ਦੋਵੇਂ ਜੀਅ ਗੁਰੂ ਸਾਹਿਬ ਨੂੰ ਪਿਆਰ ਕਰਨ ਵਾਲੇ ਸਨ। ਇਹ ਕਈ ਵਾਰ ਆਪਣੇ ਪਤੀ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਗਈ ਸੀ। ਗੁਰੂ ਜੀ ਵੀ ਇਸ ਰਸਤੇ ਦੇ ਆਉਂਦੇ ਜਾਂਦੇ ਕਈ ਵਾਰੀ ਇਨ੍ਹਾਂ ਦੇ ਘਰ ਰਹ ਕੇ ਗਏ ਸਨ। ਜ਼ੈਨਾ ਬੀਬੀ ਦੀ ਇਕ ਹੀ ਬੇਟੀ ਮੁਮਤਾਜ ਤੇ ਇਕ ਬੇਟਾ ਆਲਮ ਖ਼ਾਨ ਸਨ। ਜ਼ੈਨਾ ਤੇ ਉਸ ਦੀ ਬੇਟੀ ਨੇ ਗੁਰੂ ਸਾਹਿਬ ਨੂੰ ਕਈ ਵਾਰ ਆਪਣੇ ਹੱਥੀਂ ਖਾਣਾ ਬਣਾ ਕੇ ਖੁਆਇਆ ਸੀ ਤੇ ਸੇਵ ਕੀਤੀ ਸੀ। ਤਫ਼ਸੀਲ ਵਾਸਤੇ ਵੇਖੋ ਪਿਛਲੀ ਐਂਟਰੀ: **ਮੁਮਤਾਜ**

## ਬੀਬੀ ਉਮਰੀ (ਮਾਛੀਵਾੜਾ)

7 ਦਸੰਬਰ 1705 ਦੀ ਰਾਤ ਨੂੰ ਨਬੀ ਖ਼ਾਨ ਅਤੇ ਗਨੀ ਖ਼ਾਨ ਗੁਰੂ ਸਾਹਿਬ ਨੂੰ ਮੁਗ਼ਲ ਫ਼ੌਜਾਂ ਦੀ ਵਰਦੀ ਵਿਚ ਚਮਕੌਰ ਦੀ ਗੜ੍ਹੀ ਕੱਢ ਕੇ ਲੈ ਗਏ। ਇਹ ਦੋਵੇਂ ਬੀਬੀ ਉਮਰੀ ਦੇ ਬੇਟੇ ਸਨ; ਤੇ ਬੀਬੀ ਉਮਰੀ ਨਿਹੰਗ ਖ਼ਾਨ ਦੀ ਭੂਆ ਸੀ।

# ਬੀਬੀ ਭਿੱਖਾਂ

ਸਿੱਖ ਤਵਾਰੀਖ਼ ਵਿਚ ਜੇ ਕੋਈ ਸਿੱਖ ਔਰਤ ਜੂਝ ਕੇ ਸ਼ਹੀਦ ਹੋਈ ਸੀ ਤਾਂ ਉਹ ਬੀਬੀ ਭਿੱਖਾਂ ਹੀ ਸੀ।

ਬੀਬੀ ਭਿੱਖਾਂ ਨੇ 6 ਦਸੰਬਰ 1705 ਦੇ ਦਿਨ (ਸਰਸਾ ਨਦੀ ਦੇ ਨੇੜੇ) ਪਿੰਡ ਝੱਖੀਆਂ ਦੀ ਜੂਹ ਵਿਚ ਸ਼ਹੀਦੀ ਹਾਸਿਲ ਕੀਤੀ ਸੀ। ਬੀਬੀ ਭਿੱਖਾਂ ਭਾਈ ਬਜਰ ਸਿੰਘ (ਸ਼ਹੀਦ) ਦੀ ਬੇਟੀ, ਭਾਈ ਰਾਮਾ ਦੀ ਪੋਤੀ ਤੇ ਭਾਈ ਸੁਖੀਆ ਮਾਂਡਨ (ਸ਼ਹੀਦ) ਦੀ ਪੜਪੋਤੀ ਸੀ। ਬੀਬੀ ਭਿੱਖਾਂ ਜੀ ਦੇ ਦਾਦਾ, ਚਾਚੇ ਤੇ ਕਈ ਚਚੇਰੇ ਭਰਾ ਗੁਰੂ ਸਾਹਿਬ ਜੀ ਦੀਆਂ ਲੜਾਈਆਂ ਵਿਚ ਸ਼ਹੀਦ ਹੋ ਚੁਕੇ ਸਨ। ਭਾਈ ਬਜਰ ਸਿੰਘ ਰਾਠੌਰ ਰਾਜਪੂਤ ਖਾਨਦਾਨ ਨਾਲ ਸਬੰਧ ਰਖਦੇ ਸਨ ਤੇ ਖੈਰਪੁਰ (ਉਦੋਂ ਸੂਬਾ ਮੁਲਤਾਨ) ਦੇ ਵਾਸੀ ਸਨ। ਇਨ੍ਹਾਂ ਨੇ ਹੀ 1673 ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਸੀ।

ਭਾਈ ਬਜਰ ਸਿੰਘ ਜੀ ਨੇ ਆਪਣੀ ਬੇਟੀ ਬੀਬੀ ਭਿੱਖਾਂ ਦਾ ਵਿਆਹ ਭਾਈ ਆਲਮ ਸਿੰਘ ਨੱਚਣਾ ਸਪੁੱਤਰ ਭਾਈ ਦੁਰਗਾ ਦਾਸ, ਪੋਤਾ ਭਾਈ ਪਦਮਾ ਤੇ ਪੜਪੋਤਾ ਭਾਈ ਕੌਲ ਦਾਸ ਚੌਹਾਨ ਰਾਜਪੂਤ ਨਾਲ ਕੀਤਾ। ਭਾਈ ਭਿੱਖਾਂ ਦੀ ਕੁੱਖੋਂ ਤਿੰਨ ਪੁੱਤਰਾਂ ਭਾਈ ਮੋਹਰ ਸਿੰਘ, ਭਾਈ ਅਮੋਲਕ ਸਿੰਘ ਤੇ ਭਾਈ ਬਾਘੜ ਸਿੰਘ ਜੀ ਪੈਦਾ ਹੋਏ।

ਬੀਬੀ ਭਿੱਖਾਂ ਦੇ ਪਤੀ ਭਾਈ ਆਲਮ ਸਿੰਘ ਨੱਚਣਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮੁਸਾਹਿਬ (ਡਿਉਢੀ ਬਰਦਾਰ) ਸਨ। ਇਹ ਤੇਰ੍ਹਾਂ ਸਾਲ ਦੀ ਉਮਰ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆ ਕੇ ਰਹਿਣ ਲਗ ਪਏ ਸਨ। ਬੀਬੀ ਭਿੱਖਾਂ ਵੀ ਅਨੰਦਪੁਰ ਸਾਹਿਬ ਹੀ ਮਾਤਾ ਗੁਜਰੀ ਜੀ ਕੋਲ ਰਹਿ ਰਹੀ ਸੀ। ਬੀਬੀ ਭਿੱਖਾਂ ਜ਼ਿਆਦਾਤਰ ਲੰਗਰ ਦੀ ਸੇਵਾ ਨਿਭਾਉਂਦੇ ਸਨ। ਗੁਰੂ ਸਾਹਿਬ ਜੀ ਨੇ ਇਨ੍ਹਾਂ ਦੋਵਾਂ ਦਾ ਵਿਆਹ ਅਨੰਦਪੁਰ ਸਾਹਿਬ ਵਿਖੇ ਕੀਤਾ ਸੀ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡਿਆ ਸੀ ਤਾਂ ਬੀਬੀ ਭਿੱਖਾਂ ਵੀ ਉਸ ਵਹੀਰ ਵਿਚ ਸ਼ਾਮਲ ਸੀ। ਪੰਜ ਸੌ ਦਾ ਇਹ ਕਾਫ਼ਲਾ ਅਨੰਦਪੁਰ ਤੋਂ ਕੀਰਤਪੁਰ ਤਕ ਤੇ ਚੁਪਚਾਪ ਨਿਕਲ ਗਿਆ। ਪਰ ਜਦੋਂ ਨਿਰਮੋਹਗੜ੍ਹ ਲੰਘਣ ਮਗਰੋਂ ਝੱਖੀਆਂ ਪਿੰਡ ਦੀ ਜੂਹ ਵਿਚ, ਸ਼ਾਹੀ ਟਿੱਬੀ ਦੇ ਨੇੜੇ ਸਰਸਾ ਨਦੀ ਪਾਰ ਕਰਨ ਵਾਸਤੇ ਉੱਥੇ ਪੁਜੇ ਤਾਂ ਪਿਛੋਂ ਪਹਾੜੀ ਫ਼ੌਜਾਂ ਨੇ ਜ਼ਬਰਦਸਤ ਹੱਲਾ ਬੋਲ ਦਿਤਾ। ਇਸ ਮੌਕੇ ਭਾਈ ਜੀਵਨ ਸਿੰਘ ਜੀ ਦੀ ਅਗਵਾਈ ਵਿਚ 100 ਸਿੰਘਾਂ ਨੇ ਝੱਖੀਆਂ ਪਿੰਡ ਦੀ ਜੂਹ ਵਿਚ ਮੋਰਚੇ ਗੱਡ ਲਏ ਤਾਂ ਜੋ ਪਹਾੜੀ ਫ਼ੌਜ ਨੂੰ ਅੱਗੇ ਵਧਣ ਤੋਂ ਠੱਲ੍ਹ ਪਾਈ ਜਾ ਸਕੇ। ਸਿੰਘ

ਚਾਹੁੰਦੇ ਸਨ ਕਿ ਗੁਰੂ ਸਾਹਿਬ ਤੇ ਉਨ੍ਹਾਂ ਦਾ ਪਰਿਵਾਰ ਸਰਸਾ ਨਦੀ ਪਾਰ ਕਰਕੇ ਦੂਰ ਨਿਕਲ ਜਾਣ। ਇਸ ਜੱਥੇ ਨੇ ਪਹਿਲਾਂ ਤੀਰਾਂ ਨਾਲ ਤੇ ਫੇਰ ਤਲਵਾਰਾਂ ਨਾਲ ਹੱਥੋ-ਹੱਥ ਲੜਾਈ ਵਿਚ ਹਮਲਾਵਰ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ।

ਇਸ ਮੌਕੇ 'ਤੇ ਬੀਬੀ ਭਿੱਖਾਂ ਵੀ ਹੱਥ ਵਿਚ ਤਲਵਾਰ ਲੈ ਕੇ ਆਪਣੇ ਸਾਥੀ ਸਿੰਘਾਂ ਭਰਾਵਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਰਣ ਵਿਚ ਜੂਝੀ। ਅਖ਼ੀਰ ਤੇ ਹਮਲਾਵਰ ਫੌਜਾਂ ਦੀ ਗਿਣਤੀ ਬਹੁਤ ਹੀ ਜ਼ਿਆਦਾ ਹੋਣ ਕਰ ਕੇ ਸਾਰੇ 100 ਦੇ 100 ਸਿਮਘ ਅਤੇ ਬੀਬੀ ਭਿੱਖਾਂ ਸਰਸਾ ਨਦੀ ਦੇ ਕੰਢੇ, ਝੱਖੀਆਂ ਪਿੰਡ ਦੀ ਜੂਹ ਵਿਚ ਸ਼ਹੀਦੀ ਜਾਮ ਪੀ ਗਏ।

ਬੀਬੀ ਭਿੱਖਾਂ ਦੀ ਸ਼ਹੀਦੀ ਦਾ ਜ਼ਿਕਰ ਭੱਟ ਵਹੀਆਂ ਵਿੱਚ ਇਸ ਤਰ੍ਹਾਂ ਮਿਲਦਾ ਹੈ :

*''ਸੂਰਜ ਬੰਸੀ ਗੌਤਮ ਗੋਤਰੇ ਰਾਠੌਰ ਉਦਾਨੈ, ਜੀਤਾਂਕ, ਗ੍ਰਾਮ ਲਾਡਵਾ ਪਰਗਨਾ ਥਨੇਸਰ, ਗਾਮ ਗੋਧਾਰਾ ਪਰਗਣਾ ਵਜ਼ੀਰਾਬਾਦ...। ਭਿੱਖਾਂ ਦੇਈ ਬੇਟੀ ਬਜਰ ਸਿੰਘ ਕੀ ਪੋਤੀ ਰਾਮੇ ਕੀ ਪੋਖ ਮਾਸੇ ਦਿਨ ਸਤ ਸੰਮਤ ਸਤਰਾਂ ਸੌ ਬਾਸਠ ਨੰਗਲ ਗੁਜਰਾਂ ਕੇ ਮਲ੍ਹਾਨ ਏਕ ਘੜੀ ਦਿਨ ਚੜ੍ਹੇ ਰਨ ਮੇ ਜੂਝ ਕਰ ਗਰੀ।''* (ਭੱਟ ਵਹੀ ਮੋਹਰਾਂ ਵਾਲੀ ਸਫਾ 92)

ਸ਼ਹੀਦ ਬੀਬੀ ਭਿੱਖਾਂ ਦੇ ਪਤੀ ਆਲਮ ਸਿੰਘ ਨਚਣਾ ਅਤੇ ਦੋ ਪੁੱਤਰ ਮੋਹਰ ਸਿੰਘ ਤੇ ਅਮਲੋਕ ਸਿੰਘ ਅਗਲੇ ਦਿਨ 7 ਦਸੰਬਰ 1705 ਨੂੰ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਗਏ। ਉਸ ਦੇ ਤੀਜੇ ਪੁੱਤਰ ਭਾਈ ਬਾਘੜ ਸਿੰਘ ਜੁਲਾਈ 1740 ਨੂੰ ਅੰਮ੍ਰਿਤਸਰ ਦੀ ਇਕ ਲੜਾਈ ਵਿਚ ਸ਼ਹੀਦ ਹੋਏ।

# ਬੀਬੀ ਹਰਸ਼ਰਨ ਕੌਰ (ਚਮਕੌਰ)

ਜਦ 1705 ਵਿਚ 7 ਦਸੰਬਰ ਦੀ ਸ਼ਾਮ ਵੇਲੇ ਚਮਕੌਰ ਦੀ ਗੜ੍ਹੀ ਵਿਚ ਦੋ ਸਹਿਬਜ਼ਾਦੇ, (ਪੰਜ ਵਿਚੋਂ) ਤਿੰਨ ਪਿਆਰੇ ਅਤੇ 38 ਸਿੰਘ ਸ਼ਹੀਦ ਹੋ ਚੁਕੇ ਸਨ; ਅਤੇ ਅਤੇ 8 ਦਸੰਬਰ ਦੀ ਸਵੇਰ ਨੂੰ ਬਾਕੀ ਦੇ ਦੋ ਵੀ ਸ਼ਹੀਦ ਹੋ ਗਏ ਤਾਂ ਸ਼ਾਹੀ ਫ਼ੌਜਾਂ ਨੇ ਗੜ੍ਹੀ ਦੇ ਅੰਦਰ ਵੜ ਕੇ ਤਲਾਸ਼ੀ ਲਈ। ਜਦ ਉਨ੍ਹਾਂ ਅੰਦਰ ਕੋਈ ਵੀ ਸਿੱਖ ਜਿਉਂਦਾ ਨਾ ਮਿਲਿਆ ਤਾਂ ਉਹ ਉੱਥੋਂ ਰੂਪੜ ਚਲੇ ਗਏ।

ਇਕ ਰਿਵਾਇਤ ਮੁਤਾਬਿਕ ਉਨ੍ਹਾਂ ਦੇ ਜਾਣ ਮਗਰੋਂ ਹਰਸ਼ਰਨ ਕੌਰ ਨਾਂ ਦੀ ਬੀਬੀ ਨ ਇਨਾਂ 45 ਸਿੰਘਾਂ ਦੀਆਂ ਲਾਸ਼ਾਂ ਦਾ ਸਸਕਾਰ ਕੀਤਾ। ਇਕ ਹੋਰ ਰਿਵਾਇਤ ਮੁਤਾਬਿਕ ਉਸ ਬੀਬੀ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਬੀਬੀ ਹਰਸ਼ਰਨ ਕੌਰ ਵੱਲੋਂ ਅਜਿਹਾ ਕੀਤਾ ਜਾਣ ਬਾਰੇ ਪੁਰਾਣੇ ਰਿਕਾਰਡ ਵਿਚ ਕੋਈ ਹਵਾਲਾ ਨਹੀਂ ਮਿਲਦਾ। ਇਹ ਮੁਮਕਿਨ ਹੈ ਕਿ ਬੀਬੀਆਂ ਦੀ ਬਹਾਦਰੀ ਦਰਸਾਉਣ ਵਾਸਤੇ ਇਹ ਪਾਤਰ ਸਿਰਜਿਆ ਗਿਆ ਹੋਵੇ।

ਪਟਿਆਲਾ ਰਿਆਸਤ ਦੀ ਤਵਾਰੀਖ਼ ਮੁਤਾਬਿਕ ਰਾਮ ਸਿੰਘ ਤੇ ਤਲੋਕ ਸਿੰਘ ਉਸ ਦਿਨ ਮਾਮਲਾ ਤਾਰਨ ਸਰਹੰਦ ਆਏ ਹੋਏ ਸਨ ਤੇ ਉਨ੍ਹਾਂ ਨੂੰ ਚਮਕੌਰ ਦੀਆਂ ਸ਼ਹੀਦੀਆਂ ਦਾ ਪਤਾ ਲਗਾ। ਉਹ ਉੱਥੋਂ ਚਮਕੌਰ ਗਏ ਅਤੇ ਇਨ੍ਹਾਂ ਲਾਸ਼ਾ ਦਾ ਸਸਕਾਰ ਕੀਤਾ।

# ਮਾਤਾ ਭਾਗੋ (ਭਾਗ ਕੌਰ)

ਮਾਤਾ ਭਾਗੋ ਝਬਾਲ ਦੇ ਚੌਧਰੀ ਬਾਬਾ ਲੰਗਾਹ ਦੇ ਭਰਾ ਪੀਰੋ ਸ਼ਾਹ ਦੀ ਪੋਤਰੀ ਸੀ। ਇਸ ਦੇ ਦੋ ਭਰਾ ਭਾਗ ਸਿੰਘ ਢਿੱਲੋਂ ਤੇ ਦਿਲਬਾਗ ਸਿੰਘ ਢਿੱਲੋਂ ਸਨ। ਮਾਤਾ ਭਾਗੋ ਦਾ ਵਿਆਹ ਪੱਟੀ ਦੇ ਵਾਸੀ ਚੌਧਰੀ ਦੇਸ ਰਾਜ ਵੜੈਚ ਦੇ ਪੁੱਤਰ ਨਿਧਾਨ ਸਿੰਘ ਨਾਲ ਹੋਇਆ ਸੀ। ਨਿਧਾਨ ਸਿੰਘ ਦੇ ਵਡੇ ਭਰਾ ਸੁਲਤਾਨ ਸਿੰਘ ਸਨ। ਦਸੰਬਰ 1705 ਵਿਚ ਚੌਧਰੀ ਦੇਸ ਰਾਜ ਵੜੈਚ ਚਲਾਣਾ ਕਰ ਗਿਆ। ਉਸ ਦੇ ਭੋਗ ਦੇ ਮੌਕੇ ਲਾਗਲਿਆਂ ਪਿੰਡਾਂ ਝੱਲੀਆਂਵਾਲਾ, ਗੰਡੀਵਿੰਡ, ਸੁਰਸਿੰਘ, ਪੰਜਵੜ, ਮੂਸੇ, ਭਿਖੀਵਿੰਡ, ਪਹੁਵਿੰਡ ਵਗ਼ੈਰਾ ਅਤੇ ਮਰੂਲ ਤੋਂ ਵੀ ਰਿਸ਼ਤੇਦਾਰ ਅਤੇ ਦੋਸਤ ਪੱਟੀ ਪੁੱਜੇ। ਇਸ ਭੋਗ ਮੌਕੇ ਹੀ ਸਭ ਨੂੰ ਪਤਾ ਲਗਾ ਕਿ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛਡ ਚੁਕੇ ਹਨ; ਸਾਰਾ ਪਰਿਵਾਰ ਵਿਛੜ ਗਿਆ ਹੈ; ਮਾਤਾ ਗੁਜਰੀ ਜੀ ਤੇ ਚਾਰੇ ਸਾਹਿਬਜਾਦੇ ਸ਼ਹੀਦ ਹੋ ਚੁਕੇ ਹਨ ਤੇ ਇਸ ਸਮੇਂ ਗੁਰੂ ਸਾਹਿਬ ਜੀ 'ਜੰਗਲ ਦੇਸ' ਵਿਚ ਹਨ। ਇਹ ਸਭ ਸੁਣ ਕੇ ਸਾਰਿਆਂ ਨੂੰ ਬੜਾ ਰੰਜ ਹੋਇਆ ਕਿ ਅਸੀਂ ਗੁਰੂ ਜੀ ਦੀਆਂ ਔਖੀਆਂ ਘੜੀਆਂ ਵੇਲੇ ਨਾਲ ਨਹੀਂ ਸਾਂ। ਉੱਥੇ ਬੈਠੇ ਸਾਰੇ ਨੇ ਵਿਚਾਰ ਕੀਤੀ ਕਿ ਕਿ ਜੇ ਕਰ ਅਸੀਂ ਅਨੰਦੋਰ ਦੇ ਘੇਰੇ ਵੇਲੇ ਨਾਲ ਨਹੀਂ ਸੀ; ਅਤੇ ਸਾਨੂੰ ਹੁਣ ਪਤਾ ਲਗਾ ਹੈ ਤਾਂ ਹੁਣ ਸਾਡਾ ਗੁਰੂ ਜੀ ਕੋਲ ਜਾਣਾ ਤਾਂ ਬਣਦਾ ਹੈ। ਇਸ ਵਿਚਾਰ ਨਾਲ ਕਰੀਬ ਚਾਲੀ ਸਿੱਖ ਗੁਰੂ ਜੀ ਨੂੰ ਮਿਲਣ ਜਾਣ ਵਾਸਤੇ ਤਿਆਰ ਹੋ ਗਏ। ਉਨ੍ਹਾਂ ਨਾਲ ਇਕਤਾਲੀਵੀਂ ਮਾਤਾ ਭਾਗੋ ਵੀ ਆਪਣੇ ਪਤੀ, ਜੇਠ ਤੇ ਭਰਾਵਾਂ ਨਾਲ ਚਲ ਪਈ।

ਪੱਟੀ ਤੋਂ ਮਖੂ ਜੀਰੇ ਤੋਂ ਹੁੰਦੀ ਹੋਈ ਇਹ ਸੰਗਤ ਰੂਪੇਆਣਾ ਦੀ ਰੋਹੀ ਵਿਚ (ਮੌਜੂਦਾ ਪਿੰਡ ਮੱਲਣ ਸੋਢੀਆਂ ਵਾਲੀ ਥਾਂ) ਪੁਜ ਗਈ। ਇੱਥੇ ਉਨ੍ਹਾਂ ਦਾ ਗੁਰੂ ਸਾਹਿਬ ਜੀ ਨਾਲ ਮੇਲ ਹੋ ਗਿਆ। ਗੁਰੂ ਜੀ ਨੇ ਮਾਝੇ ਤੋਂ ਆਈ ਸੰਗਤ ਵੇਖ ਕੇ ਰੁਕ ਗਏ ਤੇ ਸਾਰੀ ਸੰਗਤ ਵੀ ਬੈਠ ਗਈ। ਆਏ ਸਿੰਘਾਂ ਨੇ ਗੁਰੂ ਜੀ ਨਾਲ ਚੌਹਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ ਬਾਰੇ ਮਾਤਮਪੁਰਸੀ ਕੀਤੀ। ਗੁਰੂ ਸਾਹਿਬ ਜੀ ਨੇ ਹਾਲਾਤ ਨੂੰ ਵਾਹਿਗੁਰੂ ਦਾ ਭਾਣਾ ਕਿਹਾ। ਥੋੜੇ ਸਮੇਂ ਬਾਅਦ ਭਾਈ ਭਾਗ ਸਿੰਘ ਢਿਲੋਂ ਨੇ ਕਿਹਾ, 'ਮਹਾਰਾਜ ਤੁਸੀਂ ਹੁਣ ਲੜਾਈਆਂ ਛੱਡ ਕੇ ਸਾਡੇ ਕੋਲ ਮਾਝੇ ਵਿਚ ਆ ਕੇ ਰਹੋ। ਅਸੀਂ ਤੁਹਾਡੀ ਦਿੱਲੀ ਦਰਬਾਰ ਨਾਲ ਸੁਲਹ ਕਰਵਾ ਦੇਂਦੇ ਹਾਂ।' ਭਾਗ ਸਿੰਘ ਦੀ ਗਲ ਸੁਣ ਕੇ ਗੁਰੂ ਸਾਹਿਬ ਜੀ ਨੇ ਕਿਹਾ, 'ਭਾਈ, ਤੁਸੀਂ ਕੌਣ ਹੁੰਦੇ ਹੋ ਸੁਲਹ ਕਰਵਾਉਣ ਵਾਲੇ। ਗੁਰੁ ਅਰਜਨ ਸਾਹਿਬ ਦੀ ਸ਼ਹੀਦੀ ਵੇਲੇ ਤੁਹਾਡੇ ਵੱਡੇ ਵਡੇਰੇ ਕਿੱਥੇ

ਸਨ; ਛੇਵੇਂ ਪਾਤਸਾਹ ਦੀ ਕੈਦ ਵੇਲੇ ਕਿੱਥੇ ਸਨ; ਜਦ ਅਨੰਦਪੁਰ ਕਈ ਮਹੀਨੇ ਘੇਰਾ ਪਿਆ ਰਿਹਾ ਤੁਸੀਂ ਨਹੀਂ ਆਏ। ਹੁਣ ਕੀ ਕਰਨ ਆਏ ਹੋ? ਤੁਹਾਨੂੰ ਸੰਗ ਨਹੀਂ ਆਉਂਦੀ?' ਇਹ ਜਵਾਬ ਸੁਣ ਕੇ ਭਾਈ ਦਿਲਬਾਗ ਸਿੰਘ ਨੇ ਕਿਹਾ, 'ਮਹਾਰਾਜ, ਜੇ ਕਰ ਤੁਸੀਂ ਇਸੇ ਤਰ੍ਹਾਂ ਰਹਿਣਾ ਹੈ; ਤੁਸੀਂ ਸਾਡੀ ਗਲ ਨਹੀਂ ਮੰਨਣੀ ਤਾਂ ਅਸੀਂ ਜਾਂਦੇ ਹਾਂ। ਸਾਡੇ ਤੋਂ ਹੁਣ ਸਿੱਖੀ ਨਹੀਂ ਨਿਭਦੀ।' ਇਸ ਦਾ ਮੋੜਵਾਂ ਜਵਾਬ ਦੇਂਦਿਆਂ ਗੁਰੂ ਜੀ ਨੇ ਕਿਹਾ, 'ਅਸੀਂ ਤੁਹਾਨੂੰ ਬੁਲਾਇਆ ਨਹੀਂ ਸੀ, ਤੁਸੀਂ ਆਪੇ ਆਏ ਹੋ ਤੇ ਆਪੇ ਚਲੇ ਜਾਉ। ਲਿਖ ਕੇ ਦੇ ਦਿਓ ਕਿ ਅੱਜ ਤੋਂ ਮਾਝਾ ਗੁਰੂ ਦਾ ਸਿੱਖ ਨਹੀਂ ਰਿਹਾ।' ਇਹ ਕਹਿ ਕੇ ਗੁਰੂ ਜੀ ਨੇ ਭਾਈ ਮਾਨ ਸਿੰਘ ਨੂੰ ਕਿਹਾ, ''ਮਾਨ ਸਿੰਘ, ਖੁਰਜੀ ਵਚੋਂ ਕਲਮ ਦਵਾਤ ਔਰ ਕਾਗਜ਼ ਲਿਆਓ''। ਭਾਈ ਮਾਨ ਸਿੰਘ ਨੇ ਇਸੇ ਤਰ੍ਹਾਂ ਹੀ ਕੀਤਾ। ਭਾਈ ਭਾਗ ਸਿੰਘ ਢਿਲੋਂ ਝਬਾਲੀਏ ਨੇ ਕਾਗ਼ਜ਼ ਉੱਤੇ 'ਅੱਜ ਤੋਂ ਮਾਝੇ ਦੇ ਸਿੱਖ ਗੁਰੂ ਦੇ ਨਹੀਂ ਰਹੇ' ਲਿਖ ਕੇ ਦਸਤਖ਼ਤ ਕਰ ਦਿਤੇ। ਭਾਗ ਸਿੰਘ ਤੋਂ ਬਾਅਦ ਦਿਲਬਾਗ ਸਿੰਘ, ਘਰਬਾਰਾ ਸਿੰਘ ਤੇ ਗੰਡਾ ਸਿੰਘ, ਤਿੰਨਾਂ ਝਬਾਲ ਵਾਸੀਆਂ ਨੇ ਵੀ ਦਸਤਖ਼ਤ ਕਰ ਦਿਤੇ। ਉਨੇ ਚਿਰ ਨੂੰ ਸੂਹੀਏ ਨੇ ਖਬਰ ਦਿੱਤੀ ਕਿ ਮੁਗਲ ਫ਼ੌਜ ਬਹੁਤ ਨੇੜੇ ਪੁੱਜ ਗਈ ਹੈ, ਇਥੋਂ ਕੂਚ ਕਰਨਾ ਚਾਹੀਦਾ ਹੈ। ਇਸ 'ਤੇ ਗੁਰੂ ਜੀ ਨੇ ਉਹ ਕਾਗਜ ਫੜਿਆ ਤੇ ਬੋਝੇ ਵਿਚ ਪਾ ਕੇ ਅੱਗੇ ਰਵਾਨਾ ਹੋ ਗਏ।

ਗੁਰੂ ਸਾਹਿਬ ਦੇ ਜਾਣ ਮਗਰੋਂ ਮਾਈ ਭਾਗ ਕੌਰ, ਜੋ ਭਾਗ ਸਿੰਘ ਤੇ ਦਿਲਬਾਗ ਸਿੰਘ ਦੀ ਵੱਡੀ ਭੈਣ ਸੀ ਅਤੇ ਨਿਧਾਨ ਸਿੰਘ ਵੜੈਚ ਦੀ ਘਰ ਵਾਲੀ ਸੀ, ਨੇ ਇਨ੍ਹਾਂ ਚਾਲੀ ਸਿੰਘਾਂ ਵੱਲ ਮੂੰਹ ਕਰ ਕੇ ਆਖਿਆ: ਅਜੇ ਤਾਂ ਦੁਨੀ ਚੰਦ ਅਤੇ ਉਸ ਦੇ ਸਾਥੀ ਚਾਰ-ਪੰਜ ਮਝੈਲ ਸਿੰਘਾਂ ਵੱਲੋਂ ਅਨੰਦਗੜ੍ਹ ਕਿਲ੍ਹੇ 'ਚੋਂ ਰੱਸਾ ਬੰਨ੍ਹ ਕੇ ਭੱਜਣ ਦਾ ਕਲੰਕ ਸਾਡੇ ਮੱਥੇ ਤੋਂ ਨਹੀਂ ਲੱਥਾ। ਅੱਜ ਅਸੀਂ ਗੁੱਸੇ ਵਿਚ ਆ ਕੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਦਿੱਤਾ ਹੈ। ਹੁਣ ਅਸੀਂ ਕਿਹੜਾ ਮੂੰਹ ਲੈ ਕੇ ਵਾਪਿਸ ਵਤਨਾਂ ਨੂੰ ਜਾਵਾਂਗੇ। ਤੁਹਾਨੂੰ ਘਰ ਗਿਆਂ ਨੂੰ ਘਰ-ਵਾਲੀਆਂ ਕੀ ਆਖਣਗੀਆਂ ਕਿ ਸਤਿਗੁਰਾਂ ਦੇ ਆਹ ਦਰਸ਼ਨ ਪਾ ਕੇ ਆਏ ਹੋ? ਲੋਕ ਲਾਹਨਤਾਂ ਪਾਉਣਗੇ। ਕਿਹੜਾ ਮੂੰਹ ਲੈ ਕੇ ਬਾਹਰ ਫਿਰੋਗੇ? ਉੱਠੋ ਸ਼ੇਰੋ! ਹੰਭਲਾ ਮਾਰੋ, ਗੁਰੂ ਜੀ ਬਖ਼ਸ਼ਿੰਦ ਹਨ। ਉਹ ਜ਼ਰੂਰ ਮੁਆਫ਼ ਕਰ ਦੇਣਗੇ, ਚਲੋ ਚਲੀਏ। ਇਹ ਆਖ ਕੇ ਮਾਈ ਭਾਗ ਕੌਰ ਨੇ ਪੱਲੂ ਫੇਰਿਆ। ਮਾਈ ਦੇ ਬੋਲਾਂ ਨੇ ਉਸ ਦੇ ਛੋਟੇ ਭਰਾ ਭਾਗ ਸਿੰਘ ਨੂੰ ਵੀ ਟੁੰਬ ਹੀ ਲਿਆ ਅਤੇ ਉਸ ਨੇ ਵੀ ਬਾਕੀਆਂ ਨੂੰ ਗੁਰੂ ਜੀ ਦੇ ਪਿੱਛੇ ਜਾਣ ਵਾਸਤੇ ਆਖਿਆ। ਸਾਰੇ ਸਿੱਖ ਜੈਕਾਰਾ ਛੱਡ ਕੇ ਉਸੇ ਪਾਸੇ ਵਲ ਚਲ ਪਏ ਜਿਧਰ ਗੁਰੂ ਸਾਹਿਬ ਗਏ ਸਨ।

ਮਾਈ ਭਾਗ ਕੌਰ ਅਤੇ ਚਾਲ੍ਹੀ ਮਝੈਲ ਸਿੰਘ ਚਲਦੇ-ਚਲਦੇ ਖਿਦਰਾਣੇ ਦੀ ਢਾਬ ਦੇ ਕੰਢੇ 'ਤੇ ਜਾ ਰੁਕੇ ਤੇ ਪਾਣੀ ਪੀਣ ਲਗ ਪਏ। ਇਸ ਵੇਲੇ ਗੁਰੂ ਸਾਹਿਬ ਢਾਬ ਲੰਘ ਕੇ ਨੇੜੇ ਦੀ ਇਕ ਟਿੱਬੀ 'ਤੇ ਜਾ ਠਹਿਰੇ ਸਨ। (ਇਹ ਉਹੀ ਥਾਂ ਹੈ ਜਿੱਥੇ ਗੁਰਦੁਆਰਾ ਟਿੱਬੀ ਸਾਹਿਬ ਬਣਿਆ ਹੋਇਆ ਹੈ। ਢਾਬ ਵਾਲੀ ਥਾਂ 'ਤੇ ਗੁਰਦੁਆਰਾ ਦਰਬਾਰ ਸਾਹਿਬ, ਤੰਬੂ ਸਾਹਿਬ ਅਤੇ ਅੰਗੀਠਾ ਸਾਹਿਬ ਬਣੇ ਹੋਏ ਹਨ)।

ਕੁਝ ਹੀ ਚਿਰ ਮਗਰੋਂ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੀ ਫ਼ੌਜ ਢਾਬ ਦੇ ਕੰਢੇ 'ਤੇ ਆ ਪੁੱਜੀ। ਚਾਲ੍ਹੀ ਮਝੈਲ ਸਿੰਘ ਵੀ ਉਸ ਵੇਲੇ ਉੱਥੇ ਹੀ ਹਾਜ਼ਿਰ ਸਨ। ਵੇਖਦਿਆਂ-ਵੇਖਦਿਆਂ ਹੀ ਦੋਹਾਂ ਪਾਸਿਆਂ ਤੋਂ ਗੋਲੀਆਂ ਅਤੇ ਤੀਰਾਂ ਦਾ ਮ"ਹ ਪੈਣਾ ਸ਼ੁਰੂ ਹੋ ਗਿਆ। 2 ਘੜੀਆਂ (ਪੌਣੇ ਘੰਟੇ) ਮਗਰੋਂ ਜਦੋਂ ਸਿੰਘਾਂ ਕੋਲ ਤੀਰ ਤੇ ਗੋਲੀਆਂ ਮੁਕ ਗਈਆਂ ਤਾਂ ਉਨ੍ਹਾਂ ਨੇ ਤਲਵਾਰਾਂ ਧੂਹ ਲਈਆਂ ਅਤੇ ਦੁਸ਼ਮਣ ਦੀ ਫ਼ੌਜ 'ਤੇ ਟੁੱਟ ਪਏ। ਦੋਹੀਂ ਤਰਫ਼ੀਂ ਲੋਹੇ ਨਾਲ ਲੋਹਾ ਖੜਕਿਆ। ਚਾਲ੍ਹੀ ਸਿੰਘਾਂ ਅਤੇ ਮਾਈ ਭਾਗੋ ਨੇ ਸਰਹੰਦੀ ਫ਼ੌਜ ਦੀ ਅਜਿਹੀ ਵੱਢ-ਟੁੱਕ ਕੀਤੀ ਕਿ ਉਨ੍ਹਾਂ ਨੂੰ ਅਲ੍ਹਾ ਚੇਤੇ ਕਰਵਾ ਦਿੱਤਾ। ਇਹ ਲੜਾਈ ਕਾਫ਼ੀ ਦੇਰ ਤੱਕ ਚਲਦੀ ਰਹੀ। ਦੋਹਾਂ ਧਿਰਾਂ ਨੇ ਕੋਈ ਕਸਰ ਨਾ ਛੱਡੀ। ਅਖ਼ੀਰ ਸੈਂਕੜੇ ਮੁਗ਼ਲ ਸਿਪਾਹੀਆਂ ਨੂੰ ਮਾਰਨ ਮਗਰੋਂ ਸੈਂਤੀ ਸਿੰਘ ਸ਼ਹੀਦ ਹੋ ਗਏ ਅਤੇ ਬਾਕੀ ਦੇ ਤਿੰਨ ਸਿੰਘ ਤੇ ਭਾਗ ਕੌਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਡਿੱਗ ਪਏ।

ਜਦੋਂ ਵਜ਼ੀਰ ਖਾਨ ਨੇ ਵੇਖਿਆ ਕਿ ਸਾਰੇ ਸਿੰਘ ਸ਼ਹੀਦ ਹੋ ਗਏ ਹਨ ਤੇ ਕੋਈ ਲੜਨ ਵਾਲਾ ਨਹੀਂ ਰਿਹਾ ਤਾਂ ਉਸ ਨੇ ਫ਼ੌਜ ਨੂੰ ਪਿੱਛੇ ਹਟਣ ਦਾ ਹੁਕਮ ਦੇ ਦਿੱਤਾ। ਉਸ ਨੂੰ ਇਹ ਵੀ ਦੱਸਿਆ ਜਾ ਚੁੱਕਾ ਸੀ ਕਿ ਉਸ ਨੂੰ ਇਸ ਤੋਂ ਅੱਗੇ ਕਿਤੇ ਪਾਣੀ ਨਹੀਂ ਮਿਲ ਸਕਣਾ ਅਤੇ ਫ਼ੌਜ ਪਿਆਸ ਨਾਲ ਮਰ ਜਾਵੇਗੀ। ਉਂਞ ਵੀ ਉਸ ਪਾਸੇ ਦਾ ਇਲਾਕਾ ਮੁਲਤਾਨ ਰਿਆਸਤ ਦੇ ਮਾਤਹਿਤ ਸੀ। ਇਹ ਸੋਚ ਕੇ ਉਸ ਨੇ ਵਾਪਿਸ ਮੁੜਨ ਦਾ ਫੈਸਲਾ ਤਾਂ ਪਹਿਲਾਂ ਹੀ ਕਰ ਲਿਆ ਹੋਇਆ ਸੀ। ਨਾਲ ਹੀ ਹੁਣ ਸਾਰੇ ਸਿੱਖ, ਉਸ ਦੇ ਆਿਲ ਵਿਚ, "ਖ਼ਤਮ" ਹੋ ਚੁੱਕੇ ਸਨ ਇਸ ਕਰ ਕੇ ਉਸ ਨੇ ਫ਼ੌਜਾਂ ਪਿੱਛੇ ਮੋੜ ਲਈਆਂ। ਸ਼ਾਮ ਪੈਣ ਤੋਂ ਪਹਿਲਾਂ ਸਰਹੰਦ ਦੀਆਂ ਫ਼ੌਜਾਂ ਉੱਥੋਂ ਕਾਫ਼ੀ ਦੂਰ ਨਿਕਲ ਚੁੱਕੀਆਂ ਸਨ।

ਥੋੜ੍ਹੀ ਦੇਰ ਮਗਰੋਂ ਗੁਰੂ ਸਾਹਿਬ ਟਿੱਬੀ ਤੋਂ ਚਲ ਕੇ ਖਿਦਰਾਣੇ ਦੀ ਢਾਬ (ਜਿਸ ਨੂੰ ਉਨ੍ਹਾਂ ਈਸ਼ਰਸਰ ਦਾ ਨਾਂ ਦਿੱਤਾ) ਦੇ ਕੰਢੇ 'ਤੇ ਆਏ। ਉਸ ਵੇਲੇ ਭਾਈ ਰਾਏ ਸਿੰਘ ਮੁਲਤਾਨੀ (ਭਰਾ ਭਾਈ ਮਨੀ ਸਿੰਘ) ਉਸ ਦਾ ਪੁੱਤਰ ਭਾਈ ਮਹਾਂ ਸਿੰਘ, ਭਾਈ ਸੁੰਦਰ ਸਿੰਘ ਬ੍ਰਾਹਮਣ (ਵਾਸੀ ਪਿੰਡ ਝੱਲੀਆਂ ਵਾਲਾ) ਅਤੇ ਮਾਈ ਭਾਗ ਕੌਰ ਸਿਸਕ ਰਹੇ ਸਨ। ਗੁਰੂ ਸਾਹਿਬ ਨੇ ਭਾਈ ਮਾਨ ਸਿੰਘ

ਨਿਸ਼ਾਨਚੀ ਨੂੰ ਸ਼ਹੀਦ ਹੋਏ 37 ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਕਰਨ ਦੀ ਸੇਵਾ ਬਖ਼ਸ਼ੀ ਅਤੇ ਆਪ ਸਹਿਕ ਰਹੇ ਸਿੱਖਾਂ ਕੋਲ ਬੈਠ ਗਏ। ਗੁਰੂ ਸਾਹਿਬ ਨੇ ਇਨ੍ਹਾਂ ਤਿੰਨਾਂ ਅਤੇ ਮਾਈ ਭਾਗ ਕੌਰ ਦੇ ਮੂੰਹ ਵਿਚ ਪਾਣੀ ਪਾਇਆ, ਮਰ੍ਹਮ-ਪੱਟੀ ਕੀਤੀ; ਪਰ ਇਨ੍ਹਾਂ ਦੇ ਜ਼ਖ਼ਮ ਬੜੇ ਡੂੰਘ ਸਨ। ਇਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ। ਮਾਈ ਭਾਗ ਕੌਰ ਨੂੰ ਖੱਬੇ ਪੱਟ ਵਿਚ ਗੋਲੀ ਲੱਗੀ ਹੋਈ ਸੀ ਪਰ ਬਾਕੀ ਤਿੰਨੇ ਬੜੇ ਨਿਢਾਲ ਹੋ ਚੁੱਕੇ ਸਨ।

ਇਸ ਮਗਰੋਂ ਗੁਰੂ ਸਾਹਿਬ ਨੇ ਸਹਿਕ ਰਹੇ ਤਿੰਨਾਂ ਸਿੰਘਾਂ ਨੂੰ ਪੁੱਛਿਆ ਕਿ ਤੁਹਾਨੂੰ ਕੀ ਚਾਹੀਦਾ ਹੈ ਆਪਣੇ ਮੂੰਹੋਂ ਮੰਗ ਲਓ। ਇਸ ਤੇ ਭਾਈ ਰਾਏ ਸਿੰਘ ਬੋਲਿਆ "ਗੁਰੂ ਜੀ ਜੇ ਆਪ ਤਰੁਠੇ ਹੀ ਹੋ ਤਾਂ ਤੁਸੀਂ ਭਾਈ ਭਾਗ ਸਿੰਘ ਦਾ ਲਿਖਿਆ ਸਿੱਖੀ ਤੋਂ ਪੰਚਾਇਤੀ ਬੇਦਾਵਾ ਫਾੜ ਕੇ ਸਾਨੂੰ ਸਿੱਖੀ ਦਾਨ ਬਖ਼ਸ਼ ਦਿਓ।" ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਧੰਨ ਸਿੱਖੀ! ਧੰਨ ਸਿੱਖੀ!! ਧੰਨ ਸਿੱਖੀ!!!" ਆਖਿਆ ਅਤੇ ਆਪਣੀ ਜੇਬ ਵਿਚੋਂ ਬੇਦਾਵੇ ਵਾਲਾ ਕਾਗ਼ਜ਼ ਕੱਢ ਕੇ ਫਾੜ ਦਿੱਤਾ। *(ਇਕ ਰਿਵਾਇਤ ਮੁਤਾਬਿਕ ਇਹ ਬੋਲ ਰਾਏ ਸਿੰਘ ਦੇ ਪੁੱਤਰ ਮਹਾਂ ਸਿੰਘ ਤਨੇ ਕਹੇ ਸਨ। ਦਰਅਸਲ ਮਹਾਂ ਸਿੰਘ ਨੇ ਸਭ ਤੋਂ ਅਖ਼ੀਰ 'ਤੇ ਸੁਆਸ ਛੱਡੇ ਸੀ ਇਸ ਕਰ ਕੇ ਉਸ ਦਾ ਨਾਂ ਚੱਲ ਪਿਆ। ਇਹ ਗ਼ਲਤੀ ਸੰਤੋਖ ਸਿੰਘ ਨੇ "ਗੁਰ ਪ੍ਰਤਾਪ ਸੂਰਜ ਗ੍ਰੰਥ" ਵਿਚ ਕੀਤੀ ਸੀ ਤੇ ਬਾਕੀਆਂ ਨੇ ਤਾਂ ਉਸ ਦੀ ਨਕਲ ਕਰ ਕੇ ਹੀ ਲਿਖ ਦਿੱਤਾ ਸੀ।)*

ਇਸ ਮਗਰੋਂ ਗੁਰੂ ਜੀ ਸਾਰੀ ਰਾਤ ਇਨ੍ਹਾਂ ਨਾਲ ਗੱਲਾਂ ਕਰਦੇ ਰਹੇ। ਅੱਧੀ ਰਾਤ ਵੇਲੇ ਭਾਈ ਸੁੰਦਰ ਸਿੰਘ ਝੱਲੀਆਂ ਵਾਲਾ ਸਾਹ ਛੱਡ ਗਿਆ। ਇਸ ਮਗਰੋਂ ਭਾਈ ਰਾਏ ਸਿੰਘ ਤੇ ਕੁਝ ਚਿਰ ਮਗਰੋਂ ਚਾਲ੍ਹੀਵਾਂ ਸਿੰਘ ਭਾਈ ਮਹਾਂ ਸਿੰਘ ਵੀ ਵਾਹਿਗੁਰੂ ਦੇ ਕਦਮਾਂ ਵਿਚ ਜਾ ਪੁੱਜਾ।

ਅਗਲੀ ਸਵੇਰ, ਮਾਘ ਦੀ ਪਹਿਲੀ ਨੂੰ (30 ਦਸੰਬਰ 1705 ਦੇ ਦਿਨ) ਗੁਰੂ ਸਾਹਿਬ ਨੇ ਇਨ੍ਹਾਂ ਚਾਲ੍ਹੀ ਸਿੰਘਾਂ ਵਾਸਤੇ ਆਸਾ ਦੀ ਵਾਰ ਦਾ ਪਾਠ ਕਰ ਕੇ ਭੋਗ ਪਾਇਆ। ਕੁਝ ਚਿਰ ਮਗਰੋਂ ਭਾਈ ਦਾਨ ਸਿੰਘ ਖਿਦਰਾਣਾ ਪਿੰਡ ਵਿਚੋਂ ਤ੍ਰਿਹਾਵਲ (ਘਿਓ, ਮੈਦਾ, ਖੰਡ) ਲੈ ਆਇਆ। ਗੁਰੂ ਸਾਹਿਬ ਨੇ ਆਪ ਪਾਠ ਕਰ ਕੇ ਦੇਗ਼ ਤਿਆਰ ਕਰਵਾਈ। ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਲਕੜੀਆਂ ਦੇ ਢੇਰ 'ਤੇ ਇਕੱਠਿਆਂ ਹੀ ਰੱਖ ਦਿੱਤਾ ਗਿਆ। ਗੁਰੂ ਸਾਹਿਬ ਨੇ ਆਪ ਸੋਹਿਲਾ ਦਾ ਪਾਠ ਕੀਤਾ ਤੇ ਫਿਰ ਆਪਣੇ ਹੱਥੀਂ ਹੀ ਇਨ੍ਹਾਂ ਦੀ ਚਿਖਾ ਨੂੰ ਅੱਗ ਲਾਈ। ਇਸ ਮਗਰੋਂ ਕੜ੍ਹਾਹ ਪ੍ਰਸ਼ਾਦ ਦੀ ਦੇਗ਼ ਵਰਤਾਈ ਗਈ। ਸਸਕਾਰ ਮਗਰੋਂ ਗੁਰੂ ਸਾਹਿਬ ਨੇ ਹਾਜ਼ਿਰ ਸਿੰਘਾਂ ਨੂੰ ਮੁਖ਼ਾਤਿਬ ਹੁੰਦਿਆਂ ਆਖਿਆ ਕਿ ਇਨ੍ਹਾਂ ਚਾਲ੍ਹੀ ਸਿੰਘਾਂ ਨੇ ਧਰਮ ਹੇਤ ਸੀਸ ਦਿੱਤੇ ਹਨ। ਇਨ੍ਹਾਂ ਨੂੰ ਵੀ **'ਚਾਲ੍ਹੀ ਮੁਕਤੇ'** ਆਖ ਕੇ ਚੇਤੇ ਕੀਤਾ ਜਾਇਆ ਕਰੇਗਾ।

ਗੁਰੂ ਸਾਹਿਬ 30 ਅਤੇ 31 ਦਸੰਬਰ ਦਾ ਦਿਨ ਉੱਥੇ ਹੀ ਰਹੇ ਅਤੇ ਜਦੋਂ ਚਿਖਾ ਪੂਰੀ ਤਰ੍ਹਾਂ ਸੜ ਗਈ ਤਾਂ ਗੁਰੂ ਸਾਹਿਬ ਨੇ ਅੰਗੀਠੇ ਤੇ ਮਿੱਟੀ ਪੁਆ ਦਿੱਤੀ। 31 ਦਸੰਬਰ ਦੀ ਰਾਤ ਨੂੰ ਖਿਦਰਾਣੇ ਦੇ ਵਾਸੀ ਗੁਰੂ ਸਾਹਿਬ ਨੂੰ ਪਿੰਡ ਲੈ ਗਏ ਅਤੇ ਸੇਵਾ ਕੀਤੀ। ਰਾਤ ਗੁਰੂ ਸਾਹਿਬ ਖਿਦਰਾਣੇ ਰਹੇ ਅਤੇ ਪਹਿਲੀ ਜਨਵਰੀ 1706 ਨੂੰ ਖਿਦਰਾਣੇ ਤੋਂ ਤਲਵੰਡੀ ਸਾਬੋ ਵਲ ਚਲ ਪਏ।

ਮਾਤਾ ਭਾਗ ਕੌਰ ਜੀ ਜਿਸਦੇ ਭਰਾ, ਪਤੀ ਤੇ ਜੇਠ ਭਾਵ ਪੇਕੇ ਸਹੁਰੇ ਇਸ ਜੰਗ ਵਿਚ ਸ਼ਹੀਦ ਹੋ ਗਏ ਸਨ, ਨੇ ਹੁਣ ਪਿੱਛੇ ਜਾਣ ਤੋਂ ਨਾਂਹ ਕਰ ਦਿੱਤੀ ਤੇ ਗੁਰੁ ਜੀ ਦੀ ਸੇਵਾ ਵਿਚ ਰਹਿਣ ਦਾ ਫ਼ੈਸਲਾ ਕੀਤਾ। ਉਹ ਗੁਰੂ ਜੀ ਦੇ ਨਾਲ ਹੀ ਤਲਵੰਡੀ ਸਾਬੋ ਕੀ ਪੁਜੇ ਤੇ ਫਿਰ ਤਲਵੰਡੀ ਸਾਬੋ ਕੀ ਤੋਂ ਦੱਖਣ ਤੱਕ ਅਬਚਲ ਨਗਰ ਨੰਦੇੜ ਪੁਜੇ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤਿ-ਜੋਤ ਸਮਾ ਜਾਣ ਤੋਂ ਬਾਅਦ ਮਾਤਾ ਭਾਗੋ ਜੀ ਦਖਣ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਉਨ੍ਹਾਂ ਦੀ ਯਾਦ ਵਿਚ ਇਕ ਗੁਰਦੁਆਰਾ ਬਿਦਰ ਵਿਚ ਵੀ ਬਣਿਆ ਹੋਇਆ ਹੈ ਜਿੱਥੇ ਕਿ ਉਹ ਕਾਫ਼ੀ ਸਮਾਂ ਰਹੇ ਸਨ।

ਮਾਤਾ ਭਾਗ ਕੌਰ ਜੀ ਬਾਬਤ ਜੋ ਢਾਡੀਆਂ ਕੀਵਸ਼ਰਾਂ ਨੇ ਸਿਠਾਂ ਜੋੜ ਦਿਤੀਆਂ ਕਿ ਮਾਤਾ ਨੇ ਬੇਦਾਵਾ ਦੇ ਕੇ ਆਏ ਸਿੰਘਾਂ ਨੂੰ ਲਾਹਨਤਾਂ ਪਾਈਆਂ ਤੇ ਕਿਹਾ ਚੂੜੀਆਂ ਪਾ ਲਉ, ਚੁੰਨੀਆਂ ਲੈ ਲਉ ਵਗੈਰਾ। ਇਹ ਉਸ ਨਾਲ ਜ਼ਿਆਦਤੀ ਹੈ; ਇਹੋ ਜਿਹੀਆਂ ਲਿਖਤਾਂ ਦਾ ਆਧਾਰ ਸੰਤੋਖ ਸਿੰਘ ਦਾ ਸੂਰਜ ਪ੍ਰਕਾਸ਼ ਹੈ ਜਿਸ ਨੇ ਗੁਰੂਆਂ ਬਾਰੇ ਅਤੇ ਸਿੱਖ ਸ਼ਖ਼ਸੀਅਤਾਂ ਬਾਰੇ ਬੇਹੱਦ ਗ਼ਲਤ ਗੱਲਾਂ ਲਿਖ ਕੇ ਜ਼ਿਆਦਤੀ ਕੀਤੀ ਹੈ।

## ਬੀਬੀ ਕਪੂਰੋ

ਬੀਬੀ ਕਪੂਰੋ ਭਾਈ ਲਾਲੇ ਦੀ ਬੇਟੀ ਤੇ ਭਾਈ ਕਪੂਰ ਸਿੰਘ ਕੋਟਕਪੂਰੇ ਵਾਲੇ ਦੀ ਭੈਣ ਸੀ। ਇਸ ਦਾ ਵਿਆਹ ਤਲਵੰਡੀ ਸਾਬੋ ਦੇ ਰਾਏ ਡੱਲੇ ਨਾਲ ਹੋਇਆ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪੁੱਜੇ ਤਾਂ ਇਨ੍ਹਾਂ ਦੋਵਾਂ ਜੀਆਂ ਨੇ ਗੁਰੂ ਸਾਹਿਬ ਜੀ ਦਾ ਬਹੁਤ ਸਤਿਕਾਰ ਕੀਤਾ। ਫਿਰ ਜਦੋਂ ਗੁਰੂ ਸਾਹਿਬ ਜੀ ਦੀਆਂ ਦੋਵੇ ਪਤਨੀਆਂ ਅਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਜੀ ਤਲਵੰਡੀ ਸਾਬੋ ਕੀ ਪੁਜੀਆਂ ਤਾਂ ਵੀ ਬੀਬੀ ਕਪੂਰੋ ਨੇ ਦੋਵਾਂ ਮਾਤਾਵਾਂ ਨੂੰ ਬਹੁਤ ਸਤਿਕਾਰ ਦਿੱਤਾ ਤੇ ਬਹੁਤ ਸ਼ਾਹਾਨਾ ਤਰੀਕੇ ਨਾਲ ਉਨ੍ਹਾਂ ਨੂੰ ਆਪਣੇ ਬੰਗਲੇ ਵਿਚ ਰਖਿਆ ਤੇ ਦਿਲੋ-ਜਾਨ ਨਾਲ ਸੇਵਾ ਕੀਤੀ। ਪਿੱਛੋਂ ਸੰਤੋਖ ਸਿੰਘ ਨੇ ਆਪਣੀ ਕਿਤਾਬ ਵਿਚ ਇਸ ਪਰਵਾਰ ਨਾਲ ਵੀ ਬਹੁਤ ਜ਼ਿਆਦਤੀ ਕੀਤੀ।

# ਰਾਣੀ ਸਾਹਿਬ ਕੌਰ (ਬੰਦਾ ਸਿੰਘ ਦੀ ਪਤਨੀ)

ਸਰਹੰਦ ਦੀ ਜਿੱਤ ਮਗਰੋਂ ਸਿੱਖਾਂ ਦੇ ਕਹਿਣ 'ਤੇ ਬੰਦਾ ਸਿੰਘ ਨੇ ਗ੍ਰਹਿਸਤ ਧਾਰਨਾ ਮਨਜ਼ੂਰ ਕਰ ਲਿਆ। ਉਸ ਦਾ ਵਿਆਹ 20 ਜੂਨ 1710 ਦੇ ਦਿਨ, ਸਰਹੰਦ ਵਿਚ, ਸਿਆਲਕੋਟ ਦੇ ਭਾਈ ਸ਼ਿਵ ਰਾਮ ਕਪੂਰ ਤੇ ਬੀਬੀ ਭਾਗਵੰਤੀ ਦੀ ਬੇਟੀ ਬੀਬੀ ਸਾਹਿਬ ਕੌਰ ਨਾਲ ਹੋਇਆ। *(ਬੀਬੀ ਸਾਹਿਬ ਕੌਰ ਵੀਰ ਹਕੀਕਤ ਸਿੰਘ ਦੀ ਭੂਆ ਦੀ ਧੀ ਸੀ। ਮਗਰੋਂ ਇਹ ਹਕੀਕਤ ਸਿੰਘ, ਜਿਸ ਨੂੰ ਪਰਮਾ ਨੰਦ ਵਰਗੇ ਫ਼ਿਰਕੂ ਲੇਖਕ ਬੇਈਮਾਨੀ ਨਾਲ* ***ਵੀਰ ਹਕੀਕਤ ਰਾਏ*** *ਲਿਖਦੇ ਰਹੇ ਹਨ, 18 ਜਨਵਰੀ 1735 ਦੇ ਦਿਨ ਆਪਣੇ ਮਾਮੇ ਅਰਜਨ ਸਿੰਘ ਵਧਾਵਨ ਨਾਲ, ਲਾਹੌਰ ਵਿਚ ਸ਼ਹੀਦ ਕੀਤਾ ਗਿਆ ਸੀ)।* ਬੀਬੀ ਸਾਹਿਬ ਕੌਰ ਕੁਝ ਚਿਰ ਸਰਹੰਦ ਰਹੀ ਪਰ ਜਦੋਂ ਮੁਗ਼ਲਾਂ ਦੇ ਵੱਡੇ ਹਮਲੇ ਦੇ ਆਸਾਰ ਬਣ ਗਏ ਉਹ ਤਾਂ ਜੰਮੂ-ਕਸ਼ਮੀਰ ਦੇ ਇਕ ਪਿੰਡ ਢੋਟੇ ਦਾ ਟਾਂਡਾ (ਨੇੜੇ ਰਿਆਸੀ) ਵਿਚ ਚਲੀ ਗਈ ਜਿੱਥੇ ਉਸ ਨੇ ਰਣਜੀਤ ਸਿੰਘ ਨੂੰ ਜਨਮ ਦਿਤਾ।

ਇਸ ਮਗਰੋਂ ਬੰਦਾ ਸਿੰਘ ਫਿਰ ਜੰਗਾਂ ਵਿਚ ਰੁੱਝ ਗਿਆ ਅਤੇ ਸਾਹਿਬ ਕੌਰ ਕਾਫ਼ੀ ਸਮਾਂ ਇਸੇ ਪਿੰਡ ਵਿਚ ਹੀ ਰਹੀ ਤੇ ਕਈ ਵਾਰ ਉਹ ਬੰਦਾ ਸਿੰਘ ਦੇ ਨਾਲ ਵੀ ਜਾਂਦੀ ਰਹੀ। ਇਕ ਮੌਕਾ ਅਜਿਹਾ ਵੀ ਸੀ ਜਦ ਬੰਦਾ ਸਿੰਘ ਦੀਆਂ ਦੋਵੇਂ ਪਤਨੀਆਂ (ਦੂਜੀ ਚੰਬੇ ਵਾਲੀ) ਉਸ ਦੇ ਨਾਲ ਸਨ। ਦਸੰਬਰ 1714 ਵਿਚ ਸਾਹਿਬ ਕੌਰ ਵੀ ਬੰਦਾ ਸਿੰਘ ਦੇ ਨਾਲ ਸੀ। ਇਨ੍ਹੀਂ ਦਿਨੀਂ ਉਹ ਬਟਾਲਾ ਅਤੇ ਕਲਾਨੌਰ 'ਤੇ ਕਬਜ਼ਾ ਕਰਨ ਵਾਸਤੇ ਪਲਾਨਿੰਗ ਕਰ ਰਿਹਾ ਸੀ ਇਸ ਕਰ ਕੇ ਉਸ ਨੇ ਸਾਹਿਬ ਕੌਰ ਨੂੰ ਮਹਿਫ਼ੂਜ਼ ਜਗਹ ਛੱਡਣ ਦਾ ਫ਼ੈਸਲਾ ਕੀਤਾ। ਉਸ ਨੇ ਸਾਹਿਬ ਕੌਰ ਨੂੰ ਭਾਈ ਮਿਹਰ ਸਿੰਘ ਦੀ ਸੇਵਾ ਸੰਭਾਲ ਵਿਚ ਪਿੰਡ ਢੋਟੇ ਦੇ ਟਾਂਡੇ ਵਿਚ ਛੱਡਿਆ ਤੇ ਆਪ ਪੰਜਾਬ ਵਲ ਚਲ ਪਿਆ। ਉਸ ਵੇਲੇ ਬੰਦਾ ਸਿੰਘ ਕੋਲ ਗੁਰੂ ਗ੍ਰੰਥ ਸਾਹਿਬ ਦਾ ਉਹ ਸਰੂਪ ਵੀ ਸੀ ਜਿਸ ਨੂੰ 6 ਅਕਤੂਬਰ 1708 ਦੇ ਦਿਨ ਗੁਰਗੱਦੀ ਸੌਂਪੀ ਗਈ ਸੀ (ਇਹ ਸਰੂਪ ਸਰਹੰਦ ਦੀ ਜਿੱਤ ਮਗਰੋਂ ਨੰਦੇੜ ਤੋਂ ਲਿਆਂਦਾ ਗਿਆ ਸੀ ਤੇ ਬਾਬਾ ਬੰਦਾ ਸਿੰਘ ਕੋਲ ਰਿਹਾ ਸੀ)। ਬੰਦਾ ਸਿੰਘ ਨੇ ਇਸ ਸਰੂਪ ੂੰ, ਅਤੇ ਉਹ ਕਿਰਪਾਨ ਜੋ ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਭੇਟ ਕੀਤੀ ਸੀ, ਨੂੰ ਸਾਹਿਬ ਕੌਰ ਦੇ ਹਵਾਲੇ ਕਰ ਦਿੱਤਾ ਅਤੇ ਇਸ ਖ਼ਜ਼ਾਨੇ ਦੀ ਸੰਭਾਲ ਵਾਸਤੇ ਤਾਕੀਦ ਕੀਤੀ। ਇਸ ਮਗਰੋਂ ਸਾਹਿਬ ਕੌਰ ਏਥੇ ਹੀ ਰਹੀ ਅਤੇ ਮੁੜ ਕੇ ਉਸ ਦਾ ਬੰਦਾ ਸਿੰਘ ਨਾਲ ਮੇਲ ਵੀ ਨਹੀਂ ਹੋ ਸਕਿਆ।

9 ਜੂਨ 1716 ਦੇ ਦਿਨ ਬਾਬਾ ਬੰਦਾ ਸਿੰਘ ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ। ਅਮਰ ਸਿੰਘ ਕੰਬੋਜ ਬੰਦਾ ਸਿੰਘ ਦੀ ਸ਼ਹੀਦੀ ਵਾਲੀ ਰਾਤ

ਮਹਿਰੌਲੀ ਵਿਚ ਜਾ ਕੇ ਬੰਦਾ ਸਿੰਘ ਦੀ ਲਾਸ਼ ਦੇ ਟੁਕੜੇ, ਉਸ ਨੂੰ ਬੰਨ੍ਹੀ ਹੋਈ ਲਾਲ ਪੱਗ ਵਿਚ ਬੰਨ੍ਹ ਕੇ, ਚੁੱਕ ਲਿਆਇਆ ਸੀ ਤੇ ਉਨ੍ਹਾਂ ਨੂੰ ਢੋਟੇ-ਦੇ-ਟਾਂਡੇ (ਜੰਮੂ ਰਿਆਸਤ) ਵਿਚ ਸਾਹਿਬ ਕੌਰ (ਪਤਨੀ ਬੰਦਾ ਸਿੰਘ ਬਹਾਦਰ) ਕੋਲ ਲੈ ਗਿਆ ਸੀ ਜਿੱਥੇ ਉਨ੍ਹਾਂ ਟੁਕੜਿਆਂ ਦਾ ਸਸਕਾਰ ਕੀਤਾ ਗਿਆ ਸੀ। (ਗੰਡਾ ਮੱਲ ਵਧਾਵਣ, *ਤਵਾਰੀਖ਼ੇ ਸੋਹਦਰਾ*, ਹਵਾਲਾ ਗਿਆਨੀ ਗਰਜਾ ਸਿੰਘ, *ਸ਼ਹੀਦ ਬਿਲਾਸ*, ਸਫ਼ਾ 82)।

ਸਾਹਿਬ ਕੌਰ ਨੇ ਬੇਟੇ ਰਣਜੀਤ ਸਿੰਘ ਨੂੰ ਢੋਟੇ ਦੇ ਟਾਂਡੇ ਵਿਚ ਰੱਖ ਕੇ ਪਾਲਿਆ। ਰਣਜੀਤ ਸਿੰਘ (ਮੌਤ 24 ਜੁਲਾਈ 1753) ਦਾ ਇਕ ਬੇਟਾ ਜੁਝਾਰ ਸਿੰਘ ਸੀ; ਉਸ ਦੇ ਅੱਗੋਂ ਦੋ ਬੱਚੇ ਸਨ: ਜੁਝਾਰ ਸਿੰਘ (ਮੌਤ 1807) ਤੇ ਜ਼ੋਰਾਵਰ ਸਿੰਘ। ਜੁਝਾਰ ਸਿੰਘ ਦੇ ਦੋ ਬੱਚੇ ਸਨ: ਫ਼ਤਹਿ ਸਿੰਘ (ਮੌਤ 1845) ਅਤੇ ਸੁਚੇਤ ਸਿੰਘ (ਇਨ੍ਹਾਂ ਦੋਹਾਂ ਦਾ ਕੋਈ ਬੱਚਾ ਨਹੀਂ ਸੀ)। ਜ਼ੋਰਾਵਰ ਸਿੰਘ ਦਾ ਬੇਟਾ ਅਰਜਨ ਸਿੰਘ ਸੀ ਅਤੇ ਅਰਜਨ ਸਿੰਘ ਦੇ ਦੋ ਬੇਟੇ (ਖੜਕ ਸਿੰਘ ਤੇ ਅਮੀਰ ਸਿੰਘ) ਸਨ। ਖੜਕ ਸਿੰਘ ਦਾ ਬੇਟਾ ਦਯਾ ਸਿੰਘ ਤੇ ਦਯਾ ਸਿੰਘ ਦੇ ਅੱਗੋਂ ਚਾਰ ਬੇਟੇ (ਤੇਜਾ ਸਿੰਘ, ਅਤਰ ਸਿੰਘ, ਸੋਹਨ ਸਿੰਘ, ਸੁਰਜਨ ਸਿੰਘ) ਸਨ ਪਰ ਇਨ੍ਹਾਂ ਵਿਚੋਂ ਕਿਸੇ ਦੇ ਕੋਈ ਬੱਚਾ ਨਹੀਂ ਹੋਇਆ। ਅਮੀਰ ਸਿੰਘ ਦਾ ਬੇਟਾ ਪਹਾੜਾ ਸਿੰਘ ਸੀ ਪਰ ਉਸ ਦਾ ਵੀ ਕੋਈ ਬੱਚਾ ਨਹੀਂ ਸੀ। ਇਸ ਤੋਂ ਬਾਅਦ ਬੰਦਾ ਸਿੰਘ ਦੀ ਪੀੜ੍ਹੀ ਨਹੀਂ ਚੱਲੀ।

# ਰਾਣੀ ਸੁਸ਼ੀਲ ਕੌਰ ਚੰਬਾ (ਬੰਦਾ ਸਿੰਘ ਦੀ ਪਤਨੀ)

ਬਾਬਾ ਬੰਦਾ ਸਿੰਘ ਦਾ ਦੂਜਾ ਵਿਆਹ 1711 ਵਿਚ ਚੰਬੇ ਦੇ ਰਾਜਾ ਉਦੈ ਸਿੰਹ ਦੀ ਬੇਟੀ ਰਾਜਕੁਮਾਰੀ ਸੁਸ਼ੀਲ ਕੁੰਵਰ (ਮਗਰੋਂ ਸੁਸ਼ੀਲ ਕੌਰ) ਨਾਲ ਹੋਇਆ ਸੀ, ਜਿਸ ਤੋਂ ਅਜੈ ਸਿੰਘ ਪੈਦਾ ਹਇਆ ਸੀ। ਸੁਸ਼ੀਲ ਕੌਰ ਬੰਦਾ ਸਿੰਘ ਦੇ ਨਾਲ ਰਹੀ ਸੀ ਅਤੇ ਜਦ ਅਪਰੈਲ 1715 ਵਿਚ ਉਹ ਗੁਰਦਾਸ ਨੰਗਲ ਗੀ ਗੜ੍ਹੀ ਵਿਚ ਘੇਰੇ ਵਿਚ ਆ ਗਿਆ ਤਾਂ ਉਹ ਬੰਦਾ ਸਿੰਘ ਦੇ ਨਾਲ ਹੀ ਸੀ। ਬੰਦਾ ਸਿਮਘ ਦੇ ਨਾਲ ਹੀ ਉਸ ਨੂੰ ਵੀ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ ਸੀ।

9 ਜੂਨ 1716 ਨੂੰ ਬੰਦਾ ਸਿੰਘ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਬੱਚੇ ਅਜੈ ਸਿੰਘ ਨੂੰ ਜ਼ਿਬਾਹ ਕੀਤਾ ਗਿਆ ਸੀ) ਤੇ ਸੁਸ਼ੀਲ ਕੌਰ ਨੂੰ ਦੋਬਾਰਾ ਹਿਰਾਸਤ ਵਿਚ ਭੇਜ ਦਿੱਤਾ ਗਿਆ ਸੀ। ਉਸ ਦੀ ਮੌਤ ਕਿਵੇਂ ਹੋਈ ਬਾਰੇ ਕਿਸੇ ਸੋਮੇ ਵਿਚ ਜ਼ਰਾ ਵੀ ਜ਼ਿਕਰ ਨਹੀਂ ਮਿਲਦਾ। ਜਿਹਾ ਕਿ ਰਾਜਪੂਤ ਔਰਤਾਂ ਦਾ ਸੁਭਾਅ ਹੈ ਉਹ ਪਤੀ ਦੀ ਮੌਤ ਤੋਂ ਬਾਅਦ ਆਪਣੇ ਆਪ ਨੂੰ ਖ਼ਤਮ ਕਰ ਲੈਂਦੀਆਂ ਹਨ, ਉਸ ਨੇ ਵੀ ਯਕੀਨਨ ਖ਼ੁਦਕੁਸ਼ੀ ਕੀਤੀ ਹੋਵੇਗੀ ਜਾਂ ਉਸ ਨੂੰ ਵੀ ਪਾਰ ਦਿਤਾ ਗਿਆ ਹੋਵੇਗਾ।

# ਸ਼ਹੀਦ ਬੀਬੀ ਬਸੰਤ ਕੌਰ (ਸੀਤੋ ਬਾਈ)

ਸ਼ਹੀਦ ਬੀਬੀ ਬਸੰਤ ਕੌਰ ਜੀ ਦਾ ਜਨਮ ਭਾਈ ਲੱਖੀ ਰਾਏ ਵਣਜਾਰੇ ਦੇ ਘਰ ਪਿੰਡ ਖੈਰਪੁਰ (ਉਦੋਂ ਸੂਬਾ ਮੁਲਤਾਨ) ਦ ਘਰ ਹੋਇਆ ਸੀ। ਆਪ ਅੱਠ ਭਰਾਵਾਂ ਨਗਾਈਆ, ਹੇਮਾ, ਹੜੀਆ, ਹੀਰਾ, ਪੰਡੀਆ, ਬਖਸ਼ੀ, ਬਾਲਾ ਤੇ ਜਵਾਹਰ ਦੀ ਭੈਣ ਸਨ। ਇਹੀ ਭਾਈ ਲੱਖੀ ਰਾਏ ਵਣਜਾਰੇ ਉਹੀ ਸਨ ਜੋ ਮਗਰੋਂ ਦਿੱਲੀ ਦੇ ਨੇੜੇ ਪਿੰਡ ਰਸਾਇਨਾ (ਗੁਰਦੁਆਰਾ ਰਕਾਬ ਗੰਜ ਵਾਲੀ ਥਾਂ) ਰਹਿਣ ਲਗ ਪਏ ਸਨ; ਉਨ੍ਹਾਂ ਨੇ ਹੀ 1675 ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਆਪਣੇ ਪੁੱਤਰਾਂ ਨਗਾਈਆ, ਹੇਮਾ ਤੇ ਹੜੀਆ ਨੂੰ ਨਾਲ ਲੈ ਕੇ ਚਾਂਦਨੀ ਚੌਕ ਵਿਚ ਧੱੜ ਚੁਕ ਲਿਆਏ ਸਨ ਤੇ ਘਰ ਵਿਚ ਹੀ ਗੁਰੂ ਜੀ ਦੇ ਧੱੜ ਦਾ ਸਸਕਾਰ ਕਰ ਦਿੱਤਾ ਸੀ।

ਬੀਬੀ ਬਸੰਤ ਕੌਰ ਦਾ ਪਹਿਲਾ ਨਾਮ ਸੀਤੋ ਸੀ। ਗੁਰੂ ਜੀ ਨੇ ਬੀਬੀ ਸੀਤੋ ਦੀ ਸ਼ਾਦੀ 1659 ਵਿਚ ਭਾਈ ਮਨੀ ਸਿੰਘ ਨਾਲ ਕਰ ਦਿੱਤੀ। ਆਪ ਜੀ ਦੇ ਘਰ ਦਸ ਪੁੱਤਰਾਂ ਨੇ ਜਨਮ ਲਿਆ। ਜਿਨ੍ਹਾਂ ਵਿਚ 1734 ਤੱਕ ਅੱਠ ਸ਼ਹੀਦ ਹੋ ਗਏ। ਬੀਬੀ ਬਸੰਤ ਕੌਰ ਪਹਿਲਾਂ ਅਲੀਪੁਰ (ਮੁਲਤਾਨ) ਵਿਚ ਰਹੇ ਸਨ ਪਰ ਜਦੋਂ ਭਾਈ ਮਨੀ ਸਿੰਘ ਅੰਮ੍ਰਿਤਸਰ ਰਹਿਣ ਲਗ ਪਏ ਤਾਂ ਆਪ ਵੀ ਉੱਥੇ ਆ ਟਿਕੇ।

1734 ਵਿਚ ਆਪ ਉੱਥੇ ਹੀ ਸਨ ਜਦ ਜ਼ਕਰੀਆ ਖ਼ਾਨ ਨੇ ਤਾਂ ਦਿਵਾਲੀ ਮੇਲੇ ਦਾ ਕਰ ਨਾ ਅਦਾ ਕਰ ਸਕਣ ਦੇ ਬਹਾਨੇ ਨਾਲ ਅੰਮ੍ਰਿਤਸਰ ਫ਼ੌਜ ਭੇਜ ਦਿੱਤੀ ਅਤੇ ਭਾਈ ਸਾਹਿਬ ਅਤੇ ਉੱਥੇ ਰਹਿ ਰਹੇ ਬਾਕੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਸਾਹਿਬ ਦੇ ਨਾਲ ਉਨ੍ਹਾਂ ਦੇ ਭਰਾ ਭਾਈ ਜਗਤ ਸਿੰਘ, ਦੋ ਪੁੱਤਰਾਂ (ਭਾਈ ਚਿਤਰ ਸਿੰਘ ਤੇ ਭਾਈ ਗੁਰਬਖ਼ਸ਼ ਸਿੰਘ), ਭਾਈ ਗੁਲਜ਼ਾਰ ਸਿੰਘ, (ਬੇਟਾ ਸ਼ਹੀਦ ਭਾਈ ਆਲਮ ਸਿੰਘ) ਭਾਈ ਸੰਗਤ ਸਿੰਘ ਤੇ ਭਾਈ ਰਣ ਸਿੰਘ (ਪੁੱਤਰ ਭਾਈ ਨਠੀਆ), ਭਾਈ ਮਨੀ ਸਿੰਘ ਦੀ ਸਿੰਘਣੀ ਬਸੰਤ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਸਾਰੇ ਭਾਈ ਸਾਹਿਬ ਦੇ ਪਰਿਵਾਰਾਂ ਵਿਚੋਂ ਹੀ ਸਨ। ਇਨ੍ਹਾਂ ਤੋਂ ਇਲਾਵਾ ਭਾਈ ਭੂਪਤ ਸਿੰਘ ਸਪੁੱਤਰ ਭਾਈ ਜੇਠਾ ਸਿੰਘ, ਭਾਈ ਮੋਹਕਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਕੀਰਤ ਸਿੰਘ ਸਪੁੱਤਰ ਭਾਈ ਫ਼ਤਹਿ ਸਿੰਘ, ਭਾਈ ਕਾਹਨ ਸਿੰਘ ਤੇ ਕਈ ਹੋਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਸਾਰਿਆਂ ਨੂੰ ਲਾਹੌਰ ਦੇ ਕੈਦਖਾਨੇ ਵਿਚ ਤਸੀਹੇ ਦਿੱਤੇ ਗਏ। ਇਨ੍ਹਾਂ ਨੂੰ "ਮੌਤ" ਅਤੇ "ਇਸਲਾਮ" ਵਿਚੋਂ ਇਕ ਦੀ ਚੋਣ ਕਰਨ ਦੀ ਪੇਸ਼ਕਸ਼ ਕੀਤੀ ਗਈ, ਪਰ, ਸਾਰਿਆ ਨੇ ਸ਼ਹੀਦੀ ਕਬੂਲ ਕੀਤੀ।

ਜ਼ਕਰੀਆ ਖ਼ਾਨ ਨੇ ਬੀਬੀ ਬਸੰਤ ਕੌਰ ਤੇ ਹੋਰ ਬੀਬੀਆਂ ਨੂੰ ਕੈਦ ਕਰ ਦਿੱਤਾ। (ਜਿਸ ਜੇਲ੍ਹ ਵਿਚ ਕੈਦ ਕੀਤਾ ਸੀ ਉਸ ਥਾਂ ਅਜ-ਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਸਿੰਘਣੀਆਂ' ਬਣਿਆ ਹੋਇਆ ਹੈ)। ਇੱਥੇ ਕੈਦ ਸਿੰਘਣੀਆਂ ਨੂੰ ਰੋਜ਼ ਸਵਾ-ਸਵਾ ਮਣ ਪੀਸਣੇ ਪੀਸੇ, ਖੰਨੀ-ਖੰਨੀ ਰੋਟੀ 'ਤੇ ਗੁਜ਼ਾਰਾ ਕੀਤਾ; ਉਨ੍ਹਾਂ ਦੇ ਹੱਥੋਂ ਖੋਹ ਕੇ ਬੱਚਿਆਂ ਨੂੰ ਨੇਜਿਆਂ ਤੇ ਟੰਗਿਆ ਗਿਆ, ਬੱਚਿਆਂ ਦੇ ਟੋਟੇ ਕਰ ਕੇ ਉਨ੍ਹਾਂ ਟੁਕੜਿਆਂ ਦੇ ਹਾਰ ਗਲਾਂ ਵਿਚ ਪਾਏ ਗਏ, ਪਰ ਉਨ੍ਹਾਂ ਨੇ ਸਿੱਖੀ ਸਿਦਕ ਨਹੀਂ ਹਾਰਿਆ, ਇਸਲਾਮ ਕਬੂਲ ਨਹੀਂ ਕੀਤਾ। ਤਸੀਹੇ ਸਹਿੰਦੇ ਬੀਬੀ ਬਸੰਤ ਕੌਰ ਇਸ ਜੇ੍ਹ ਵਿਚ ਹੀ ਸ਼ਹੀਦੀ ਪਾ ਗਏ।

ਇਸ ਜੇਲ੍ਹ ਵਿਚ ਮਗਰੋਂ ਵੀ ਬਹੁਤ ਸਾਰੀਆਂ ਸਿੱਖ ਬੀਬੀਆਂ ਕੈਦ ਰੱਖੀਆਂ ਗਈਆਂ ਸਨ। ਇਹ ਦੌਰ ਮੀਰ ਮੰਨੂ ਦੇ ਵੇਲੇ (ਨਵੰਬਰ 1753) ਤਕ ਚਲਦਾ ਰਿਹਾ ਸੀ ਤੇ ਮੀਰ ਮੰਨੂ ਦੀ ਮੌਤ ਸਿੱਖਾਂ ਨੇ ਹਮਲਾ ਕਰ ਕੇ ਮਗਰੋਂ ਬਚ ਗਈਆਂ ਬੀਬੀਆਂ ਨੂੰ ਕੈਦ ਵਿਚੋਂ ਛੁਡਾਇਆ ਸੀ।

# ਮਾਤਾ ਦੇਸ ਕੌਰ ਸੁਕਰਚੱਕੀਆ

ਮਾਤਾ ਦੇਸ ਕੌਰ ਭਾਈ ਅਮੀਰ ਸਿੰਘ ਗੁਜਰਾਂਵਾਲੀਏ ਦੀ ਬੇਟੀ ਸੀ। ਇਸ ਦਾ ਵਿਆਹ ਭਾਈ ਚੜ੍ਹਤ ਸਿੰਘ ਸੁਕਰਚਕੀਏ ਨਾਲ 1756 ਵਿਚ ਹੋਇਆ ਸੀ। ਇਸ ਦੇ ਦੋ ਬੱਚੇ ਸਨ: ਬੇਟੀ ਰਾਜ ਕੌਰ ਅਤੇ ਪੁੱਤਰ ਮਹਾਂ ਸਿੰਘ। 1770 ਵਿਚ ਜਦ ਭਾਈ ਚੜ੍ਹਤ ਸਿੰਘ ਚੜ੍ਹਾਈ ਕਰ ਗਏ ਤਾਂ ਸ਼ੁਕਰਚਕੀਆ ਮਿਸਲ ਦੇ ਅਧੀਨ ਪੈਂਦੇ ਇਲਾਕੇ ਦਾ ਪ੍ਰਬੰਧ ਬੀਬੀ ਦੇਸ ਕੌਰ ਨੇ ਆਪ ਸੰਭਾਲ ਲਿਆ। ਮਾਤਾ ਦੇਸ ਕੌਰ ਨੇ ਗੁਜਰਾਂਵਾਲਾ ਦਾ ਕਿਲ੍ਹਾ, ਜੋ ਕਿ ਅਹਿਮਦ ਸ਼ਾਹ ਦੁਰਾਨੀ ਨੇ ਢਾਹ ਦਿਤਾ ਸੀ, ਨੂੰ ਦੁਬਾਰਾ ਬਣਵਾਇਆ। ਬੀਬੀ ਦੀ ਹਕੂਮਤ ਵੇਲੇ ਇਸ ਦੇ ਭਰਾਵਾਂ ਭਾਈ ਗੁਰਬਖਸ਼ ਸਿੰਘ ਤੇ ਭਾਈ ਦਲ ਸਿੰਘ ਨੇ ਇਸ ਦੀ ਬਹੁਤ ਮਦਦ ਕੀਤੀ। ਭਾਈ ਜੈ ਸਿੰਘ ਘਨਈਆ ਵੀ ਇਸ ਦਾ ਬਹੁਤ ਮਦਦਗਾਰ ਰਿਹਾ।

ਬੀਬੀ ਦੇਸ ਕੌਰ ਨੇ ਆਪਣੀ ਪੁੱਤਰੀ ਰਾਜ ਕੌਰ ਦਾ ਵਿਆਹ ਭੰਗੀ ਮਿਸਲ ਦੇ ਸਾਹਿਬ ਸਿੰਘ (ਹਾਕਮ ਗੁਜਰਾਤ) ਨਾਲ ਕੀਤਾ ਤੇ ਆਪਣੇ ਪੁੱਤਰ ਮਹਾਂ ਸਿੰਘ ਦਾ ਵਿਆਹ ਜੀਂਦ ਦੇ ਰਾਜੇ ਗਜਪਤ ਸਿੰਘ ਦੀ ਬੇਟੀ ਰਾਜ ਕੌਰ ਨਾਲ ਕੀਤਾ।

ਬੀਬੀ ਦੇਸ ਕੌਰ 1778 ਵਿਚ ਚੜ੍ਹਾਈ ਕਰ ਗਈ ਤੇ ਇਸ ਮਗਰੋਂ ਇਸ ਦੇ ਪੁੱਤਰ ਮਹਾਂ ਸਿੰਘ ਨੇ ਸੁਕਰਚਕੀਆ ਮਿਸਲ ਦੀ ਵਾਗਡੋਰ ਸੰਭਾਲੀ।

# ਰਾਣੀ ਰਾਜ ਕੌਰ

ਰਾਣੀ ਰਾਜ ਕੌਰ ਜੀਂਦ ਦੇ ਰਾਜੇ ਗਜਪਤ ਸਿੰਘ ਦੀ ਬੇਟੀ ਸੀ। 1777 ਵਿਚ ਇਸਦਾ ਵਿਆਹ ਸੁਕਰਚੱਕੀਆ ਮਿਸਲ ਦੇ ਮਹਾਂ ਸਿੰਘ ਨਾਲ ਹੋਇਆ। ਇਸ ਬੀਬੀ ਦੀ ਕੁੱਖੋਂ 1780 ਵਿਚ ਮਹਾਰਾਜਾ ਰਣਜੀਤ ਸਿੰਘ ਪੈਦਾ ਹੋਇਆ।

# ਰਾਣੀ ਸਦਾ ਕੌਰ ਤੇ ਰਾਣੀ ਮਹਿਤਾਬ ਕੌਰ

ਬੀਬੀ ਸਦਾ ਕੌਰ, ਭਾਈ ਦਸੌਂਧਾ ਸਿੰਘ ਗਿੱਲ ਦੀ ਬੇਟੀ ਸੀ ਅਤੇ ਕਨਈਆ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਪੁੱਤਰ ਸ. ਜੈ ਸਿੰਘ (ਚੀਫ਼ ਕਨਈਆ ਮਿਸਲ) ਨਾਲ ਵਿਆਹੀ ਹੋਈ ਸੀ। ਸਰਦਾਰ ਗੁਰਬਖਸ਼ ਸਿੰਘ 1785 ਵਿਚ ਚੜ੍ਹਾਈ ਕਰ ਗਏ। ਫਿਰ ਜਦੋਂ ਬੀਬੀ ਸਦਾ ਕੌਰ ਦੇ ਸਹੁਰਾ ਸਾਹਿਬ ਸ. ਜੈ ਸਿੰਘ ਘਨਈਆ ਵੀ 1793 ਚਲਾਣਾ ਕਰ ਗਏ ਤਾਂ ਸਦਾ ਕੌਰ ਨੇ ਕਨਈਆ ਮਿਲਸ ਦੇ ਇਲਾਕੇ (ਬਟਾਲਾ, ਕਲਾਨੌਰ, ਕਾਦੀਆਂ, ਦੀਨਾਨਗਰ, ਮੁਕੇਰੀਆਂ) ਦਾ ਇੰਤਜ਼ਾਮ ਆਪਣੇ ਹੱਥਾਂ ਵਿੱਚ ਲੈ ਲਿਆ ਤੇ ਰਾਣੀ ਸਦਾ ਕੌਰ ਵਜੋਂ ਜਾਣੀ ਜਾਣ ਲਗ ਪਈ।

ਇਹ ਬਹੁਤ ਸੂਝਵਾਨ ਔਰਤ ਸੀ। ਹਾਲਾਂ ਕਿ ਇਸ ਦੇ ਪਤੀ ਦੀ ਮੌਤ ਰਾਮਗੜ੍ਹੀਆ ਮਿਸਲ ਅਤੇ ਸੁਕਰਚੱਕੀਆ ਮਿਸਲ ਨਾਲ ਹੋਈ ਲੜਾਈ ਵਿਚ ਹੋਈ ਸੀ ਪਰ ਇਸ ਨੇ ਦੁਸ਼ਮਣੀ ਖ਼ਤਮ ਕਰਨ ਦੀ ਸੋਚ ਨਾਲ ਆਪਣੀ ਧੀ ਮਹਿਤਾਬ ਕੌਰ ਦੀ ਸ਼ਾਦੀ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤੀ (ਜੋ ਬਾਅਦ ਵਿਚ ਮਹਾਰਾਜਾ ਬਣਿਆ)।

ਰਾਣੀ ਸਦਾ ਕੌਰ ਨੇ ਆਪਣੀ ਜ਼ਿੰਦਗੀ ਵਿਚ ਵਿਚ ਕਈ ਲੜਾਈਆਂ ਲੜੀਆਂ ਸਨ। 1799 ਵਿਚ ਇਸ ਨੇ ਰਣਜੀਤ ਸਿੰਘ ਦੀ ਪੂਰੀ ਮਦਦ ਕੀਤੀ ਤੇ ਲਾਹੌਰ ਉੱਤੇ ਰਣਜੀਤ ਸਿੰਘ ਦਾ ਕਬਜ਼ਾ ਕਰਵਾਇਆ।

ਇਸ ਦੀ ਧੀ ਮਹਿਤਾਬ ਕੌਰ ਦੇ ਘਰ ਦੋ ਜੋੜੇ ਪੁੱਤਰ ਕੁੰਵਰ ਸ਼ੇਰ ਸਿੰਘ ਤੇ ਕੁੰਵਰ ਤਾਰਾ ਸਿੰਘ ਪੈਦਾ ਹੋਏ। ਪਰ ਲਾਹੌਰ 'ਤੇ ਕਬਜ਼ੇ ਮਗਰੋਂ ਜਦ ਰਣਜਤਿ ਸਿੰਘ ਨੇ ਕਾਫ਼ੀ ਇਲਾਕੇ ਜਿੱਤ ਲਏ ਅਤੇ ਮੋਰਾਂ ਨਾਚੀ ਨਾਲ ਵਿਆਹ ਕਰ ਲਿਆ ਤਾਂ ਉਸ ਨੇ (ਸਦਾ ਕੌਰ ਦੀ ਧੀ) ਮਹਿਤਾਬ ਕੌਰ ਨੂੰ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿਤਾ। ਜਿਸ ਤੋਂ ਖ਼ਫ਼ਾ ਹੋ ਕੇ ਮਹਿਤਾਬ ਕੌਰ ਆਪਣੀ ਮਾਂ ਕੋਲ ਆ ਗਈ। ਇਸ ਹਾਲਤ ਵਿਚ ਮਹਿਤਾਬ ਕੌਰ ਬਹੁਤਾ ਚਿਰ ਜੀ ਨਾ ਸਕੀ ਤੇ 1813 ਵਿਚ ਚੜ੍ਹਾਈ ਕਰ ਗਈ।

ਰਾਣੀ ਸਦਾ ਕੌਰ ਦਾ ਦੋਹਤਾ ਕੁੰਵਰ ਸ਼ੇਰ ਸਿੰਘ ਪੁੱਤਰ ਮਹਾਰਾਜਾ ਰਣਜੀਤ ਸਿੰਘ ਬਹੁਤ ਹੀ ਜੁਆਨ ਸਜੀਲਾ, ਛਬੀਲਾ ਤੇ ਬਹਾਦੁਰ ਸੀ। ਰਾਣੀ ਨੇ ਸ਼ੇਰ ਸਿੰਘ ਨੂੰ ਸੂਬਾ ਸਰਹੱਦ ਦੇ ਇਲਾਕੇ ਵਿਚ ਉਠ ਰਹੀ ਬਗਾਵਤ ਨੂੰ ਦਬਾਉਣ ਲਈ ਭੇਜਿਆ ਸੀ ਜਿਸ ਵਿਚ ਕੰਵਰ ਸ਼ੇਰ ਸਿੰਘ ਕਾਮਯਾਬ ਹੋਇਆ। ਮਹਾਰਾਜੇ ਨੇ ਖੁਸ਼ ਹੋ ਕੇ ਸਦਾ ਕੌਰ ਆਪਣੀ ਸੱਸ ਨੂੰ ਸੁਨੇਹਾ

ਭੇਜਿਆ, "ਮੈਂ ਸ਼ੇਰ ਸਿੰਘ ਨੂੰ ਇਡੀ ਵਡੀ ਸਟੇਟ ਦਾ ਗਵਰਨਰ ਬਣਾ ਦੇਵਾਂਗਾ ਜਿੱਡੀ ਤੇਰੀ ਸਟੇਟ ਹੈ, ਤੂੰ ਆਪਣੀ ਹਕੂਮਤ ਇਸ ਨੂੰ ਸੌਂਪ ਦੇਹ।" ਇਸ ਦੇ ਜਵਾਬ ਵਿਚ ਸਦਾ ਕੌਰ ਨੇ ਕਿਹਾ, "ਕੋਈ ਨਹੀਂ, ਮੇਰੇ ਮਰਨ ਤੋਂ ਬਾਅਦ ਸਾਰੀ ਸਟੇਟ ਸ਼ੇਰ ਸਿੰਘ ਕੋਲ ਹੀ ਆਉਣੀ ਹੈ।" ਇਸ ਜਵਾਬ ਤੋਂ ਮਹਾਰਾਜਾ ਰਣਜੀਤ ਨਾਰਾਜ਼ ਹੋ ਗਿਆ। ਉਸ ਨੇ ਇਸ ਨੂੰ ਆਪਣੇ ਮਨ ਵਿਚ ਹੀ ਰੱਖਿਆ। ਕੁਝ ਚਿਰ ਮਗਰੋਂ ਉਸ ਨੇ ਰਾਣੀ ਸਦਾ ਕੌਰ ਨੂੰ ਬਹਾਨੇ ਨਾਲ ਲਾਹੌਰ ਬੁਲਾਇਆ ਤੇ ਗ੍ਰਿਫਤਾਰ ਕਰ ਲਿਆ; ਅਤੇ ਨਾਲ ਹੀ ਉਸ ਨੇ ਉਸ (ਸਦਾ ਕੌਰ) ਦੀ ਸਾਰੀ ਸਟੇਟ ਤੇ ਕਬਜ਼ਾ ਕਰ ਲਿਆ। ਇਸ ਸਦਮੇ ਨੂੰ ਸਦਾ ਕੌਰ ਸਹਿਨ ਨਾ ਕਰ ਸਕੀ ਤੇ ਕੈਦ ਵਿਚ ਹੀ ਮਰ ਗਈ।

# ਰਾਣੀ ਦਾਤਾਰ ਕੌਰ

ਰਾਣੀ ਦਾਤਾਰ ਕੌਰ ਭਾਈ ਰਣ ਸਿੰਘ ਨੱਕਈ ਮਿਸਲ ਦੇ ਸਰਦਾਰ ਦੀ ਬੇਟੀ ਸੀ। ਇਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਨਾਲ 1798 ਨੂੰ ਹੋਇਆ। ਇਸ ਦਾ ਇਕ ਹੋਰ ਨਾਂ ਰਾਜ ਕੌਰ ਵੀ ਸੀ। ਇਸ ਦੇ ਘਰ ਕੁੰਵਰ ਖੜਕ ਸਿੰਘ ਪੈਦਾ ਹੋਏ। ਇਸ ਨੂੰ ਨੱਕਈ ਮਿਸਲ ਦੀ ਹੋਣ ਕਰਕੇ 'ਨਕੈਣ' ਵੀ ਕਿਹਾ ਜਾਂਦਾ ਸੀ।

# ਰਾਣੀ ਗੁਲਾਬ ਕੌਰ

ਗੁਲਾਬ ਕੌਰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਜਗਦੇਵ ਕਲਾਂ ਦੇ ਅਮੀਰ ਸਰਦਾਰ ਦੀ ਬੇਟੀ ਸੀ। ਉਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ 'ਚੱਦਰ ਅੰਦਾਜ਼ੀ' ਦੀ ਰਸਮ ਨਾਲ (ਫੇਰਿਆਂ ਨਾਲ ਨਹੀਂ) ਹੋਇਆ ਸੀ। ਇਸ ਦੀ ਮੌਤ ਲਾਹੌਰ ਵਿਚ 1838 ਵਿਚ ਹੋਈ ਸੀ।

# ਰਾਣੀ ਹਰਦੇਈ

ਰਾਣੀ ਹਰਦੇਈ ਚੌਧਰੀ ਰਾਮ ਸਲਾਰੀਆ ਰਾਜਪੂਤ ਦੀ ਬੇਟੀ ਸੀ। ਇਹ ਪਰਵਾਰ ਪਿੰਡ ਅਟਲਗੜ੍ਹ, ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਸੀ। ਇਹ ਇਕ ਬਹੁਤ ਖ਼ੂਬਸੂਰਤ ਔਰਤ ਸੀ; ਤੇ ਇਸੇ ਖ਼ੂਬਸੂਰਤੀ ਕਰ ਕੇ ਮਹਾਰਾਜਾ ਰਣਜੀਤ ਸਿੰਘ ਇਸ 'ਤੇ ਫ਼ਿਦਾ ਹੋ ਗਿਆ ਸੀ। 27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋਈ ਤਾਂ ਅਗਲੇ ਦਿਨ ਸਸਕਾਰ ਵੇਲੇ ਰਾਣੀ ਹਰਦੇਈ ਪਤੀ ਦੀ ਚਿਖਾ ਵਿਚ ਸਤੀ ਹੋ ਗਈ। ਹਾਲਾਂ ਕਿ ਗੁਰੂ ਦੇ ਹੁਕਮ ਹੇਠ ਸਤੀ ਦੀ ਰਸਮ ਸਿੱਖੀ ਵਿਚ ਬਿਲਕੁਲ ਮਨ੍ਹਾ ਹੈ।

# ਰਾਣੀ ਦੇਵਨੋ ਦੇਵੀ

ਰਾਣੀ ਦੀਵਾਨੋ ਦੇਵੀ ਚਿੱਬ ਪਰਵਾਰ ਦੇ ਇਕ ਕਸ਼ਮੀਰੀ ਪੰਡਿਤ, ਵਾਸੀ ਦੇਵ ਬਟਾਲਾ (ਰਿਆਸਤ ਜੰਮੂ ਕਸ਼ਮੀਰ) ਦੀ ਬੇਟੀ ਸੀ। ਇਹ ਹੁਤ ਖ਼ੂਬਸੂਰਤ ਸੀ ਜਿਸ ਕਰ ਕੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਵਿਆਹ ਕੇ ਰਾਣੀ ਬਣਾ ਲਿਆ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ 27 ਜੂਨ 1839 ਨੂੰ ਮਰ ਗਿਆ ਤੇ ਰਾਣੀ ਦੀਵਾਨੋ ਮਹਾਰਾਜਾ ਰਣਜੀਤ ਸਿੰਘ ਦੀ ਚਿਖਾ ਦੇ ਨਾਲ ਹੀ ਸੜ ਕੇ ਮਰ ਗਈ ਸੀ।

# ਰਾਣੀ ਚੰਦ ਕੌਰ

ਚੰਦ ਕੌਰ ਸ. ਜੈ ਸਿੰਘ ਪਿੰਡ ਚੈਨਪੁਰ (ਜ਼ਿਲ੍ਹਾ ਅੰਮ੍ਰਿਤਸਰ) ਦੀ ਬੇਟੀ ਸੀ। ਇਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ 1815 ਵਿਚ ਹੋਇਆ ਸੀ। ਇਸ ਦੇ ਘਰ ਕੋਈ ਬੱਚਾ ਪੈਦਾ ਨਹੀਂ ਹੋਇਆ ਸੀ।

# ਰਾਣੀ ਲੱਛਮੀ

ਰਾਣੀ ਲੱਛਮੀ, ਭਾਈ ਦੇਸਾ ਸਿੰਘ ਸੰਧੂ, ਵਾਸੀ ਪਿੰਡ ਜੋਗੀ ਖਾਨ, ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਦੀ ਬੇਟੀ ਸੀ। ਇਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ ਹੋਇਆ ਸੀ। ਮਹਾਰਾਜਾ ਦੀ ਮੌਤ ਤੋਂ ਬਾਅਦ ਇਹ ਕਾਫ਼ੀ ਦੇਰ ਤਕ ਜਿਊਂਦੀ ਰਹੀ ਸੀ ਅਤੇ ਅੰਗਰੇਜ਼ ਸਰਕਾਰ ਕੋਲੋਂ 1200 ਰੁਪਏ ਮਹੀਨਾ ਪੈਨਸ਼ਨ ਲੈਂਦੀ ਰਹੀ ਸੀ।

# ਰਾਣੀ ਦਇਆ ਕੌਰ

ਰਾਣੀ ਦਇਆ ਕੌਰ ਸਾਹਿਬ ਸਿੰਘ ਭੰਗੀ (ਫੁੱਫੜ ਮਹਾਰਾਜਾ ਰਣਜੀਤ ਸਿੰਘ) ਦੀ ਪਤਨੀ ਸੀ। ਸਾਹਿਬ ਸਿੰਘ ਦੀ ਮੌਤ (1811) ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਨਾਲ ਵਿਆਹ ਕਰਵਾ ਲਿਆ। ਇਸ ਦੇ ਘਰ ਦੋ ਪੁੱਤਰ ਕਸ਼ਮੀਰਾ ਸਿੰਘ ਤੇ ਪਿਸ਼ੌਰਾ ਸਿੰਘ ਹੋਏ। ਕੰਵਰ ਕਸ਼ਮੀਰਾ ਸਿੰਘ ਉਸ ਵੇਲੇ ਮਾਰੇ ਹੋ ਗਏ ਜਦੋਂ 1844 ਵਿਚ ਹੀਰਾ ਸਿੰਹ ਡੋਗਰਾ ਦੀਆਂ ਫ਼ੌਜਾਂ ਨੇ ਬਾਬਾ ਬੀਰ ਸਿੰਘ ਦੇ ਨੌਰੰਗਾਬਾਦ ਵਾਲੇ ਡੇਰੇ 'ਤੇ ਹਮਲਾ ਕੀਤਾ ਸੀ। ਪਿਸ਼ੌਰਾ ਸਿੰਘ ਨੂੰ ਵੀ ਅਗਲੇ ਸਾਲ, 1845 ਵਿਚ, ਗੁਲਾਬ ਸਿੰਹ ਡੋਗਰਾ ਨੇ ਇਕ ਸਾਜਿਸ਼ ਹੇਠ ਕਤਲ ਕਰਵਾ ਦਿੱਤਾ ਸੀ।

ਰਾਣੀ ਦਇਆ ਕੌਰ ਦੀ ਮੌਤ 1843 ਵਿਚ ਹੋਈ ਸੀ।

# ਰਾਣੀ ਰਤਨ ਕੌਰ

ਰਾਣੀ ਰਤਨ ਕੌਰ ਗੁਜਰਾਤ ਦੇ ਰਾਜੇ ਸਾਹਿਬ ਸਿੰਘ (ਫੁੱਫੜ ਮਹਾਰਾਜਾ ਰਣਜੀਤ ਸਿੰਘ) ਦੀ ਪਤਨੀ ਸੀ। ਸਾਹਿਬ ਸਿੰਘ ਦੀ ਮੌਤ ਤੋਂ ਬਾਅਦ ਬੀਬੀ ਰਤਨ ਕੌਰ ਨੂੰ ਵੀ ਮਹਾਰਾਜਾ ਰਣਜੀਤ ਸਿੰਘ ਨੇ ਵਿਆਹ ਕੇ ਆਪਣੇ ਹਰਮ ਵਿਚ ਪਾ ਲਿਆ ਸੀ। ਇਸ ਨੇ ਕੁੰਵਰ ਮੁਲਤਾਨਾ ਸਿੰਘ ਨੂੰ ਜਨਮ ਦਿਤਾ ਸੀ।

# ਰਾਣੀ ਗੱਦਾਂ ਤੇ ਨਾਚੀਆਂ ਰਾਣੀਆਂ

ਰਾਣੀ ਗੱਦਾਂ ਕਾਂਗੜਾ ਦੇ ਰਾਜੇ ਸੰਸਾਰ ਚੰਦ ਦੀ ਧੀ ਸੀ। ਉਹ ਆਪਣੇ ਹੁਸਨ ਵਾਸਤੇ ਦੂਰ-ਦੂਰ ਤਕ ਮਸ਼ਹੂਰ ਸੀ। ਸੰਸਾਰ ਚੰਦ ਦੀ ਮੌਤ ਮਗਰੋਂ ਉਸ ਦਾ ਪੁੱਤਰ ਅਨਰੁਧ ਚੰਦ ਰਾਜਾ ਬਣਿਆ। 1828 ਵਿਚ ਜਦ ਕਾਂਗੜੇ ਦਾ ਨਵਾਂ ਰਾਜਾ ਅਨਰੁਧ ਚੰਦ ਆਪਣੀ ਮਾਂ ਤੇ ਭੈਣਾਂ ਨਾਲ ਫ਼ਤਹਿ ਸਿੰਘ ਆਹਲੂਵਾਲੀਆ ਦੇ ਪੁੱਤਰ ਦੇ ਵਿਆਹ ਵਿਚ ਸ਼ਾਮਿਲ ਹੋਣ ਵਾਸਤੇ ਆਇਆ ਤਾਂ ਧਿਆਨ ਸਿੰਹ ਡੋਗਰਾ ਨੇ ਕੋਸ਼ਿਸ਼ ਕੀਤੀ ਕਿ ਉਸ ਦੇ ਪੁੱਤਰ ਹੀਰਾ ਸਿੰਹ ਦਾ ਵਿਆਹ ਰਾਜਾ ਸੰਸਾਰ ਚੰਦ ਦੀ ਧੀ ਅਤੇ ਨਵੇਂ ਰਾਜੇ ਅਨਰੁਧ ਚੰਦ ਦੀ ਭੈਣ ਗੱਦਾਂ ਨਾਲ ਹੋ ਜਾਵੇ। ਪਰ ਕਾਂਗੜੇ ਦੇ ਰਾਜੇ ਇਸ 'ਨਾਜਾਇਜ਼' ਡਗਿਰਾ ਪਰਵਾਰ ਨੂੰ ਆਪਣੇ ਤੋਂ ਬਹੁਤ ਹੀ ਨੀਵਾਂ ਸਮਝਦੇ ਸਨ। ਇਸ ਕਰ ਕੇ ਕੁੜੀਆਂ ਦੀ ਮਾਂ ਆਪਣੀਆਂ ਧੀਆਂ ਨੂੰ ਨਾਲ ਲੈ ਕੇ ਰਣਜੀਤ ਸਿੰਘ ਦੇ ਇਲਾਕੇ ਵਿਚੋਂ ਭੱਜ ਕੇ ਅੰਗਰੇਜ਼ੀ ਇਲਾਕੇ ਵਿਚ ਚਲੀ ਗਈ। ਇਸ ਗੱਲ ਨੂੰ ਮਾਂ ਨੇ ਦਿਲ ਨੂੰ ਲਾ ਲਿਆ ਤੇ ਉਹ ਕੁਝ ਹੀ ਦਿਨਾਂ ਵਿਚ ਦਿਲ ਦੇ ਦੌਰੇ ਨਾਲ ਮਰ ਗਈ। ਉਧਰ ਰਣਜੀਤ ਸਿੰਘ ਨੇ ਅਨਰੁਧ ਚੰਦ ਨੂੰ ਆਪਣੀਆਂ ਭੈਣਾਂ ਮੋੜ ਲਿਆਉਣ ਵਾਸਤੇ ਕਿਹਾ। ਉਹ ਉਨ੍ਹਾਂ ਨੂੰ ਲਿਆਉਣ ਦੇ ਬਹਾਨੇ ਅੰਗਰੇਜ਼ੀ ਇਲਾਕੇ ਵੱਲ ਗਿਆ ਪਰ ਮੁੜ ਕੇ ਨਾ ਆਇਆ। ਛੇਤੀ ਹੀ ਉਹ ਵੀ ਸਦਮੇ ਨਾਲ ਮਰ ਗਿਆ। ਹੁਣ ਰਣਜੀਤ ਸਿੰਘ ਨੇ ਸੰਸਾਰ ਚੰਦ ਦੇ ਨਾਜਾਇਜ਼ ਪੁੱਤਰਾਂ ਵਿਚੋਂ ਇਕ ਨੂੰ ਕਾਂਗੜੇ ਦਾ ਰਾਜਾ ਬਣਾ ਦਿੱਤਾ ਪਰ ਨਾਲ ਹੀ ਬਦਲਾ ਲੈਣ ਵਾਸਤੇ ਸੰਸਾਰ ਚੰਦ ਦੀਆਂ ਦੋਹਾਂ ਧੀਆਂ ਨੂੰ ਆਪ (ਜਬਰੀ) ਵਿਆਹ ਲਿਆ।

ਇਕ ਵਾਰ ਰਣਜੀਤ ਸਿੰਘ ਨੂੰ ਇਕ ਰਾਣੀ ਨੇ ਪੁੱਛਿਆ ਕਿ ਤੁਹਾਡੀ ਸਭ ਤੋਂ ਖ਼ੂਬਸੂਰਤ ਰਾਣੀ ਕਿਹੜੀ ਹੈ ਤਾਂ ਉਸ ਨੇ ਕਿਹਾ ਕਿ ਮੋਰਾਂ ਮੇਰੀ ਸਭ ਤੋਂ ਖ਼ੂਬਸੂਰਤ ਰਾਣੀ ਹੈ। ਹਾਲਾਂ ਕਿ ਗੱਦਾਂ ਸਭ ਤੋਂ ਵਧ ਖ਼ੂਬਸੂਰਤ ਸੀ, ਪਰ ਰਣਜੀਤ ਸਿੰਘ ਵੱਲੋਂ ਇਕ ਨਾਚੀ ਦੀ ਚਾਪਲੂਸੀ ਨੂੰ ਗੱਦਾਂ ਨੇ ਦਿਲ ਨਾਲ ਲਾ ਲਿਆ ਅਤੇ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ।

ਰਣਜੀਤ ਸਿੰਘ ਨੇ ਮੁਸਲਮਾਨਾਂ ਦੀ ਕੰਜਰ ਬਰਾਦਰੀ ਦੀਆਂ ਦੋ ਨਾਚੀਆਂ ਨਾਲ ਵੀ ਵਿਆਹ ਕੀਤਾ ਸੀ: 1802 ਵਿਚ ਮੋਰਾਂ ਨਾਲ ਅਤੇ 1833 ਵਿਚ ਗੁਲ ਬੇਗ਼ਮ ਨਾਲ। ਦੋਹਾਂ ਵਿਚੋਂ ਕੋਈ ਵੀ ਸਿੱਖ ਨਹੀਂ ਬਣੀ ਸੀ ਅਤੇ ਬਾਕਾਇਦਾ ਕਿਲ੍ਹੇ ਵਿਚ ਬਣੀ ਮਸੀਤ ਵਿਚ ਨਮਾਜ਼ ਪੜ੍ਹਦੀਆਂ ਹੁੰਦੀਆਂ ਸਨ। ਮੋਰਾਂ ਦੇ ਨਾਂ 'ਤੇ ਤਾਂ ਉਸ ਨੇ ਸਿੱਕਾ ਵੀ ਜਾਰੀ ਕੀਤਾ ਸੀ ਤੇ ਗੁਲ ਬੇਗਮ ਵਾਸਤੇ ਇਕ ਪੁਲ (ਪੁਲ ਕੰਜਰੀ) ਵੀ ਬਣਾਇਆ ਸੀ।

# ਮਹਾਰਾਣੀ ਜਿੰਦਾਂ (ਜਿੰਦ ਕੌਰ)

ਰਾਣੀ ਜਿੰਦਾ ਦਾ ਜਨਮ ਭਾਈ ਮਹਾਂ ਸਿੰਘ ਦੇ ਘਰ ਪਿੰਡ ਚੱੜ੍ਹ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿੱਖੇ ਹੋਇਆ। ਇਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ 1835 ਵਿਚ ਹੋਇਆ। ਸਤੰਬਰ 1838 ਨੂੰ ਇਸ ਦੇ ਘਰ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਦਲੀਪ ਸਿੰਘ ਰਖਿਆ ਗਿਆ।

ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਤੇ ਨਾਲ ਹੀ ਡੋਗਰਿਆਂ ਦੀਆਂ ਸਾਜ਼ਿਸ਼ਾਂ ਦਾ ਜਾਲ ਵਿਛ ਗਿਆ। ਉਨ੍ਹਾਂ ਨੇ ਇਕ-ਇਕ ਕਰ ਕੇ ਮਹਾਰਾਜਾ ਖੜਕ ਸਿੰਘ, ਕੁੰਵਰ ਨੌਨਿਹਾਲ ਸਿੰਘ, ਕੁੰਵਰ ਸ਼ੇਰ ਸਿੰਘ, ਤੇ ਰਾਣੀ ਚੰਦ ਕੌਰ ਨੂੰ ਮਰਵਾ ਦਿਤਾ ਸੀ। ਅਖ਼ੀਰ 18 ਸਤੰਬਰ 1843 ਨੂੰ ਕੰਵਰ ਦਲੀਪ ਸਿੰਘ ਨੂੰ ਬਾਦਸ਼ਾਹ ਬਣ ਦਿੱਤਾ ਦਿਤਾ ਗਿਆ। ਪਰ ਹੀਰਾ ਸਿੰਹ ਡੋਗਰਾ ਉਸ ਦਾ ਪਰਾਈਮ ਮਨਿਸਟਰ ਸੀ। ਉਹ ਅਤੇ ਉਸ ਦਾ ਸੱਜਾ ਹੱਥ ਪੰਡਤ ਜੱਲ੍ਹਾ ਰਣਜੀਤ ਸਿੰਘ ਦੇ ਬਾਕੀ ਪੁੱਤਰਾਂ ਕੁੰਵਰ ਕਸ਼ਮੀਰਾ ਸਿੰਘ, ਕੁੰਵਰ ਪਿਸ਼ੌਰਾ ਸਿੰਘ ਤੇ ਰਾਣੀ ਜਿੰਦਾਂ ਦੇ ਖਿਲਾਫ਼ ਸਾਜਿਸ਼ ਰਚਣ ਲਗ ਪਏ।

13 ਦਸੰਬਰ 1844 ਦੇ ਦਿਨ ਪੋਹ ਮਹੀਨੇ ਦੀ ਸੰਗਰਾਂਦ ਸੀ। ਬ੍ਰਾਹਮਣਾਂ ਨੇ ਰਾਣੀ ਜਿੰਦਾਂ ਨੂੰ ਭਰਮਾ ਕੇ ਦਾਨ-ਪੁੰਨ ਕਰਵਾਉਣ ਵਾਸਤੇ ਕਿਹਾ। ਰਾਣੀ ਨੇ ਬ੍ਰਾਹਮਣਾਂ ਦੇ ਨਾਲ-ਨਾਲ ਨਿਹੰਗਾਂ, ਫਕੀਰਾਂ ਅਤੇ ਗ਼ਰੀਬ-ਗੁਰਬੇ ਨੂੰ ਲੰਗਰ ਪਾਣੀ ਛਕਾਇਆ ਅਤੇ ਥੋੜ੍ਹੀ-ਥੋੜ੍ਹੀ ਰਕਮ ਵੀ ਦਿੱਤੀ। ਇਸ ਸਾਰੇ ਦਾ ਖਰਚ ਤਕਰੀਬਨ ਪੰਜ ਹਜ਼ਾਰ ਰੁਪੈ ਆਇਆ। ਰਾਣੀ ਨੇ ਹੀਰਾ ਸਿੰਹ ਨੂੰ ਧਰਮ-ਅਰਥ ਖਾਤੇ 'ਚੋਂ ਇਹ ਰਕਮ ਦੇਣ ਵਾਸਤੇ ਆਖਿਆ। ਉਸ ਵੇਲੇ ਇਸ ਮਹਿਕਮੇ ਦਾ ਚਾਰਜ ਪੰਡਤ ਜਲ੍ਹਾ ਕੋਲ ਸੀ। ਉਸ ਨੇ ਆਖ ਭੇਜਿਆ ਕਿ ਦਾਨ ਸਿਰਫ਼ ਬ੍ਰਾਹਮਣਾਂ ਨੂੰ ਮਿਲ ਸਕਦਾ ਹੈ, ਨਿਹੰਗਾਂ ਜਾਂ ਫਕੀਰਾਂ ਨੂੰ ਨਹੀਂ। ਜਲ੍ਹੇ ਨੇ ਸਿਰਫ਼ ਦੋ ਸੌ ਰੁਪੈ ਰਾਣੀ ਨੂੰ ਭੇਜੇ। ਰਾਣੀ ਨੇ ਇਹ ਰਕਮ ਵਾਪਿਸ ਮੋੜ ਦਿਤੀ ਅਤੇ ਸਿੱਖ ਜਰਨੈਲਾਂ ਤੇ ਹੋਰ ਮੋਹਤਬਰ ਸਿੱਖਾਂ ਦਾ ਇਕੱਠ ਬੁਲਾ ਲਿਆ। ਰਾਣੀ ਨੇ ਹੱਥ ਜੋੜ ਕੇ ਇਨ੍ਹਾਂ ਨੂੰ ਮੁਖ਼ਾਤਿਬ ਹੁੰਦਿਆ ਆਖਿਆ: "*ਖਾਲਸਾ ਜੀ ਇਹ ਪਾਤਸ਼ਾਹੀ ਤੁਹਾਡੀ ਹੈ। ਤੁਸੀਂ ਹੀ ਸਾਨੂੰ ਬਖ਼ਸ਼ੀ ਹੈ। ਦਲੀਪ ਸਿੰਘ ਬਾਲਕ ਹੈ। ਇਹ ਪਹਾੜੀਏ ਰਾਜੇ ਅਤੇ ਜਲ੍ਹਾ ਦਿਲੋਂ ਸਾਨੂੰ ਮਾਰ ਦੇਣਾ ਚਾਹੁੰਦੇ ਹਨ। ਇਹ ਸਾਡਾ ਕਿਹਾ ਵੀ ਨਹੀਂ ਮੰਨਦੇ। ਸਾਡਾ-ਤੁਹਾਡਾ ਇਸ਼ਟ ਖਾਲਸਾ ਜੀ ਹੈ। ਉਸ ਦੀ ਸੇਵਾ ਪੂਜਾ ਨਹੀਂ ਕਰਨ ਦੇਂਦੇ। ਏਥੇ ਸਾਡੇ ਰਿਹਾਇਸ਼ੀ ਕਮਰਿਆਂ ਵਿਚ ਵੀ ਜ਼ੋਰੀ ਵੜ ਆਉਂਦੇ ਹਨ ਤੇ ਧੱਕਾ ਕਰਦੇ ਹਨ। ਜਾਂ ਤੁਸੀਂ ਸਾਨੂੰ ਮਾਰ ਦਿਓ ਜਾਂ ਇਨ੍ਹਾਂ ਦੀ ਕੈਦ ਚੋਂ ਕੱਢੋ।*" ਇਹ ਸੁਣ ਕੇ ਸਿੰਘਾਂ ਨੇ ਰਾਣੀ ਦੀ ਮਦਦ ਕਰਨ ਦਾ ਵਾਅਦਾ ਕੀਤਾ। ਅਗਲੇ ਪੰਜ-ਛੇ ਦਿਨ ਕਈ ਸਿੱਖ ਰਾਣੀ ਨੂੰ

ਮਿਲਣ ਆਉਂਦੇ ਤੇ ਮਦਦ ਕਰਨ ਦਾ ਵਾਅਦਾ ਕਰਦੇ ਰਹੇ। ਉਨ੍ਹਾਂ ਵਿਚੋਂ ਕਈ ਤਾਂ ਰਾਣੀ ਦੀ ਰੱਖਿਆ ਵਾਸਤੇ ਉਸ 'ਤੇ ਪਹਿਰਾ ਵੀ ਦੇਣ ਲਗ ਪਏ।

ਹੀਰਾ ਸਿੰਹ ਡੋਗਰੇ ਨੂੰ ਰਾਣੀ ਜਿੰਦਾਂ ਦੇ ਇਕੱਠਾਂ ਦਾ ਪਤਾ ਲਗਾ ਤਾਂ ਉਹ ਘਬਰਾ ਗਿਆ। ਹੁਣ ਉਸ ਨੂੰ ਜਾਪਣ ਲਗ ਪਿਆ ਕਿ ਕੋਈ ਨਾ ਕੋਈ ਸਿੱਖ ਫ਼ੌਜੀ ਉਸ ਨੂੰ ਜ਼ਰੂਰ ਕਤਲ ਕਰ ਦੇਵੇਗਾ। ਇਸ ਕਰ ਕੇ ਉਸ ਨੇ ਜੰਮੂ ਨੂੰ ਭੱਜ ਜਾਣ ਦਾ ਫ਼ੈਸਲਾ ਕੀਤਾ। ਉਸ ਨੇ ਆਪਣਾ ਅਤੇ ਲਾਹੌਰ ਦਰਬਾਰ ਦੇ ਹੀਰੇ-ਜਵਾਹਰਾਤ ਤੇ ਹੋਰ ਸਾਰਾ ਖਜ਼ਾਨਾ ਇਕੱਠਾ ਕੀਤਾ ਅਤੇ ਸੱਤ ਹਾਥੀਆਂ 'ਤੇ ਲੱਦ ਲਿਆ। 21 ਦਸੰਬਰ ਨੂੰ ਉਹ ਸਾਰੀ ਚਾਰ ਹਜ਼ਾਰ ਡੋਗਰਾ ਫ਼ੌਜ ਨਾਲ ਲਾਹੌਰ ਤੋਂ ਜੰਮੂ ਵਲ ਚਲ ਪਿਆ। ਛੇਤੀ ਹੀ ਇਸ ਦੀ ਖ਼ਬਰ ਸਿੱਖ ਜਰਨੈਲਾਂ ਨੂੰ ਮਿਲ ਗਈ। ਬਹੁਤ ਸਾਰੀ ਸਿੱਖ ਫ਼ੌਜ ਘੋੜਿਆਂ 'ਤੇ ਸਵਾਰ ਹੋ ਕੇ ਇਨ੍ਹਾਂ ਦੇ ਪਿੱਛੇ ਚਲ ਪਈ। ਰਸਤੇ ਵਿਚ ਸਿੱਖਾਂ ਅਤੇ ਡੋਗਰਿਆਂ ਵਿਚ ਖ਼ੂਬ ਲੜਾਈ ਹੋਈ। ਸਿੱਖ ਫ਼ੌਜਾਂ ਨੇ ਡੋਗਰਿਆਂ ਦੇ ਖ਼ੂਬ ਆਹੂ ਲਾਹੇ। ਬਹੁਤ ਸਾਰੇ ਡੋਗਰੇ ਮਾਰੇ ਗਏ। ਲਾਹੌਰ ਤੋਂ 35-40 ਕਿਲੋਮੀਟਰ ਦੂਰ ਤਕ ਲੜਾਈ ਹੁੰਦੀ ਗਈ। ਇੱਥੇ ਇਕ ਪਿੰਡ ਲੁਬਾਣਿਆਂ ਦਾ ਸੀ। ਸਿੱਖ ਫ਼ੌਜ ਨੇੜੇ ਪੁੱਜੀ ਵੇਖ ਕੇ, ਹੀਰਾ ਸਿੰਹ, ਪੰਡਤ ਜੱਲ੍ਹਾ,. ਸੋਹਣ ਸਿੰਹ (ਪੁਤਰ ਗੁਲਾਬ ਸਿੰਹ ਡੋਗਰਾ) ਤੇ ਲਾਭ ਸਿੰਹ ਡੋਗਰਾ ਇੱਥੇ ਲੁਕ ਗਏ। ਪਰ ਕੁਝ ਚਿਰ ਮਗਰੋਂ, ਜਦ ਉਨ੍ਹਾਂ ਨੂੰ ਬਹੁਤ ਪਿਆਸ ਲਗੀ ਤਾਂ ਉਹ ਇਕ ਖੂਹ ਵਲ ਆਏ। ਸਿੱਖ ਫ਼ੌਜੀਆਂ ਦੀ ਨਿਗਾਹ ਉਨ੍ਹਾਂ ਵਲ ਪਈ ਤਾਂ ਉਨ੍ਹਾਂ ਨੇ ਇਨ੍ਹਾਂ ਤੇ ਬੰਦੂਕਾਂ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਨਾਲ ਹਾਥੀ ਤੇ ਬੈਠਾ ਸੋਹਣ ਸਿੰਹ ਮਾਰਿਆ ਗਿਆ। ਲਾਭ ਸਿੰਹ ਡੋਗਰੇ ਨੂੰ ਵੀ ਗੋਲੀ ਲਗੀ। ਉਹ ਘੋੜਾ ਭਜਾ ਕੇ ਜੰਮੂ ਵਲ ਚਲਾ ਗਿਆ। ਸਿੱਖ ਫ਼ੌਜਾਂ ਨੇ ਉਸ ਦਾ ਪਿੱਛਾ ਕੀਤਾ ਤੇ 7-8 ਕਿਲੋਮੀਟਰ ਦੂਰ ਜਾ ਕੇ ਉਸ ਨੂੰ ਘੇਰ ਕੇ ਮਾਰ ਦਿਤਾ। ਇਸ ਦੇ ਨਾਲ ਹੀ ਸਿੱਖ ਫੌਜੀਆਂ ਨੇ ਹੀਰਾ ਸਿੰਹ 'ਤੇ ਵੀ ਹਮਲਾ ਕੀਤਾ। ਉਸ ਨੇ ਅੱਗੋਂ ਟਾਕਰਾ ਕੀਤਾ ਪਰ ਇਕ ਸਿੱਖ ਦੇ ਨੇਜ਼ੇ ਨਾਲ ਉਹ ਵੀ ਮਾਰਿਆ ਗਿਆ। ਪੰਡਤ ਜਲ੍ਹਾ ਤਾਂ ਤਲਵਾਰ ਦੇ ਇਕ ਵਾਰ ਨਾਲ ਹੀ ਮਾਰਿਆ ਗਿਆ। ਇਨ੍ਹਾਂ ਸਾਰਿਆਂ ਦੇ ਮਰਨ ਮਗਰੋਂ ਫ਼ੌਜਾਂ ਦਰਬਾਰ ਦਾ ਸਾਰਾ ਖ਼ਜ਼ਾਨਾ ਤੇ ਹੋਰ ਸਾਰਾ ਮਾਲ-ਮੱਤਾ ਲੈ ਕੇ ਲਾਹੌਰ ਮੁੜ ਆਈਆਂ।

ਹੀਰਾ ਸਿੰਹ ਡੋਗਰੇ ਨੂੰ ਖ਼ਤਮ ਕਰਨ ਨਾਲ ਭਾਵੇਂ ਲਾਹੌਰ ਦਰਬਾਰ ਵੱਡੇ ਡੋਗਰਿਆਂ ਤੋਂ ਤਾਂ ਆਜ਼ਾਦ ਹੋ ਗਿਆ ਸੀ ਪਰ ਇਕ ਡੋਗਰਾ ਗੁਲਾਬ ਸਿੰਹ ਅਜੇ ਵੀ ਜੰਮੂ ਵਿਚ ਰਾਜ ਕਰ ਰਿਹਾ ਸੀ। ਹੁਣ ਰਾਣੀ ਜਿੰਦਾਂ ਨੇ ਆਪਣੇ ਭਰਾ ਜਵਾਹਰ ਸਿੰਘ ਨੂੰ ਵਜ਼ੀਰ ਬਣਾ ਦਿਤਾ ਤੇ ਮਿਸਰ ਲਾਲ ਸਿੰਹ (ਬ੍ਰਾਹਮਣ) ਨੂੰ ਉਸ ਦਾ ਮੁਖ ਸਲਾਹਕਾਰ ਲਾ ਦਿਤਾ। ਇਸ ਦੇ ਨਾਲ ਹੀ ਇਕ "ਪੰਚਾਇਤ"

ਵੀ ਕਾਇਮ ਕਰ ਦਿਤੀ ਗਈ। 'ਖਾਲਸਾ' ਫ਼ੌਜ ਦੇ ਪੰਚਾਂ ਵਿਚ ਜਵਾਹਰ ਸਿੰਘ, ਭਾਈ ਰਾਮ ਸਿੰਘ (ਪੁਤਰ ਵਸਤੀ ਰਾਮ), ਦੀਵਾਨ ਦੀਨਾ ਨਾਥ, ਬਖ਼ਸ਼ੀ ਭਗਤ ਰਾਮ ਅਤੇ ਫ਼ਕੀਰ ਨੂਰ-ਉਦ-ਦੀਨ ਸ਼ਾਮਿਲ ਸਨ। ਭਾਵੇਂ ਇਨ੍ਹਾਂ ਵਿਚ ਇਕ ਵੀ ਡੋਗਰਾ ਨਹੀਂ ਸੀ ਪਰ ਪੰਜਾਂ ਵਿਚੋਂ ਦੋ ਹਿੰਦੂ ਅਤੇ ਇਕ (ਰਾਮ ਸਿੰਘ) ਅਰਧ-ਹਿੰਦੂ ਸਨ। ਇਨ੍ਹਾਂ ਵਿਚੋਂ ਦੀਵਾਨ ਦੀਨਾ ਨਾਥ ਸ਼ੱਕੀ ਕਾਰਵਾਈਆਂ ਵਿਚ ਮਸਰੂਫ਼ ਸੀ ਤੇ ਉਸ ਦਾ ਰਾਬਤਾ ਅੰਗਰੇਜ਼ਾਂ ਨਾਲ ਬਣਿਆ ਹੋਇਆ ਸੀ।

ਉਧਰ ਗੁਲਾਬ ਸਿੰਘ ਡੋਗਰਾ ਵੀ ਸਾਜ਼ਿਸ਼ਾਂ ਰਚ ਰਿਹਾ ਸੀ। ਉਸ ਨੇ ਡੋਗਰਿਆਂ ਅਤੇ ਹੋਰ ਕਬਾਇਲੀਆਂ ਨੂੰ ਵੀ ਲਾਲਚ ਦੇ ਕੇ ਆਪਣੇ ਨਾਲ ਰਲਾ ਲਿਆ ਅਤੇ ਅੰਦਰੋਂ-ਅੰਦਰੀਂ ਬਗ਼ਾਵਤ ਦੀਆਂ ਤਿਆਰੀਆਂ ਕਰਨ ਲਗ ਪਿਆ। ਅਜੇ ਉਸ ਦੇ ਕੁਝ ਸਾਥੀ ਲਾਹੌਰ ਵਿਚ ਸਿੱਖ ਫ਼ੌਜ ਦਾ ਹਿੱਸਾ ਵੀ ਸਨ। ਇਨ੍ਹਾਂ ਵਿਚੋਂ ਪ੍ਰਿਥੀ ਸਿੰਘ ਡੋਗਰਾ ਲਾਹੌਰ ਦੀਆਂ ਸਾਰੀਆਂ ਖ਼ਬਰਾਂ ਜੰਮੂ ਵਿਚ ਗੁਲਾਬ ਸਿੰਘ ਨੂੰ ਪਹੁੰਚਾਉਂਦਾ ਰਹਿੰਦਾ ਸੀ। ਗੁਲਾਬ ਸਿੰਘ ਨੂੰ ਇਹ ਵੀ ਪਤਾ ਲਗ ਗਿਆ ਸੀ ਕਿ ਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਇਸ ਕਰ ਕੇ ਉਸ ਨੇ ਜਵਾਹਰ ਸਿੰਘ ਨੂੰ ਖ਼ਤਮ ਕਰਨ ਦੀ ਤਰਕੀਬ ਘੜਨੀ ਸ਼ੁਰੂ ਕਰ ਦਿਤੀ। ਉਸ ਨੇ ਪ੍ਰਿਥੀ ਸਿੰਘ ਡੋਗਰੇ ਰਾਹੀਂ ਫ਼ੌਜੀਆਂ ਨੂੰ ਰਿਸ਼ਵਤ ਦੇ ਕੇ ਜਵਾਹਰ ਸਿੰਘ ਦੇ ਖ਼ਿਲਾਫ਼ ਕਰ ਦਿਤਾ। ਉਧਰ ਜਵਾਹਰ ਸਿੰਘ ਵੀ ਗੁਲਾਬ ਸਿੰਘ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਪਲਾਨ ਬਣਾ ਰਿਹਾ ਸੀ। ਇਸ ਵੇਲੇ ਕੰਵਰ ਪਿਸ਼ੌਰਾ ਸਿੰਘ ਸਿਆਲਕੋਟ ਵਿਚ ਸੀ। ਪਿਸ਼ੌਰਾ ਸਿੰਘ ਨੇ ਵੀ ਗੁਲਾਬ ਸਿੰਘ ਦੀ ਚੁਕ ਵਿਚ ਆ ਕੇ ਬਗ਼ਾਵਤ ਕਰ ਦਿਤੀ। ਜਵਾਹਰ ਸਿੰਘ ਨੇ ਫ਼ੌਜ ਭੇਜ ਕੇ ਉਸ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿਤਾ। ਜਦੋਂ ਇਹ ਫ਼ੌਜ ਜੰਮੂ ਵਲ ਗਈ ਤਾਂ ਪਿਸ਼ੌਰਾ ਸਿੰਘ ਨੇ ਹਥਿਆਰ ਸੁਟ ਦਿਤੇ। ਜਦੋਂ ਉਸ ਨੂੰ ਲਾਹੌਰ ਲਿਆਇਆ ਜਾ ਰਿਹਾ ਸੀ ਤਾਂ ਉਸ ਨੂੰ ਰਾਹ ਵਿਚ ਕਤਲ ਕਰ ਦਿਤਾ ਗਿਆ। ਇਹ ਕਤਲ ਦਰਅਸਲ ਗੁਲਾਬ ਸਿੰਘ ਨੇ ਕਰਵਾਇਆ ਸੀ। ਉਲਟਾ ਉਸ ਨੇ ਪਰਚਾਰ ਸ਼ੁਰੂ ਕਰ ਦਿਤਾ ਕਿ ਇਹ ਕਤਲ ਜਵਾਹਰ ਸਿੰਘ ਦੀਆਂ ਹਦਾਇਤਾਂ 'ਤੇ ਹੋਇਆ ਸੀ। ਇਸ ਪ੍ਰਚਾਰ ਵਿਚ ਪ੍ਰਿਥੀ ਸਿੰਘ ਡੋਗਰੇ ਨੇ ਵੱਡਾ ਰੋਲ ਅਦਾ ਕੀਤਾ। ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖ ਫ਼ੌਜਾਂ ਜਵਾਹਰ ਸਿੰਘ ਦੇ ਖ਼ਿਲਾਫ਼ ਹੋ ਗਈਆਂ ਅਤੇ ਇਕ ਦਿਨ ਉਸ ਨੂੰ ਕਤਲ ਦਿਤਾ। ਜਿਸ ਵੇਲੇ ਉਸ ਨੂੰ ਕਤਲ ਕੀਤਾ ਗਿਆ, ਉਸ ਨੇ ਆਪਣਾ ਭਾਣਜਾ (ਮਹਾਰਾਜਾ ਦਲੀਪ ਸਿੰਘ) ਆਪਣੀ ਗੋਦ ਵਿਚ ਚੁਕਿਆ ਹੋਇਆ ਸੀ। ਸਿੱਖ ਫ਼ੌਜਾਂ ਨੇ ਮਹਾਰਾਜੇ ਨੂੰ ਉਸ ਤੋਂ ਖੋਹ ਲਿਆ ਤੇ ਉਸ

(ਦਲੀਪ ਸਿੰਘ) ਦੇ ਸਾਹਮਣੇ ਹੀ ਜਵਾਹਰ ਸਿੰਘ ਨੂੰ ਕਤਲ ਕਰ ਦਿਤਾ। ਇਹ ਘਟਨਾ 21 ਸਤੰਬਰ 1845 ਦੀ ਹੈ।

ਜਵਾਹਰ ਸਿੰਘ ਦੀ ਮੌਤ ਮਗਰੋਂ 8 ਨਵੰਬਰ 1845 ਦੇ ਦਿਨ ਮਿਸਰ ਲਾਲ ਸਿੰਹ (ਬ੍ਰਾਹਮਣ) ਨੂੰ ਵਜ਼ੀਰ ਬਣਾ ਦਿਤਾ ਗਿਆ ਤੇ ਤੇਜ ਸਿੰਹ ਬ੍ਰਾਹਮਣ ਸਿੱਖ ਫ਼ੌਜਾਂ ਦਾ ਮੁਖੀ ਬਣ ਗਿਆ। ਰਾਣੀ ਜਿੰਦਾਂ ਅਤੇ ਬਾਕੀ ਫ਼ੌਜੀ ਪੰਚਾਇਤ ਨੇ ਸਿੱਖ ਰਾਜ ਦੇ ਦੁਸ਼ਮਣਾਂ ਦੇ ਇਕ ਹਿੱਸੇ, ਜੰਮੂ ਦੇ ਡੋਗਰਿਆਂ, ਨੂੰ ਤਾਂ ਦਰਬਾਰ ਚੋਂ ਖ਼ਤਮ ਕਰ ਦਿਤਾ ਸੀ ਪਰ ਉਨਾਂ ਦੀ ਥਾਂ ਇਕ ਹੋਰ ਗ਼ਦਾਰ ਟੋਲਾ, ਹਿੰਦੂਸਤਾਨ ਦੇ ਬ੍ਰਾਹਮਣਾਂ ਦਾ, ਅੱਗੇ ਲਿਆ ਕੇ ਉਸ ਨੂੰ ਸਾਰੀ ਤਾਕਤ ਸੌਂਪ ਦਿਤੀ ਸੀ। ਦੋਹਾਂ ਬ੍ਰਾਹਮਣਾਂ ਨੇ ਤਾਕਤ ਸੰਭਾਲਣ ਦੇ ਨਾਲ ਹੀ ਅੰਗਰੇਜ਼ਾਂ ਨਾਲ ਸਾਜ਼-ਬਾਜ਼ ਵੀ ਕਰਨੀ ਸ਼ੁਰੂ ਕਰ ਦਿਤੀ ਸੀ। ਤੇਜਾ ਸਿੰਹ, ਲਾਲ ਸਿੰਹ ਬ੍ਰਾਹਮਣ ਲਾਹੌਰ ਵਿਚ ਅਤੇ ਗੁਲਾਬ ਸਿੰਹ ਡੋਗਰਾ ਜੰਮੂ ਵਿਚ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਇਨ੍ਹਾਂ ਤੋਂ ਇਲਾਵਾ ਲਾਹੌਰ ਦੇ ਕਈ ਯੂਰਪੀਨ ਜਰਨੈਲ ਵੀ ਅੰਗਰੇਜ਼ਾਂ ਨਾਲ ਰਾਬਤਾ ਬਣਾ ਰਹੇ ਸਨ। ਹੁਣ ਰਣਜੀਤ ਸਿੰਘ ਦਾ ਰਾਜ ਖ਼ਤਮ ਕਰਨ ਵਾਸਤੇ ਜ਼ਮੀਨ ਤਿਆਰ ਹੋ ਚੁਕੀ ਸੀ ਅਤੇ ਰਸਤਾ ਪਧਰਾ ਹੋ ਗਿਆ ਸੀ।

ਇਸ ਵੇਲੇ ਬ੍ਰਾਹਮਣ ਬ੍ਰਾਹਮਣ ਲਾਲ ਸਿੰਹ ਪ੍ਰਾਈਮ ਮਨਿਸਟਰ ਸੀ ਤੇ ਤੇਜਾ ਸਿੰਹ ਕਮਾਂਡਰ ਇਨ ਚੀਫ਼ ਸੀ। ਇਨ੍ਹਾਂ ਦੋਵੇਂ ਅਤੇ ਡੋਗਰਾ ਗੁਲਾਬ ਸਿੰਹ (ਰਾਜਾ ਜੰਮੂ), ਦੀਵਾਨ ਮੂਲ ਰਾਜ, ਜਨਰਲ ਐਵੀਟਾਬਲ ਅਤੇ ਕਈ ਹੋਰ ਅੰਗਰੇਜ਼ਾਂ ਨਾਲ ਮਿਲ ਚੁਕੇ ਸਨ। ਹੁਣ ਅੰਗਰੇਜ਼ਾਂ ਵੱਲੋਂ ਜੰਗ ਕਰਨ ਦਾ ਬਹਾਨਾ ਬਣਾ ਰਹੇ ਸਨ ਜਿਸ ਵਿਚ ਉਹ ਕਾਮਯਾਬ ਹੋ ਗਏ ਤੇ ਕੁਝ ਮਹੀਨਿਆਂ ਵਿਚ ਹੀ ਅੰਗਰੇਜ਼ ਲਾਹੌਰ ਦੇ ਹਾਕਮ ਬਣ ਚੁਕੇ ਸਨ।

## ਰਾਣੀ ਜਿੰਦ ਕੌਰ ਨੂੰ ਕੈਦ ਕਰਨਾ

ਲਾਹੌਰ ਦੀ ਅਸਲ ਤਾਕਤ ਆਪਣੇ ਹੱਥ ਵਿਚ ਲੈਣ ਮਗਰੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਦੇ ਪਲਾਨ ਹੇਠ, ਸਭ ਤੋਂ ਪਹਿਲਾ ਵਾਰ ਰਾਣੀ ਜਿੰਦਾਂ 'ਤੇ ਕਰਨ ਦੀ ਤਰਕੀਬ ਬਣਾਉਣੀ ਸ਼ੁਰੂ ਕੀਤੀ । ਫ਼ਰੈਡਰਿਕ ਕੱਰੀ ਚਾਹੁੰਦਾ ਸੀ ਕਿ ਰਾਣੀ ਨੂੰ ਲਾਹੌਰ ਚੋਂ ਬਾਹਰ ਭੇਜਿਆ ਜਾਵੇ ਕਿਉਂਕਿ ਇਕ ਉਹੀ ਸੀ ਜਿਹੜੀ ਅੰਗਰੇਜ਼ਾਂ ਦੇ ਰਾਹ ਦਾ ਰੋੜਾ ਸੀ। ਲੋਕ ਉਸ ਦੀ ਇੱਜ਼ਤ ਵੀ ਕਰਦੇ ਸਨ ਤੇ ਉਸ ਦਾ ਕਿਹਾ ਵੀ ਮੰਨਦੇ ਸਨ। ਪਰ ਗਵਰਨਰ ਜਨਰਲ ਇਸ ਦੇ ਹੱਕ ਵਿਚ ਨਹੀਂ ਸੀ ਕਿ ਉਸ ਨੂੰ ਉਸ ਦੇ ਨਾਬਾਲਗ ਪੁਤਰ ਤੋਂ ਵਖਰਾ ਕਰ ਦਿਤਾ ਜਾਵੇ, ਕਿਉਂ ਕਿ ਇਸ ਕਾਰਵਾਈ ਨਾਲ ਸਿੱਖਾਂ ਵਿਚ

ਰੋਸ ਫ਼ੈਲ ਜਾਣ ਦਾ ਡਰ ਸੀ। (ਲਾਰਡ ਡਲਹੌਜ਼ੀ ਦੀ ਕੱਰੀ ਨੂੰ ਚਿੱਠੀ, 16 ਦਸੰਬਰ 1846)।

ਇਨ੍ਹੀਂ ਦਿਨੀਂ ਇਕ ਹੋਰ ਘਟਨਾ ਵਾਪਰ ਗਈ। ਫ਼ਰਵਰੀ 1847 ਵਿਚ ਲਾਹੌਰ ਦਰਬਾਰ ਦੇ ਇਕ ਵਫ਼ਾਦਾਰ ਭਾਈ ਪਰੇਮਾ ਸਿੰਘ ਨੇ ਪਲਾਨ ਬਣਾਈ ਕਿ ਗ਼ਦਾਰ ਤੇਜਾ ਸਿੰਹ ਤੇ ਅੰਗਰੇਜ਼ ਰੈਜ਼ੀਡੈਂਟ ਨੂੰ, ਉਨ੍ਹੀਂ ਦਿਨੀ ਸ਼ਾਲੀਮਾਰ ਬਾਗ਼ ਵਿਚ ਹੋਣ ਵਾਲੇ ਇਕ ਸਮਾਗਮ ਵਿਚ, ਕਤਲ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਅਗਵਾ ਕਰ ਕੇ, ਅੰਗਰੇਜ਼ਾਂ ਨੂੰ ਕੱਢਣ ਵਾਸਤੇ ਮੁਹਿੰਮ ਚਲਾਈ ਜਾਏ। ਪਰ ਅੰਜਾਮ ਹੋਣ ਤੋਂ ਪਹਿਲਾਂ ਹੀ ਇਸ ਪਲਾਨ ਦੀ ਸੂਹ ਅੰਗਰੇਜ਼ਾਂ ਨੂੰ ਮਿਲ ਗਈ। ਭਾਈ ਪਰੇਮਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਾਜ਼ਿਸ਼ ਨੂੰ ਅਧਾਰ ਬਣਾ ਕੇ ਰਾਣੀ ’ਤੇ ਵੀ ਮੁਕੱਦਮਾ ਚਲਾਉਣ ਦੀ ਸੋਚੀ ਗਈ। ਅੰਗਰੇਜ਼ਾਂ ਦਾ ਇਲਜ਼ਾਮ ਸੀ ਕਿ ਭਾਈ ਪਰੇਮਾ ਸਿੰਘ ਨੂੰ ਭਾਈ ਮਹਾਰਾਜ ਸਿੰਘ (ਨੌਰੰਗਾਬਾਦੀ) ਅਤੇ ਰਾਣੀ ਦੀ ਹਿਮਾਇਤ ਹਾਸਿਲ ਸੀ। ਪਰ ਮਹਾਰਾਣੀ ਖ਼ਿਲਾਫ਼ ਕੋਈ ਸਬੂਤ ਨਹੀਂ ਸੀ, ਸਿਵਾਏ ਇਸ ਦੇ ਕਿ ਉਸ ਦਾ ਮੁਨਸ਼ੀ ਬੂਟਾ ਸਿੰਘ (ਜੋ ਮਗਰੋਂ ਸਿੰਘ ਸਭਾ ਲਹਿਰ ਦਾ ਆਗੂ ਬਣਿਆ ਸੀ) ਭਾਈ ਪਰੇਮਾ ਸਿੰਘ ਨੂੰ ਦੋ ਵਾਰ ਮਿਲਿਆ ਸੀ। ਅੰਗਰੇਜ਼ ਰੈਜ਼ੀਡੈਂਟ ਦੀ ਰਾਣੀ ਜਿੰਦਾਂ ’ਤੇ ਕੇਸ ਚਲਾਉਣ ਦੀ ਸਿਫ਼ਾਰਸ਼ ਨੂੰ ਗਵਰਨਰ ਜਨਰਲ ਨੇ ਰੱਦ ਕਰ ਦਿਤਾ ਕਿਉਂਕਿ ਬੂਟਾ ਸਿੰਘ ਵਾਲਾ ਸਬੂਤ ਕਮਜ਼ੋਰ-ਜਹੀ ਗੱਲ ਸੀ ਜੋ ਲੋਕਾਂ ਨੂੰ ਹਜ਼ਮ ਨਹੀਂ ਹੋਣੀ ਸੀ। (ਹੈਨਰੀ ਲਾਰੰਸ ਦੀ ਐਲੀਅਟ ਨੂੰ ਚਿੱਠੀ, ਸਤੰਬਰ 1847)।

ਇਸ ਮਗਰੋਂ 7 ਅਗਸਤ 1847 ਦੇ ਦਿਨ ਰੈਜ਼ੀਡੈਟ ਨੇ ਅੰਗਰੇਜ਼ਾਂ ਦੇ ਮਦਦਗਾਰਾਂ, ਪਰ ਲਾਹੌਰ ਦਰਬਾਰ ਦੇ ਗ਼ਦਾਰਾਂ, ਦੇ ਸਨਮਾਨ ਵਿਚ ਇਕ ਸਮਾਗਮ ਰੱਖਿਆ। ਇਸ ਸਮਾਗਮ ਵਿਚ ਗ਼ਦਾਰ ਤੇਜਾ ਸਿੰਹ ਨੂੰ ਰਾਜਾ ਦਾ ਤਿਲਕ ਲਾਇਆ ਜਾਣਾ ਸੀ। ਬਾਲ ਮਹਾਰਾਜਾ ਦਲੀਪ ਸਿੰਘ ਨੇ ਐਨ ਮੌਕੇ ’ਤੇ ਹੱਥ ਪਿੱਛੇ ਕਰ ਕੇ ਤਿਲਕ ਲਾਉਣ ਤੋਂ ਨਾਂਹ ਕਰ ਦਿਤੀ। ਇਸ ’ਤੇ ਅੰਗਰੇਜ਼ਾਂ ਨੇ ਇਕ ਪੁਜਾਰੀ ਕੋਲੋਂ ਤਿਲਕ ਲੁਆ ਦਿਤਾ। ਲਾਰਡ ਹਾਰਡਿੰਗ ਨੇ ਇਸ ਦਾ ਜ਼ਿੰਮੇਦਾਰ ਰਾਣੀ ਨੂੰ ਠਹਿਰਾਉਂਦਿਆਂ ਕਿਹਾ ਕਿ ਉਹ ਆਪਣੇ ਦੁਸ਼ਮਣਾਂ ਦੇ ਸਨਮਾਨ ਤੋਂ ਔਖੀ ਸੀ ਇਸੇ ਕਰ ਕੇ ਉਸ ਨੇ ਮੁੰਡੇ (ਦਲੀਪ ਸਿੰਘ) ਨੂੰ ਅਜਿਹਾ ਕਰਨੋਂ ਰੋਕਿਆ ਸੀ। ਹਾਲਾਂਕਿ ਦਲੀਪ ਸਿੰਘ ਨੇ ਕੇਸਰ ਵਿਚ ਉਂਗਲ ਪਾ ਵੀ ਦਿਤੀ ਸੀ ਪਰ (ਰਾਣੀ ਦੇ ਇਸ਼ਾਰਾ ਕਰਨ ’ਤੇ) ਉਸ ਨੇ ਹੱਥ ਪਿੱਛੇ ਕਰ ਲਏ ਤੇ ਕੁਰਸੀ ’ਤੇ ਢੋਅ ਲਾ ਕੇ ਬੈਠ ਗਿਆ। ਇਸ ਘਟਨਾ ਮਗਰੋਂ ਰਾਣੀ ਦੇ ਪੰਜ ਵਫ਼ਾਦਾਰ ਸੇਵਾਦਾਰ (ਮੰਗਲਾ, ਜੀਵਨ ਸਿੰਘ, ਹੀਰਾ ਸਿੰਘ, ਅਮੀਰ ਬਖ਼ਸ਼ ਤੇ ਹਰਦਿਆਲ) ਨੂੰ ਨੌਕਰੀ ਤੋਂ ਕੱਢ ਕੇ ਲਾਹੌਰ ਤੋਂ ਬਾਹਰ ਭੇਜ

ਦਿਤਾ ਗਿਆ। ਰਾਣੀ ਨੂੰ ਵੀ ਕਿਲ੍ਹੇ ਦੀਆਂ ਦੀਵਾਰਾਂ ਦੇ ਅੰਦਰ ਮਹਿਦੂਦ ਕਰ ਦਿਤਾ ਗਿਆ। ਉਸ ਨੂੰ ਆਪਣੀ ਮਰਜ਼ੀ ਦੇ ਲੋਕਾਂ ਨਾਲ ਮਿਲਣੋਂ ਵੀ ਰੋਕ ਦਿਤਾ ਗਿਆ। ਇਸ ਤੋਂ ਕੁਝ ਦਿਨ ਮਗਰੋਂ, 19 ਅਗਸਤ 1847 ਨੂੰ, ਉਸ ਨੂੰ ਲਾਹੌਰ ਤੋਂ ਸ਼ੇਖ਼ੂਪੁਰਾ ਭੇਜ ਦਿਤਾ ਗਿਆ। ਉਸ ਦੀ ਪੈਨਸ਼ਨ ਵੀ ਡੇਢ ਲਖ ਤੋਂ ਘਟਾ ਕੇ ਸਿਰਫ਼ 48 ਹਜ਼ਾਰ ਰੁਪੈ (ਤੀਜਾ ਹਿੱਸਾ ਤੋਂ ਵੀ ਘਟ) ਕਰ ਦਿਤੀ ਗਈ।

*(ਰਾਣੀ ਜਿੰਦਾਂ ਨਾਲ ਏਥੇ ਹੀ ਬਸ ਨਹੀਂ ਕੀਤੀ ਗਈ। ਮਈ 1848 ਵਿਚ ਉਸ ਨੂੰ ਪੰਜਾਬ ਤੋਂ ਹਿੰਦੂਸਤਾਨ ਵਿਚ ਭੇਜ ਦਿਤਾ ਗਿਆ। ਉਸ ਨੂੰ ਸ਼ੇਖ਼ੂਪੁਰਾ ਤੋਂ ਬਨਾਰਸ ਲਿਜਾਇਆ ਗਿਆ। 15 ਮਈ 1848 ਦਾ ਦਿਨ ਉਸ ਦਾ ਪੰਜਾਬ ਵਿਚ ਆਖ਼ਰੀ ਦਿਨ ਸੀ। ਉਸ ਦੀ ਪੈਨਸ਼ਨ, ਜੋ ਪਹਿਲਾਂ ਡੇਢ ਲੱਖ ਤੋਂ 48 ਹਜ਼ਾਰ ਕਰ ਦਿਤੀ ਗਈ ਸੀ, ਹੁਣ ਉਹ ਹੋਰ ਘਟਾ ਕੇ ਸਿਰਫ਼ 12 ਹਜ਼ਾਰ ਸਾਲਾਨਾ ਕਰ ਦਿਤੀ ਗਈ। ਇਵਾਨ ਬੈੱਲ ਰਾਣੀ ਦੀ ਇਸ ਬੇਇਜ਼ਤੀ ਬਾਰੇ ਕਹਿੰਦਾ ਹੈ ਕਿ 'ਇਸ ਤਰ੍ਹਾਂ ਇਕ ਬਾਦਸ਼ਾਹ ਦੀ ਮਾਂ, ਇਕ ਦੋਸਤ ਦੀ ਵਿਧਵਾ, ਨੂੰ ਖ਼ਤਮ ਕਰ ਦੇਣ ਦੀ ਸਾਜ਼ਿਸ਼ ਹੇਠ, ਉਸ ਨੂੰ ਦੋ ਅੰਗਰੇਜ਼ ਅਫ਼ਸਰਾਂ ਤੇ ਇਕ ਮੁਸਲਮਾਨ ਚੀਫ਼ ਦੀ ਸਪੁਰਦਗੀ ਵਿਚ ਜਲਾਵਤਨ ਕਰ ਦਿਤਾ ਗਿਆ।' (ਇਵਾਨ ਬੈੱਲ, ਅਨੈਕਸੇਸ਼ਨ ਆਫ਼ ਦ ਪੰਜਾਬ ਐਂਡ ਮਹਾਰਾਜਾ ਦਲੀਪ ਸਿੰਘ, ਸਫ਼ਾ 18)। ਰਾਣੀ ਜਿੰਦਾਂ ਦੀ ਹੋਰ ਬੇਇਜ਼ਤੀ ਕਰਨ ਵਾਸਤੇ ਇਕ ਦਿਨ 14 ਜੁਲਾਈ 1848 ਨੂੰ ਉਸ ਦੇ ਸਾਰੇ ਕਪੜੇ ਉਤਰਵਾ ਕੇ ਉਸ ਦੀ ਜਾਮਾ-ਤਲਾਸ਼ੀ ਲਈ ਗਈ। ਉਸ ਦੇ 50 ਲਖ ਰੁਪੈ ਦੇ ਗਹਿਣੇ ਅਤੇ ਦੋ ਲਖ ਨਕਦ ਰੁਪੈ ਜ਼ਬਤ ਕਰ ਲਏ ਗਏ। ਇਹੋ ਜਿਹੀਆਂ ਹਰਕਤਾਂ ਦੀ ਤਾਂ ਕਾਬੁਲ ਦੇ ਬਾਦਸ਼ਾਹ ਦੋਸਤ ਮੁਹੰਮਦ ਖ਼ਾਨ ਨੇ ਵੀ ਨਿੰਦਾ ਕੀਤੀ)।*

### ਰਾਣੀ ਜਿੰਦਾਂ ਦੀ ਜੱਦੋਜਹਿਦ

ਲਾਰਡ ਡਲਹੌਜ਼ੀ ਨੇ ਰਾਣੀ ਜਿੰਦਾਂ ਬਾਰੇ ਇਕ ਵਾਰ ਲਿਖਿਆ ਸੀ ਕਿ **"ਪੰਜਾਬ ਵਿਚ ਇਕੱਲੀ ਰਾਣੀ ਜਿੰਦ ਕੌਰ ਹੀ ਮਰਦਾਂ ਵਾਲੀ ਹਸਤੀ ਰਖਦੀ ਹੈ।"** *(ਪਰਾਈਵੇਟ ਕਾਰਸਪੌਂਡੈਂਸ ਰੀਲੇਟਿੰਗ ਟੂ ਸਿੱਖ ਵਾਰਜ਼, ਸਫ਼ਾ 167)*। ਇਹੀ ਕਾਰਨ ਸੀ ਕਿ ਅੰਗਰੇਜ਼ ਉਸ ਤੋਂ ਬਹੁਤ ਡਰਦੇ ਸਨ। (ਜਿਹਾ ਕਿ ਪਿੱਛੇ ਜ਼ਿਕਰ ਆ ਚੁਕਾ ਹੈ) ਰਾਣੀ ਨੂੰ 16 ਮਈ 1848 ਦੇ ਦਿਨ, ਇਕ ਕੈਦੀ ਵਜੋਂ, ਬਨਾਰਸ ਲਿਜਾਇਆ ਗਿਆ ਸੀ। ਬਨਾਰਸ ਕਿਲ੍ਹੇ ਵਿੱਚੋਂ ਵੀ ਉਸ ਦਾ ਰਾਬਤਾ ਭਾਈ ਮਹਾਰਾਜ ਸਿੰਘ ਅਤੇ ਚਤਰ ਸਿੰਘ ਅਟਾਰੀਵਾਲਾ ਨਾਲ ਬਣਿਆ ਹੋਇਆ ਸੀ। ਜਦ ਇਸ ਦਾ ਪਤਾ ਅੰਗਰੇਜ਼ਾਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਸਕਿਉਰਿਟੀ ਵਧਾਉਣ ਦੀ ਬਜਾਏ ਰਾਣੀ ਨੂੰ ਚਿਨਾਰ ਦੇ ਸਭ ਤੋਂ ਵਧ ਮਹਿਫ਼ੂਜ਼

ਕਿਲ੍ਹੇ ਵਿਚ ਭੇਜਣ ਦਾ ਫ਼ੈਸਲਾ ਕਰ ਲਿਆ। ਇਹ ਗੱਲ ਮਾਰਚ 1849 ਦੇ ਅਖ਼ੀਰਲੇ ਦਿਨਾਂ ਦੀ ਹੈ। ਜਦ ਰਾਣੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਰੋਣ ਲਗ ਪਈ ਤੇ ਇਸ ਦਾ ਡੱਟਵਾਂ ਵਿਰੋਧ ਕੀਤਾ। ਜਦ ਉਸ ਨੂੰ ਜ਼ਬਰਦਸਤੀ ਲਿਜਾਉਣ ਦੀ ਧਮਕੀ ਦਿੱਤੀ ਗਈ ਤਾਂ ਮਜਬੂਰਨ ਉਸ ਨੂੰ ਜਾਣਾ ਪਿਆ। ਉਸ ਨੂੰ ਚਿਨਾਰ ਪਹੁੰਚਾਉਣ ਵਾਸਤੇ ਇਕ ਵੱਡੀ ਫ਼ੌਜ ਵੀ ਨਾਲ ਭੇਜੀ ਗਈ। ਇਸ ਫ਼ੌਜ ਦੀ ਅਗਵਾਈ ਮੇਜਰ ਮੈਕਗਰੈਗਰ ਆਪ ਕਰ ਰਿਹਾ ਸੀ। ਚਿਨਾਰ ਪਹੁੰਚ ਕੇ ਮੇਜਰ ਮੈਕਗਰੇਗਰ ਨੇ ਰਾਣੀ ਨੂੰ ਕੈਪਟਨ ਰੀਅਸ ਦੇ ਹਵਾਲੇ ਕਰਦਿਆਂ ਕਿਹਾ ਕਿ ਉਹ ਰਾਣੀ ਦੀ ਆਵਾਜ਼ ਪਛਾਣ ਲਵੇ ਅਤੇ ਹਰ ਰੋਜ਼ ਅੰਦਰ ਜਾ ਕੇ ਉਸ ਦੀ ਕੋਠੜੀ ਵਿਚ ਉਸ ਨੂੰ ਵੇਖ ਕੇ ਆਵੇ। ਕਿਉਂਕਿ ਰਾਣੀ ਨੇ ਪਰਦੇ ਵਿਚ ਹੋਣਾ ਸੀ, ਉਸ ਨੂੰ ਉਸ ਦੀ ਆਵਾਜ਼ ਤੋਂ ਪਛਾਣਿਆ ਜਾਣਾ ਸੀ।

**ਰਾਣੀ ਜਿੰਦਾਂ ਦਾ ਕਿਲ੍ਹੇ ਵਿਚੋਂ ਬਚ ਨਿਕਲਣਾ**

5 ਤੋਂ 15 ਅਪਰੈਲ 1849 ਤਕ ਕੈਪਟਨ ਰੀਅਸ ਹਰ ਰੋਜ਼ ਰਾਣੀ ਦੇ ਕਮਰੇ ਵਿਚ ਜਾ ਕੇ ਉਸ ਦੀ ਆਵਾਜ਼ ਦੀ ਸ਼ਨਾਖ਼ਤ ਕਰ ਕੇ ਉਸ ਦੀ 'ਹਾਜ਼ਰੀ' ਲਾਉਂਦਾ ਰਿਹਾ। 15 ਅਪਰੈਲ ਨੂੰ ਕੈਪਟਨ ਨੇ ਮਹਿਸੂਸ ਕੀਤਾ ਕਿ ਉਸ ਦੀ ਆਵਾਜ਼ ਵਿਚ ਫ਼ਰਕ ਹੈ। ਜਦ ਕੈਪਟਨ ਨੇ 'ਰਾਣੀ' (ਉਸ ਦੇ ਕਪੜੇ ਪਾ ਕੇ ਬੈਠੀ ਸੇਵਾਦਾਰਨੀ) ਤੋਂ ਆਵਾਜ਼ ਵਿਚ ਫ਼ਰਕ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੈਨੂੰ ਜ਼ੁਕਾਮ ਹੋਇਆ ਹੈ। ਕੈਪਟਨ ਨੇ ਇਸ ਨੂੰ ਸੱਚ ਸਮਝ ਲਿਆ ਤੇ ਮੁੜ ਗਿਆ। ਦਰਅਸਲ ਰਾਣੀ ਜਿੰਦਾਂ ਤਾਂ 6 ਅਪਰੈਲ ਨੂੰ ਹੀ ਕਿਲ੍ਹੇ ਵਿੱਚੋਂ ਨਿਕਲ ਚੁਕੀ ਸੀ। ਅਖ਼ੀਰ 19 ਅਪਰੈਲ ਨੂੰ ਰਾਣੀ ਦੇ ਨਿਕਲ ਚੁਕੇ ਹੋਣ ਦਾ ਰਾਜ਼ ਖੁਲ੍ਹਿਆ (*ਸੀਕਰਟ ਕੰਸਲਟੇਸ਼ਨਜ਼*, 26 ਮਈ 1849, ਨੰਬਰ 125, 136)।

ਚਿਨਾਰ ਵਿਚੋਂ ਨਿਕਲ ਕੇ ਰਾਣੀ ਜਿੰਦਾਂ ਪਹਿਲਾਂ ਪਟਨਾ ਪੁੱਜੀ ਤੇ ਫਿਰ ਨੈਪਾਲ ਨੂੰ ਚਲੀ ਗਈ। ਉਹ 29 ਅਪਰੈਲ 1849 ਦੇ ਦਿਨ ਕਠਮੰਡੂ ਪੁੱਜੀ। ਇੱਥੇ ਉਸ ਨੇ ਨੈਪਾਲ ਦੇ ਰਾਜੇ ਤੋਂ ਅੰਗਰੇਜ਼ਾਂ ਦੇ ਖ਼ਿਲਾਫ਼ ਮਦਦ ਮੰਗੀ ਪਰ ਉਸ ਵਿਚਾਰੇ ਕੋਲ ਏਡੀ ਵੱਡੀ ਤਾਕਤ ਦੇ ਖ਼ਿਲਾਫ਼ ਖੜ੍ਹੇ ਹੋਣ ਜੋਗੀ ਜਾਨ ਕਿੱਥੇ ਸੀ? ਰਾਣੀ ਜਿੰਦਾਂ ਨੇ ਜੰਮੂ ਦੇ ਰਾਜੇ ਗੁਲਾਬ ਸਿੰਘ ਡੋਗਰਾ ਨਾਲ ਵੀ ਰਾਬਤਾ ਬਣਾਇਆ ਪਰ ਉਹ ਤਾਂ ਖ਼ੁਦ ਅੰਗਰੇਜ਼ਾਂ ਦੇ ਨਾਲ ਮਿਲਿਆ ਹੋਇਆ ਸੀ (ਜਿੰਦਾਂ ਏਨੀ ਭੋਲੀ ਸੀ ਕਿ ਉਹ ਆਪਣੇ ਸਭ ਤੋਂ ਵੱਡੇ ਦੁਸ਼ਮਣਾਂ ਨੂੰ ਵੀ ਨਹੀਂ ਪਛਾਣਦੀ ਸੀ)। ਗੁਲਾਬ ਸਿੰਘ ਨੇ ਰਾਣੀ ਦੀ ਮਦਦ ਕਰਨ ਦੀ ਬਜਾਇ ਇਹ ਸਾਰੀ ਜਾਣਕਾਰੀ ਅੰਗਰੇਜ਼ਾਂ ਨੂੰ ਦੇ ਦਿੱਤੀ। (*ਪੋਲੀਟੀਕਲ ਕੰਸਲਟੇਸ਼ਨਜ਼*, 22 ਮਾਰਚ 1850)।

ਰਾਣੀ ਜਿੰਦਾਂ ਦੀਆਂ ਕਾਰਵਾਈਆਂ ਹੁਣ ਅੰਗਰੇਜ਼ਾਂ ਨੂੰ ਪੂਰੀ ਤਰ੍ਹਾਂ ਪਤਾ ਲਗ ਚੁਕੀਆਂ ਸਨ ਤੇ ਜੇ ਉਹ ਚਾਹੁੰਦੇ ਤਾਂ ਉਸ ਨੂੰ ਫੇਰ ਕਾਬੂ ਕਰ ਸਕਦੇ ਸਨ; ਪਰ ਉਨ੍ਹਾਂ ਨੂੰ ਪਤਾ ਲਗ ਚੁਕਿਆ ਸੀ ਕਿ ਕੋਈ ਵੀ ਸਿੱਖ ਜਾਂ ਗ਼ੈਰ-ਸਿੱਖ ਰਾਣੀ ਦੀ ਮਦਦ ਕਰਨ ਵਾਸਤੇ ਤਿਆਰ ਨਹੀਂ ਹੋਇਆ, ਇਸ ਕਰ ਕੇ ਉਨ੍ਹਾਂ ਰਾਣੀ ਨੂੰ ਉਸ ਦੇ ਹਾਲ ’ਤੇ ਹੀ ਛੱਡ ਦਿੱਤਾ, ਪਰ, ਇਸ ਦੇ ਬਾਵਜੂਦ ਵੀ ਉਸ ਦੀ ਪੂਰੀ ਨਿਗਰਾਨੀ ਕਰਦੇ ਰਹੇ।

### ਰਾਣੀ ਜਿੰਦਾਂ ਨੇ ਹੌਸਲਾ ਛੱਡਿਆ

ਸਾਰੇ ਪਾਸਿਓਂ ਬੇਉਮੀਦ ਹੋ ਕੇ ਅਖ਼ੀਰ ਰਾਣੀ ਨੇ ਹੌਸਲਾ ਛੱਡ ਦਿੱਤਾ। 1856 ਵਿਚ ਰਾਣੀ ਨੇ ਅੰਗਰੇਜ਼ਾਂ ਤਕ ਪਹੁੰਚ ਕਰ ਕੇ ਆਪਣੇ ਪੁੱਤਰ ਕੋਲ ਇੰਗਲੈਂਡ ਜਾਣ ਦੀ 'ਇਜਾਜ਼ਤ' ਮੰਗੀ। ਪਰ ਅੰਗਰੇਜ਼ਾਂ ਨੇ ਉਸ ਨੂੰ ਇਸ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ। ਉਹ ਨਹੀਂ ਸੀ ਚਾਹੁੰਦੇ ਕਿ ਜਿੰਦਾਂ ਦਲੀਪ ਸਿੰਘ ਕੋਲ ਜਾਵੇ ਤੇ ਉਸ ਦੇ ਅੰਦਰ ਸਿੱਖ-ਜਜ਼ਬਾਤ ਮੁੜ ਜ਼ਿੰਦਾ ਕਰੇ। 1857 ਵਿਚ ਕੁਝ ਰਜਵਾੜਿਆਂ ਤੇ ਹੋਰਨਾਂ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਕਰ ਦਿੱਤੀ। ਕਿਉਂਕਿ ਰਾਣੀ ਨੂੰ ਅੰਗਰੇਜ਼ਾਂ ਨੇ ਪੱਲਾ ਨਹੀਂ ਸੀ ਫੜਾਇਆ ਇਸ ਵਾਸਤੇ ਰਾਣੀ ਨੇ ਕੁਝ ਸਿੱਖਾਂ ਨੂੰ ਖ਼ਤ ਵੀ ਲਿਖ ਕੇ ਇਨ੍ਹਾਂ ਗ਼ਦਰੀਆਂ ਦੀ ਮਦਦ ਕਰਨ ਵਾਸਤੇ ਕਿਹਾ। (*ਸੀਕਰਟ ਕੰਸਲਟੇਸ਼ਨਜ਼*, 17 ਜੂਨ 1859)। ਪਰ ਇਸ ਵੇਲੇ ਤਕ ਆਮ ਸਿੱਖ ਨਿਰਾਸ ਹੋ ਕੇ ਬੈਠ ਚੁਕੇ ਸਨ ਤੇ ਉਹ ਕੋਈ ਰੋਲ ਅਦਾ ਕਰਨ ਦੀ ਰੌਅ ਵਿਚ ਨਹੀਂ ਸਨ। ਦੂਜਾ 1857 ਦੇ ਗ਼ਦਰ ਵਿਚ ਮੁਗ਼ਲ ਬਾਦਸ਼ਾਹ, ਮੁਤੱਸਬੀ ਮੌਲਵੀ ਤੇ ਪੂਰਬੀਏ (ਹਿੰਦੂਸਤਾਨੀ) ਰਜਵਾੜੇ, ਜਗੀਰਦਾਰ ਤੇ ਫ਼ੌਜੀ ਸ਼ਾਮਿਲ ਸਨ। ਇਨ੍ਹਾਂ ਵਿਚੋਂ ਬਹੁਤੇ ਉਹੀ ਫ਼ੌਜੀ ਸਨ ਜਿਨ੍ਹਾਂ ਨੇ ਲਾਹੌਰ ’ਤੇ ਅੰਗਰੇਜ਼ੀ ਫ਼ੌਜ ਦੇ ਹਮਲੇ ਵਿਚ ਸਿੱਖਾਂ ਦੇ ਖ਼ਿਲਾਫ਼ ਜੰਗ ਲੜੀ ਸੀ ਤੇ ਪੰਜਾਬ ਨੂੰ ਅੰਗਰੇਜ਼ਾਂ ਦਾ ਗ਼ੁਲਾਮ ਬਣਾਇਆ ਸੀ। ਖ਼ੈਰ, ਪੰਜਾਬ ਹੀ ਨਹੀਂ ਮਹਾਂਰਾਸ਼ਟਰ, ਰਾਜਪੂਤਾਨਾ, ਮਦਰਾਸ ਤੇ ਦਰਜਨਾਂ ਹੋਰ ਹਿੰਦੂ ਰਾਜਿਆਂ ਨੇ ਵੀ ਗ਼ਦਰੀਆਂ ਦਾ ਸਾਥ ਨਾ ਦਿੱਤਾ। ਇਸ ਕਰ ਕੇ ਗ਼ਦਰ ਫ਼ੇਲ੍ਹ ਹੋ ਗਿਆ। ਇਸ ਮਗਰੋਂ ਰਾਣੀ ਦੀ ਇਹ ਆਸ ਵੀ ਖ਼ਤਮ ਹੋ ਗਈ।

### ਰਾਣੀ ਜਿੰਦਾਂ ਇੰਗਲੈਂਡ ਪੁੱਜੀ

1860 ਵਿਚ ਰਾਣੀ ਨੇ ਫੇਰ ਅੰਗਰੇਜ਼ੀ ਸਰਕਾਰ ਨੂੰ ਅਪੀਲ ਕੀਤੀ ਕਿ ਉਸ ਨੂੰ ਆਪਣੇ ਪੁੱਤਰ ਕੋਲ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਵਕਤ ਰਾਣੀ ਦੀ ਉਮਰ ਚਾਲ੍ਹੀ ਸਾਲ ਦੇ ਕਰੀਬ ਸੀ। ਉਹ ਸਾਰੇ ਪਾਸਿਓਂ ਹਾਰ ਚੁਕੀ ਸੀ, ਬੇਦਿਲ ਹੋ ਚੁਕੀ ਸੀ ਤੇ ਸਾਰੀਆਂ ਉਮੀਦਾਂ ਖ਼ਤਮ ਕਰ ਚੁਕੀ ਸੀ।

ਅੰਗਰੇਜ਼ ਇਹ ਸਾਰਾ ਕੁਝ ਜਾਣਦੇ ਸਨ। ਉਧਰ ਦਲੀਪ ਸਿੰਘ ਸਿੱਖੀ ਜਾਂ ਰਾਜ ਕਰਨ ਦੇ ਸੁਫ਼ਨੇ ਭੁੱਲ ਚੁਕਾ ਸੀ ਤੇ ਇੰਗਲੈਂਡ ਵਿਚ ਇਕ ਆਮ ਅੱਯਾਸ਼ ਈਸਾਈ ਸ਼ਹਿਜ਼ਾਦੇ ਵਾਂਗ ਜੀਅ ਰਿਹਾ ਸੀ। ਅੰਗਰੇਜ਼ ਮਹਿਸੂਸ ਕਰਦੇ ਸਨ ਕਿ ਹੁਣ ਰਾਣੀ ਦਲੀਪ ਸਿੰਘ 'ਤੇ ਕੋਈ ਅਸਰ ਨਹੀਂ ਪਾ ਸਕੇਗੀ। ਅਖ਼ੀਰ ਉਨ੍ਹਾਂ ਨੇ 1861 ਵਿਚ ਰਾਣੀ ਨੂੰ ਇੰਗਲੈਂਡ ਜਾਣ ਦੀ ਇਜਾਜ਼ਤ ਦੇ ਦਿੱਤੀ। ਕੁਝ ਮਹੀਨਿਆਂ ਮਗਰੋਂ ਦਲੀਪ ਸਿੰਘ ਬੰਬਈ ਆਇਆ ਅਤੇ ਆਪਣੀ ਮਾਂ ਨੂੰ 13 ਸਾਲ ਮਗਰੋਂ ਮਿਲਿਆ। ਇਸ ਵੇਲੇ ਉਸ ਨੇ ਸਿਰ-ਮੂੰਹ ਮੁੰਨਿਆ ਹੋਇਆ ਸੀ। ਪੁੱਤਰ ਨੂੰ ਇਸ ਰੂਪ ਵਿਚ ਵੇਖ ਕੇ ਉਹ ਭੁੱਬਾਂ ਮਾਰ ਕੇ ਰੋਈ। ਪਰ ਉਸ ਦੇ ਰੋਣ ਦਾ ਦਲੀਪ ਸਿੰਘ 'ਤੇ ਕੋਈ ਅਸਰ ਨਾ ਹੋਇਆ ਅਤੇ ਉਸ ਨੇ ਸਿੱਖੀ ਸਰੂਪ ਵਿਚ ਆਉਣ ਦਾ ਫੋਕਾ ਵਾਅਦਾ ਵੀ ਨਾ ਕੀਤਾ। ਦਲੀਪ ਸਿੰਘ ਉਸ ਨੂੰ ਆਪਣੇ ਨਾਲ ਇੰਗਲੈਂਡ ਜ਼ਰੂਰ ਲੈ ਗਿਆ। ਉਹ 4 ਮਈ 1861 ਨੂੰ ਇੰਗਲੈਂਡ ਵਾਸਤੇ ਰਵਾਨਾ ਹੋਏ ਤੇ ਜੁਲਾਈ ਵਿਚ ਉੱਥੇ ਪਹੁੰਚ ਗਏ। ਪੁੱਤਰ ਕੋਲ ਪੁੱਜ ਕੇ ਵੀ ਰਾਣੀ ਵਿਚਾਰੀ ਉਦਾਸ ਹੋਣ ਤੋਂ ਸਿਵਾ ਕੁਝ ਵੀ ਨਹੀਂ ਸੀ ਕਰ ਸਕਦੀ। ਉਹ ਅਕਸਰ ਰੋਂਦੀ ਰਹਿੰਦੀ ਸੀ। ਅਖ਼ੀਰ ਝੁਰਦੀ, ਰੋਂਦੀ, ਤੜਫ਼ਦੀ ਰਾਣੀ ਜਿੰਦਾਂ ਆਪਣੀਆਂ ਅੱਖਾਂ ਦੀ ਜੋਤਿ ਵੀ ਗੁਆ ਬੈਠੀ ਤੇ 'ਹੱਡੀਆਂ ਦੀ ਮੁੱਠ' ਬਣ ਕੇ ਰਹਿ ਗਈ। ਇਹ ਵੀ ਹੋ ਸਕਦਾ ਹੈ ਕਿ ਅੰਗਰੇਜ਼ਾਂ ਨੇ ਡਾਕਟਰਾਂ ਰਾਹੀਂ ਉਸ ਨੂੰ ਦਵਾਈਆਂ ਦੇ ਨਾਂ 'ਤੇ ਜ਼ਹਿਰ ਦੇ ਕੇ ਉਸ ਦਾ ਕੰਡਾ ਕੱਢਣ ਦੀ ਕੋਸ਼ਿਸ਼ ਕੀਤੀ ਹੋਵੇ। ਉਹ ਬਹੁਤੀ ਦੇਰ ਜਿਊਂਦੀ ਨਾ ਰਹੀ ਤੇ ਦੋ ਸਾਲ ਦੇ ਅੰਦਰ-ਅੰਦਰ, ਪਹਿਲੀ ਅਗਸਤ 1863 ਦੇ ਦਿਨ, ਇੰਗਲੈਂਡ ਵਿਚ ਹੀ ਚੜ੍ਹਾਈ ਕਰ ਗਈ। ਇੰਞ (ਲਾਰਡ ਡਲਹੌਜ਼ੀ ਦੇ ਲਫ਼ਜ਼ਾਂ ਵਿਚ) 'ਪੰਜਾਬ ਦੀ ਇੱਕੋ-ਇਕ ਮਰਦ' ਸ਼ਖ਼ਸੀਅਤ' ਦਿਲਗੀਰ ਹੋ ਕੇ ਇਸ ਦੁਨੀਆਂ ਤੋਂ ਚਲੀ ਗਈ। (ਮਾਈਕਲ ਅਲੈਗਜ਼ੈਂਦਰ ਐਂਡ ਸੁਸ਼ੀਲਾ ਅਨੰਦ, *ਕੁਈਨ ਵਿਕਟੋਰੀਆਜ਼ ਦਲੀਪ ਸਿੰਘ*, ਸਫ਼ੇ 97-101)।

ਉਸ ਦੀਆਂ ਅਸਥੀਆਂ ਜਲ-ਪ੍ਰਵਾਹ ਕਰਨ ਵਾਸਤੇ ਅੰਗਰੇਜ਼ਾਂ ਨੇ ਉਸ ਦੇ ਪੁੱਤਰ ਨੂੰ ਸਿਰਫ਼ ਬੰਬਈ ਤਕ ਆਉਣ ਦੀ ਇਜਾਜ਼ਤ ਦਿੱਤੀ ਤੇ ਪੰਜਾਬ ਵੱਲ ਮੂੰਹ ਵੀ ਨਾ ਕਰਨ ਦਿੱਤਾ।

# ਮਹਾਰਾਣੀ ਚੰਦ ਕੌਰ

ਮਹਾਰਾਣੀ ਚੰਦ ਕੌਰ ਦਾ ਜਨਮ ਕਨੱਈਆ ਮਿਸਲ ਦੇ ਜਥੇਦਾਰ ਸ: ਜੈਮਲ ਸਿੰਘ ਦੇ ਘਰ ਪਿੰਡ ਫਤਹਿਗੜ੍ਹ ਜ਼ਿਲ੍ਹਾ ਗੁਰਦਾਸਪੁਰ ਵਿਚ 1802 ਵਿਚ ਹੋਇਆ ਸੀ। 1818 ਵਿਚ ਉਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਵਡੇ ਪੁੱਤਰ ਮਹਾਰਾਜਾ ਖੜਕ ਸਿੰਘ ਨਾਲ ਹੋਇਆ। ਮਹਾਰਾਣੀ ਚੰਦ ਕੌਰ ਦੇ ਕੁੱਖ ਤੋਂ ਕੁੰਵਰ ਨੌਨਿਹਾਲ ਸਿੰਘ ਪੈਦਾ ਹੋਇਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਇਕ ਸਾਲ ਮਗਰੋਂ ਬਾਅਦ ਡੋਗਰਿਆਂ ਨੇ ਮਹਾਰਾਜਾ ਖੜਕ ਸਿੰਘ ਤੇ ਕੁੰਵਰ ਨੌਨਿਹਾਲ ਸਿੰਘ ਨੂੰ ਮਾਰ ਦਿਤਾ। ਨੌਨਿਹਾਲ ਸਿੰਘ ਦੀ ਮੌਤ ਮਗਰੋਂ ਕੁਝ ਸਮੇਂ ਲਈ ਮਹਾਰਾਣੀ ਚੰਦ ਕੌਰ ਲਾਹੌਰ ਦੇ ਤਖ਼ਤ ਤੇ ਬੈਠੀ। ਇਸ ਨੂੰ ਸੰਧਾਵਾਲੀਆ ਸਰਦਾਰਾਂ ਦੀ ਹਿਮਾਇਤ ਹਾਸਿਲ ਸੀ ਪਰ ਡੋਗਰੇ ਕੰਵਰ ਸ਼ੇਰ ਸਿੰਘ ਦਾ ਸਾਥ ਦੇ ਰਹੇ ਸਨ।

ਨਵੰਬਰ 1840 ਤੋਂ ਦਸੰਬਰ 1840 ਤਕ ਰਾਣੀ ਚੰਦ ਕੌਰ 'ਮਹਾਰਾਣੀ' ਬਣ ਕੇ ਰਾਜ ਕਰਦੀ ਰਹੀ। ਉਧਰ ਡੋਗਰੇ ਸ਼ੇਰ ਸਿੰਘ ਨੂੰ ਸਾਰੀਆਂ ਖ਼ਬਰਾਂ ਪਹੁੰਚਾਉਂਦੇ ਰਹਿੰਦੇ ਸਨ। ਹੁਣ ਡੋਗਰਿਆਂ ਨੇ ਰਾਣੀ ਚੰਦ ਕੌਰ ਦੇ ਅੰਗਰੇਜ਼ਾਂ ਨਾਲ ਰਲੇ ਹੋਣ ਦਾ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਚੇਤ ਸਿੰਘ ਬਾਜਵਾ ਦੀਆਂ ਨਕਲੀ ਚਿੱਠੀਆਂ ਵਾਂਗ ਰਾਣੀ ਦੀਆਂ ਜਾਅਲੀ ਚਿੱਠੀਆਂ ਵੀ ਤਿਆਰ ਕਰ ਲਈਆਂ। ਡੋਗਰਿਆਂ ਦੇ ਇਸ ਖ਼ਤਰਨਾਕ ਪ੍ਰਾਪੇਗੰਡਾ ਦਾ ਭੋਲੇ ਤੇ ਜਜ਼ਬਾਤੀ ਸਿੱਖ ਫ਼ੌਜੀਆਂ 'ਤੇ ਬਹੁਤ ਛੇਤੀ ਅਸਰ ਹੋ ਗਿਆ। ਇਸ ਪ੍ਰਚਾਰ ਕਾਰਨ ਫ਼ੌਜ ਦਾ ਇਕ ਵੱਡਾ ਹਿੱਸਾ ਸ਼ੇਰ ਸਿੰਘ ਦਾ ਹਿਮਾਇਤੀ ਅਤੇ ਚੰਦ ਕੌਰ ਦਾ ਮੁਖ਼ਾਲਿਫ਼ ਬਣ ਗਿਆ। ਜਨਰਲ ਵੈਂਤੂਰਾ ਨੂੰ ਵੀ ਡੋਗਰਿਆਂ ਨੇ ਆਪਣੇ ਨਾਲ ਰਲਾ ਲਿਆ (ਜਾਂ ਉਹ ਆਪ ਰਲ ਗਿਆ)। ਸੁਚੇਤ ਸਿੰਹ ਡੋਗਰਾ ਵੀ ਸ਼ੇਰ ਸਿੰਘ ਨਾਲ ਆ ਮਿਲਿਆ। ਹੁਣ ਸਿਰਫ਼ ਸੰਧਾਵਾਲੀਏ ਹੀ ਰਾਣੀ ਦੇ ਨਾਲ ਰਹਿ ਗਏ ਸਨ ਤੇ ਕੁਝ ਕੁ ਵਫ਼ਾਦਾਰ ਜਰਨੈਲ ਉਸ ਦਾ ਸਾਥ ਦੇ ਰਹੇ ਸਨ। ਅਖ਼ੀਰ ਫ਼ੈਸਲਾ ਲੜਾਈ ਨਾਲ ਹੋਣ ਦੇ ਹੀ ਆਸਾਰ ਬਣ ਗਏ। ਸ਼ੇਰ ਸਿੰਘ ਦੀ ਫ਼ੌਜ ਨੇ ਕਿਲੇ ਨੂੰ ਘੇਰ ਲਿਆ ਅਤੇ ਗੋਲਾਬਾਰੀ ਸ਼ੁਰੂ ਕਰ ਦਿਤੀ। ਤਿੰਨ ਦਿਨ ਕਿਲ੍ਹੇ ਦੇ ਅੰਦਰੋਂ ਅਤੇ ਕਿਲ੍ਹੇ ਦੇ ਉੱਤੇ ਗੋਲਾਬਾਰੀ ਹੁੰਦੀ ਰਹੀ। ਹੁਣ ਚੰਦ ਕੌਰ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਲੜਾਈ ਵਿਚ ਜਿੱਤ ਨਹੀਂ ਸਕਦੀ। ਇਸ ਕਰ ਕੇ ਉਸ ਨੇ ਹਕੂਮਤ ਸ਼ੇਰ ਸਿੰਘ ਦੇ ਹਵਾਲੇ ਕਰਨਾ ਮਨਜ਼ੂਰ ਕਰ ਲਿਆ।

18 ਜਨਵਰੀ 1841 ਦੇ ਦਿਨ ਸ਼ੇਰ ਸਿੰਘ ਮਹਾਰਾਜਾ ਬਣਿਆ ਅਤੇ 20 ਤਾਰੀਖ਼ ਨੂੰ ਲਾਹੌਰ ਦੇ ਤਖ਼ਤ 'ਤੇ ਬੈਠ ਗਿਆ। ਉਸ ਨੇ ਰਾਣੀ ਚੰਦ ਕੌਰ ਨੂੰ 9 ਲਖ ਰੁਪੈ ਸਾਲਾਨਾ ਦੇਣੇ ਮੰਨ ਲਏ ਗਏ। ਇਸ ਮਗਰੋਂ ਚੰਦ ਕੌਰ ਨੇ ਆਪਣੀ ਸਾਰੀ ਦੌਲਤ ਗੁਲਾਬ ਸਿੰਹ ਡੋਗਰੇ ਦੇ ਨਾਲ ਜੰਮੂ ਭੇਜ ਦਿਤੀ। (**ਰਾਣੀ ਦੇ ਕਪੜੇ, ਸੋਨਾ, ਚਾਂਦੀ, ਸਿੱਕੇ, ਮੁਹਰਾਂ, ਪਸ਼ਮੀਨੇ ਵਗ਼ੈਰਾ, 16 ਗੱਡਿਆਂ 'ਤੇ ਲੱਦ ਕੇ, ਜੰਮੂ ਲਿਜਾਏ ਗਏ ਸਨ**)। ਇਹ ਸਾਰਾ ਕੁਝ ਉਸ ਵੇਲੇ ਦੇ 80 ਲੱਖ ਅਤੇ ਇਕ ਕਰੋੜ ਰੁਪੈ ਦੇ ਵਿਚਕਾਰ ਸੀ। ਇਹ ਦੌਲਤ ਸਿਰਫ਼ ਰਾਣੀ ਦੀ ਨਿਜੀ ਜਾਇਦਾਦ ਨਹੀਂ ਸੀ ਬਲਕਿ ਇਸ ਵਿਚ ਦਰਬਾਰ ਦਾ ਕਾਫ਼ੀ ਖ਼ਜ਼ਾਨਾ ਵੀ ਸ਼ਾਮਿਲ ਸੀ।(ਮਗਰੋਂ ਗੁਲਾਬ ਸਿੰਹ ਇਸ ਰਕਮ ਨੂੰ ਡਕਾਰ ਗਿਆ)।

ਕਿਉਂ ਕਿ ਧਿਆਨ ਸਿੰਹ ਡੋਗਰਾ ਨੇ ਸ਼ੇਰ ਸਿੰਘ ਦੀ ਸਭ ਤੋਂ ਵਧ ਮਦਦ ਕੀਤੀ ਸੀ, ਇਸ ਕਰ ਕੇ ਉਸੇ ਨੇ ਹੀ ਪ੍ਰਾਈਮ ਮਨਿਸਟਰ ਬਣਨਾ ਸੀ। ਉਸ ਨੇ ਹੌਲੀ-ਹੌਲੀ ਫੇਰ ਸਾਰੀ ਤਾਕਤ ਆਪਣੇ ਹੱਥ ਵਿੱਚ ਲੈਣੀ ਸ਼ੁਰੂ ਕਰ ਦਿਤੀ। ਉਸ ਦੇ ਰਾਹ ਵਿਚ ਅਜੇ ਰਾਣੀ ਚੰਦ ਕੌਰ ਦਾ ਕੰਡਾ ਬਾਕੀ ਸੀ। ਇਸ ਦੌਰਾਨ ਇਹ ਕੋਸ਼ਿਸ਼ ਵੀ ਹੋਈ ਕਿ ਚੰਦ ਕੌਰ ਅਤੇ ਸ਼ੇਰ ਸਿੰਘ ਦਾ ਵਿਆਹ ਕਰ ਦਿਤਾ ਜਾਵੇ, ਪਰ ਰਾਣੀ ਦੇ ਭਰਾ ਚੰਦਾ ਸਿੰਘ ਕਨ੍ਹਈਆ ਨੇ ਇਹ ਗੱਲ ਸਿਰੇ ਨਾ ਚੜ੍ਹਨ ਦਿਤੀ। ਜੂਨ 1842 ਵਿਚ ਮਹਾਰਾਜਾ ਸ਼ੇਰ ਸਿੰਘ ਸਿਆਲਕੋਟ (ਇਕ ਸੋਮੇ ਮੁਤਾਬਿਕ ਵਜ਼ੀਰਾਬਾਦ) ਗਿਆ ਹੋਇਆ ਸੀ (ਜਾਂ ਪਲਾਨ ਮੁਤਾਬਿਕ ਆਪ ਚਲਾ ਗਿਆ ਸੀ)। ਧਿਆਨ ਸਿੰਹ ਡੋਗਰਾ ਨੇ ਚੰਦ ਕੌਰ ਦੀਆਂ ਗੋਲੀਆਂ ਨਾਲ ਗੰਢ-ਤਰੁਪ ਪਹਿਲਾਂ ਹੀ ਕੀਤੀ ਹੋਈ ਸੀ। ਉਸ ਨੇ ਇਨ੍ਹਾਂ ਗੋਲੀਆਂ ਹੱਥੋਂ 11 ਜੂਨ 1842 ਦੀ ਰਾਤ ਨੂੰ ਚੰਦ ਕੌਰ ਨੂੰ ਉਸ ਦੇ ਸਿਰ 'ਤੇ ਚੱਕੀ ਦੇ ਪੁੜ ਮਾਰ-ਮਾਰ ਕੇ, ਉਸ ਦਾ ਸਿਰ ਫੇਹ ਕੇ, ਮਰਵਾ ਦਿਤਾ। (ਇਕ ਸੋਮਾ ਪਰਾਂਦੇ ਨਾਲ ਬਾਹਵਾਂ ਬੰਨ੍ਹ ਕੇ ਸਿਰ 'ਤੇ ਪਥੱਰ ਮਾਰ-ਮਾਰ ਕੇ ਮਾਰਨ ਦੀ ਗੱਲ ਲਿਖਦਾ ਹੈ)। ਧਿਆਨ ਸਿੰਹ ਅਜਿਹੀਆਂ ਸਾਜ਼ਿਸ਼ਾਂ ਦਾ ਮਾਹਿਰ ਸੀ। ਮਗਰੋਂ ਧਿਆਨ ਸਿੰਹ ਨੇ ਰਾਣੀ ਚੰਦ ਕੌਰ ਦੀਆਂ ਉਹ ਗੋਲੀਆਂ, ਜਿਨ੍ਹਾਂ ਕੋਲੋਂ ਉਸ ਨੇ ਰਾਣੀ ਨੂੰ ਮਰਵਾਇਆ ਸੀ, ਦੀਆਂ ਵੀ ਜਬਾਨਾਂ ਕਟਵਾ ਦਿੱਤੀਆਂ ਕਿ ਕਿਸੇ ਨੂੰ ਕੁਝ ਦਸ ਨਾ ਸਕਣ। ਇਥੇ ਵੀ ਸਬਰ ਨਾ ਕੀਤਾ ਇਨ੍ਹਾਂ ਗੋਲੀਆਂ ਨੂੰ ਵੀ ਮੌਤ ਦੇ ਘਾਟ ਉਤਾਰ ਦਿਤਾ।

# ਰਾਣੀ ਈਸ਼ਰ ਕੌਰ

ਰਾਣੀ ਈਸ਼ਰ ਕੌਰ ਸ. ਲਾਲ ਸਿੰਘ ਸੰਧੂ ਦੀ ਪੁੱਤਰੀ ਸੀ ਜੋ ਪਿੰਡ ਸੂਰੈਣਵਾਲੀ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਪੈਦਾ ਹੋਈ ਸੀ। 1815 ਵਿੱਚ ਇਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਵੱਡੇ ਪੁੱਤਰ ਮਹਾਰਾਜਾ ਖੜਕ ਸਿੰਘ ਨਾਲ ਹੋਇਆ। ਇਹ ਆਪਣੇ ਪਤੀ ਖੜਕ ਸਿੰਘ ਦੀ ਚਿਖਾ ਵਿਚ ਹੀ ਸੜ ਕੇ ਸਤੀ ਹੋ ਗਈ ਸੀ।

# ਰਾਣੀ ਖੇਮ ਕੌਰ

ਰਾਣੀ ਖੇਮ ਕੌਰ ਸਰਦਾਰ ਜੋਧ ਸਿੰਘ ਭੰਗੀ ਦੀ ਪੁੱਤਰੀ ਸੀ। ਇਸ ਦਾ ਵਿਆਹ ਖੜਕ ਸਿੰਘ ਪੁੱਤਰ ਮਹਾਰਾਜਾ ਰਣਜੀਤ ਸਿੰਘ ਨਾਲ ਹੋਇਆ। ਨਵੰਬਰ 1840 ਨੂੰ ਮਹਾਰਾਜਾ ਖੜਕ ਸਿੰਘ ਦੀ ਮੌਤ ਹੋ ਗਈ ਤੇ ਉਹ ਵਿਧਵਾ ਹੋ ਗਈ। ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਵਿਚ ਇਸ ਨੇ ਅੰਦਰਖਾਤੇ ਸਿੱਖ ਫੌਜਾਂ ਦੀ ਮਦਦ ਕੀਤੀ। ਇਸ 'ਜੁਰਮ' ਬਦਲੇ ਅੰਗਰੇਜ਼ਾਂ ਨੇ ਇਸ ਕੋਲ ਜੋ ਵੀ ਕੋਈ ਚੀਜ਼ ਗਹਿਣਾ, ਰੁਪਿਆ ਜਾਂ ਜ਼ਮੀਨ ਸੀ, ਸਭ ਕੁਝ ਜ਼ਬਤ ਕਰ ਲਿਆ। ਉਸ ਨੇ ਆਖ਼ਰੀ ਦਿਨ ਬਹੁਤ ਔਖਿਆਈ ਵਿਚ ਕੱਟੇ ਸਨ।

# ਰਾਣੀ ਦੱਕਣੋ

ਰਾਣੀ ਦੱਕਣੋ ਕਾਂਗੜੇ ਦੀ ਇਕ ਬਹੁਤ ਹੀ ਖ਼ੂਬਸੂਰਤ ਕੁੜੀ ਸੀ। ਇਸ ਦੀ ਖ਼ੂਬਸੂਰਤੀ ਕਾਰਨ ਹੀ ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਮਹਾਰਾਜਾ ਸ਼ੇਰ ਸਿੰਘ ਇਸ 'ਤੇ ਫ਼ਿਦਾ ਸੀ। 1842 ਵਿਚ ਮਹਾਰਾਜਾ ਸ਼ੇਰ ਸਿੰਘ ਨੇ ਦੱਕਣੋ ਨਾਲ ਵਿਆਹ ਕਰਾ ਕੇ ਉਸ ਨੂੰ ਰਾਣੀ ਬਣਾ ਲਿਆ ਸੀ। ਇਸ ਦੇ ਘਰ ਇੱਕ ਪੁੱਤਰ ਸ਼ਿਵਦੇਵ ਸਿੰਘ ਪੈਦਾ ਹੋਇਆ। ਡੋਗਰਿਆਂ ਨੇ ਇਕ-ਇਕ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਪੁੱਤਰਾਂ ਨੂੰ ਮਰਵਾ ਦਿਤਾ ਤੇ ਲਾਹੌਰ ਦਾ ਤਖਤ ਅੰਗਰੇਜ਼ਾਂ ਕੋਲ ਚਲਾ ਗਿਆ। ਅੰਗਰੇਜ਼ਾਂ ਨੇ ਮਹਾਰਾਣੀ ਜਿੰਦ ਕੌਰ ਤੇ ਦਲੀਪ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਪੰਜਾਬ ਵਿਚੋਂ ਕੱਢ ਦਿਤਾ। ਇਸ ਦੇ ਨਾਲ ਹੀ ਰਾਣੀ ਦੱਕਣੋ ਤੇ ਉਸ ਦੇ ਸੱਤ ਸਾਲਾ ਪੁੱਤਰ ਸਮੇਤ ਸ਼ਿਵਦੇਵ ਸਿੰਘ ਨੂੰ ਵੀ ਕੁੰਵਰ ਦਲੀਪ ਸਿੰਘ ਦੇ ਨਾਲ ਹੀ ਪੰਜਾਬੋ ਬਾਹਰ ਭੇਜ ਦਿੱਤਾ ਗਿਆ। ਮਗਰੋਂ ਅੰਗਰੇਜ਼ਾਂ ਨੇ ਇਨ੍ਹਾਂ ਮਾਂ-ਪੁੱਤਰ ਨੂੰ ਵੀ ਜ਼ਹਿਰ ਦੇ ਕੇ ਮਰਵਾ ਦਿਤਾ।

# ਰਾਣੀ ਦੇਸਾਂ ਨੱਕਈ

ਰਾਣੀ ਦੇਸਾਂ ਨੱਕਈ ਮਿਸਲ ਦੇ ਸਰਦਾਰ ਮੇਹਰ ਸਿੰਘ ਦੀ ਬੇਟੀ ਸੀ। ਇਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਨਾਲ 1819 ਵਿਚ ਹੋਇਆ ਸੀ। ਇਸ ਦੇ ਕੋਈ ਔਲਾਦ ਨਹੀਂ ਸੀ।

# ਰਾਣੀ ਪ੍ਰੇਮ ਕੌਰ

ਬੀਬੀ ਪ੍ਰੇਮ ਕੌਰ, ਸਰਦਾਰ ਹਰੀ ਸਿੰਘ ਪਿੰਡ ਲੱਧੇਵਾਲ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਦੀ ਪੁੱਤਰੀ ਸੀ। ਇਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਨਾਲ ਹੋਇਆ ਸੀ। ਇਸ ਨੇ ਕੰਵਰ ਪ੍ਰਤਾਪ ਸਿੰਘ ਨੂੰ ਜਨਮ ਦਿਤਾ। ਲਹਿਣਾ ਸਿੰਘ ਸੰਧਾਵਾਲੀਏ ਨੇ ਕੰਵਰ ਨੂੰ 15 ਸਤੰਬਰ 1843 ਦੇ ਦਿਨ ਕਤਲ ਕਰ ਦਿੱਤਾ ਸੀ; ਇਸੇ ਹੀ ਦਿਨ ਅਜੀਤ ਸਿੰਘ ਸੰਧਾਵਾਲੀਏ ਨੇ ਮਹਾਰਾਜਾ ਸ਼ੇਰ ਸਿੰਘ ਦਾ ਵੀ ਕਤਲ ਕਰ ਦਿੱਤਾ ਸੀ।

# ਮਹਾਰਾਣੀ ਨਾਨਕੀ

ਬੀਬੀ ਨਾਨਕੀ ਜਨਰਲ ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਤੇ ਨਿਹਾਲ ਸਿਮਘ ਦੀ ਪੋਤਰੀ ਸੀ ਜਿਸ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ 7 ਮਾਰਚ 1837 ਨੂੰ ਬਹੁਤ ਸ਼ਾਹਾਨੇ ਤਰੀਕੇ ਨਾਲ ਹੋਇਆ ਸੀ, ਜਿਸ ਵਿਚ ਸੈਂਕੜੇ ਮਹਿਮਾਨ ਦੂਜੀਆਂ ਰਿਆਸਤਾਂ ਤੋ ਅਤੇ ਅੰਗਰੇਜ਼ ਵੀ ਬੁਲਾਏ ਗਏ ਸਨ। ਅਕਤੂਬਰ 1839 ਵਿਚ ਜਦ ਨੌਨਿਹਾਲ ਸਿਮਘ ਮਹਾਰਾਜਾ ਬਣਿਆ ਤਾਂ ਆਪ ਨੂੰ ਸਾਰੇ ਮਹਾਰਾਣੀ ਕਹਿ ਕੇ ਬੁਲਾਉਣ ਲਗ ਪਏ ਸਨ। 5 ਨਵੰਬਰ 1840 ਨੂੰ ਕੂੰਵਰ ਨੌਨਿਹਾਲ ਸਿੰਘ ਨੂੰ ਗ਼ਦਾਰ ਧਿਆਨ ਸਿੰਘ ਡੋਗਰੇ ਨੇ ਮਰਵਾ ਦਿੱਤਾ ਸੀ। ਬੀਬੀ ਨਾਨਕੀ ਦੀ ਮੌਤ 1856 ਵਿੱਚ ਹੋਈ ਸੀ। (ਇਸ ਦੇ ਪਿਤਾ ਸ: ਸ਼ਾਮ ਸਿੰਘ ਅਟਾਰੀਵਾਲਾ ਸਹੀਦ ਹੋਏ ਸਨ)।

# ਰਾਣੀ ਦਇਆ ਕੌਰ ਜੀਂਦ

ਰਾਣੀ ਦਇਆ ਕੌਰ ਨਿਸ਼ਾਨਵਾਲੀਏ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਦੀ ਪਤਨੀ ਸੀ। ਇਹ ਇੱਕ ਸੁਘੜ, ਸੁਆਣੀ ਤੇ ਚੁਸਤ ਇਸਤਰੀ ਸੀ। ਪਤੀ ਦੀ ਮੌਤ ਤੋਂ ਬਾਅਦ ਇਸ ਨੇ ਰਾਜ ਦੀ ਵਾਗਡੋਰ ਸੰਭਾਲੀ। 1786 ਵਿਚ ਕੈਥਲ ਤੇ ਜੀਂਦ ਦੇ ਇਲਾਕੇ ਇਸ ਦੇ ਰਾਜ ਵਿਚ ਸਨ। ਨਵੰਬਰ 1808 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅੰਬਾਲਾ ਜਿੱਤ ਕੇ ਇਸ ਦਾ ਰਾਜ ਵੀ ਜਿੱਤ ਲਿਆ, ਪਰ ਇਸ ਦੇ ਅਰਜ਼ ਕਰਨ ਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੇ ਰਾਜ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਰਾਜਾ ਭਾਗ ਸਿੰਘ ਨੂੰ ਜੀਂਦ ਦਾ ਤੇ ਰਾਜਾ ਲਾਲ ਸਿੰਘ ਨੂੰ ਕੈਥਲ ਦਾ ਸਰਪ੍ਰਸਤ ਬਣਾ ਦਿੱਤਾ। ਫਿਰ ਇਹ ਸਟੇਟ ਸਤਲੁਜ ਸਮਝੌਤੇ ਤਹਿਤ ਅੰਗਰੇਜ਼ਾਂ ਦੀ ਹਿਫ਼ਾਜ਼ਤ ਹੇਠ ਆ ਗਈ।

ਮਗਰੋਂ ਰਾਣੀ ਦਇਆ ਕੌਰ ਨੇ ਕਰਨਲ ਡੇਵਿਡ ਅਕਟਰ ਲੋਨੀ ਨੂੰ ਅਪੀਲ ਕੀਤੀ ਕਿ ਭਾਗ ਸਿੰਘ ਤੇ ਲਾਲ ਸਿੰਘ ਨੂੰ ਇਲਾਕੇ ਵਿਚੋਂ ਕੱਢ ਦਿੱਤਾ ਜਾਏ ਤੇ ਉਸ ਦਾ ਰਾਜ ਉਸ ਨੂੰ ਵਾਪਸ ਦਿੱਤਾ ਜਾਏ। ਅੰਗਰੇਜ਼ ਗਵਰਨਰ ਨੇ ਦੋਵਾਂ ਨੂੰ ਕੱਢ ਕੇ ਮੁੜ ਸਟੇਟ ਰਾਣੀ ਦਇਆ ਕੌਰ ਨੂੰ ਦੇ ਦਿੱਤੀ 1823 ਵਿਚ ਰਾਣੀ ਦਇਆ ਕੌਰ ਚੜ੍ਹਾਈ ਕਰ ਗਈ ਤੇ ਉਸ ਦਾ ਰਾਜ ਅੰਗਰੇਜੀ ਰਾਜ ਵਿਚ ਮਿਲਾ ਲਿਆ ਗਿਆ।

# ਬੀਬੀ ਚੰਦ ਕੌਰ ਘਰਜਾਖੀਏ

ਬੀਬੀ ਚੰਦ ਕੌਰ ਜਰਨਲ ਹਰੀ ਸਿੰਘ ਨਲੂਆ ਦੀ ਬੇਟੀ ਸੀ। ਇਸ ਦਾ ਵਿਆਹ ਭਾਈ ਲਹਿਣਾ ਸਿੰਘ ਘਰਜਾਖੀਏ ਨਾਲ ਹੋਇਆ ਸੀ।

# ਰਾਣੀ ਫ਼ਤਹਿ ਕੌਰ

ਰਾਣੀ ਫ਼ਤਹਿ ਕੌਰ ਪਟਿਆਲੇ ਦੇ ਬਾਨੀ ਰਾਜਾ ਬਾਬਾ ਆਲਾ ਸਿੰਘ ਦੀ ਘਰਵਾਲੀ ਸੀ। ਉਸ ਨੂੰ ਪਿਆਰ ਨਾਲ ਮਾਈ ਫੱਤੋ ਵੀ ਲਿਖਿਆ ਮਿਲਦਾ ਹੈ। ਬਾਬਾ ਆਲਾ ਸਿੰਘ ਬਾਰੇ ਇਕ ਲੋਕ ਗੀਤ ਵਿਚ ਇਹ ਨਾਂ ਆਉਂਦਾ ਹੈ:

*ਉਹੀ ਬਾਲਾ ਆਲਾ*
*ਫੱਤੋ ਦਾ ਘਰਵਾਲਾ*
*ਜਿਨ ਵਸਾਇਆ ਪਟਿਆਲਾ*

ਬੀਬੀ ਫ਼ਤਹਿ ਕੌਰ ਭਾਈ ਕਾਹਨੇ ਦੀ ਬੇਟੀ ਸੀ। ਕਾਲੇਕੇ ਪਿੰਡ ਸੰਗਰੂਰ ਜ਼ਿਲ੍ਹੇ ਦਾ ਪਿੰਡ ਹੈ। ਇਕ ਰਿਵਾਇਤ ਮੁਤਾਬਿਕ ਕਾਲੇਕੇ ਦੇ ਭਾਈ ਕਾਹਨੇ ਨੇ, ਜਦੋਂ ਇਹ ਲੜਕੀ ਪੈਦਾ ਹੋਈ ਤਾਂ ਜ਼ਮੀਨ ਵਿੱਚ ਡੂੰਘਾ ਟੋਆ ਪੁਟਾ ਕੇ ਜੀਂਦੀ ਹੀ ਦੱਬ ਦਿੱਤੀ। ਉਸ ਵੇਲੇ ਇਸ ਇਲਾਕੇ ਵਿੱਚ ਇੱਕ ਭਾਈ ਦਿਆਲ ਦਾਸ ਨਾਮ ਦਾ ਸਾਧੂ ਸੀ। ਇਸ ਨੇ ਲੋਕਾਂ ਨੂੰ ਕਿਹਾ ਕਿ ਉਹ ਰੱਬ ਦੀ ਮਰਜ਼ੀ ਦੇ ਖਿਲਾਫ਼ ਕਿਉਂ ਇਹ ਹਰਕਤ ਕਰ ਰਹੇ ਹੋ। ਉਸ ਵੇਲੇ ਟੋਇਆ ਖੋਦਿਆ ਗਿਆ ਤੇ ਵਿਚੋਂ ਬੱਚੀ ਜਿਉਂਦੀ ਜਾਗਦੀ ਹੋਈ ਨਿਕਲੀ। 1707 ਵਿਚ ਬੀਬੀ ਫਤਹਿ ਕੌਰ ਦੀ ਸ਼ਾਦੀ (ਬਾਬਾ) ਆਲਾ ਸਿੰਘ ਨਾਲ ਹੋਈ ਜੋ ਪਟਿਆਲਾ ਰਿਆਸਤ ਦੇ ਮੋਢੀ ਵਾਲੇ ਸਨ। ਬੀਬੀ ਫ਼ਤਹਿ ਕੌਰ ਦੇ ਘਰ ਤਿੰਨ ਪੁੱਤਰ ਸਰਦੂਲ ਸਿੰਘ, ਭੂਰੀਆ ਸਿੰਘ ਤੇ ਲਾਲ ਸਿੰਘ ਪੈਦਾ ਹੋਏ। ਇਕ ਲੜਕੀ ਬੀਬੀ ਪਰਧਾਨ ਕੌਰ ਪੈਦਾ ਹੋਈ।

ਬੀਬੀ ਫ਼ਤਹਿ ਕੌਰ ਦੀ ਬੇਟੀ ਬੀਬੀ ਪਰਧਾਨ ਕੌਰ ਦੀ ਸ਼ਾਦੀ ਬਾਬਾ ਬੁੱਢਾ ਜੀ ਦੀ ਪੰਜਵੀਂ ਪੀੜ੍ਹੀ ਭਾਈ ਰਾਮ ਕੁਇਰ ਅਥਵਾ ਭਾਈ ਗੁਰਬਖਸ਼ ਸਿੰਘ ਜੀ ਦੇ ਬੇਟੇ ਮੋਹਰ ਸਿੰਘ ਨਾਲ ਹੋਈ। ਇਸੇ ਦੇ ਘਰ ਸ਼ਾਮ ਸਿੰਘ ਪੁੱਤਰ ਪੈਦਾ ਹੋਇਆ ਸੀ।

ਬੀਬੀ ਫ਼ਤਹਿ ਕੌਰ ਬਹੁਤ ਸੁਘੜ ਸਿਆਣੀ ਔਰਤ ਸੀ। ਆਪਣੇ ਪਤੀ ਦੇ ਰਾਜ ਪ੍ਰਬੰਧ ਵਿਚ ਉਸ ਦਾ ਬਹੁਤ ਰੋਲ ਹੁੰਦਾ ਸੀ।

ਇਕ ਵਾਰ ਉਸ ਨੇ ਆਪਣੇ ਪੋਤੇ ਰਾਜਾ ਅਮਰ ਸਿੰਘ ਦੀ ਜਾਨ ਵੀ ਬਚਾਈ ਸੀ ਅਤੇ ਫੂਲਕੀਆਂ ਰਿਆਸਤ ਵੀ। 1767 ਦੇ ਹਮਲੇ ਵੇਲੇ ਅਹਿਮਦ ਸ਼ਾਹ ਦੁੱਰਾਨੀ ਜਦ ਸਰਹੰਦ ਕੋਲ ਪੁੱਜਾ ਤਾਂ ਪਟਿਆਲੇ ਦਾ ਰਾਜਾ ਅਮਰ ਸਿੰਘ (ਰਾਣੀ ਫ਼ਤਹਿ ਕੌਰ ਦਾ ਪੋਤਾ) ਉਸ ਕੋਲ ਪੇਸ਼ ਹੋਇਆ। ਉਸ ਨੇ ਅਮਰ ਸਿੰਘ ਤੋਂ ਉਸ ਨੇ 9 ਲੱਖ ਰੁਪੈ ਤਾਵਾਨ ਦੀ ਮੰਗ ਕੀਤੀ। ਇਸ ਮੌਕੇ 'ਤੇ

ਅਹਿਮਦ ਸ਼ਾਹ ਨੇ ਆਪਣੇ ਪੁਤਰ ਜ਼ਾਬਤਾ ਖ਼ਾਨ ਨੂੰ ਸਰਹੰਦ ਦਾ ਸੂਬੇਦਾਰ ਬਣਾਉਣ ਦਾ ਫੈਸਲਾ ਕੀਤਾ ਹੋਇਆ ਸੀ। ਇਸੇ ਖਿਆਲ ਨਾਲ ਉਸ ਨੇ ਰਾਜਾ ਅਮਰ ਸਿੰਘ ਨੂੰ ਕੈਦ ਕਰ ਲਿਆ। ਜਦ ਉਸ ਦੀ ਦਾਦੀ ਮਾਈ ਫ਼ਤਹਿ ਕੌਰ (ਪਤਨੀ ਮਹਾਰਾਜਾ ਆਲਾ ਸਿੰਘ) ਨੂੰ ਇਹ ਪਤਾ ਲਗਾ ਤਾਂ ਉਸ ਨੇ ਦਿੱਲੀ ਦੇ ਵਜ਼ੀਰ ਸ਼ਾਹ ਵਲੀ ਖ਼ਾਨ ਤਕ ਪਹੁੰਚ ਕੀਤੀ ਤੇ ਉਸ ਨੂੰ ਕੀਮਤੀ ਤੋਹਫ਼ੇ ਦੇ ਕੇ ਅਮਰ ਸਿੰਘ ਦੀ ਰਿਹਾਈ ਵਾਸਤੇ ਮਨਾ ਲਿਆ। ਵਜ਼ੀਰ ਨੇ ਅਹਿਮਦ ਸ਼ਾਹ ਨੂੰ ਸਮਝਾਇਆ ਕਿ ਕੋਈ ਅਫ਼ਗਾਨ ਸੂਬੇਦਾਰ ਉਸ ਇਲਾਕੇ ਵਿਚ ਅਮਨ ਨਹੀਂ ਰਖ ਸਕਦਾ। ਅਫ਼ਗਾਨ ਸੂਬੇਦਾਰ ਨੂੰ ਸਿੱਖ ਯਕੀਨਨ ਮਾਰ ਦੇਣਗੇ। ਸਿਰਫ਼ ਅਮਰ ਸਿੰਘ ਹੀ ਇੱਥੋਂ ਦੀ ਸੂਬੇਦਾਰੀ ਕਰ ਸਕੇਗਾ; ਤੇ ਨਾਲੇ ਉਹ ਸਾਡਾ ਵਫ਼ਾਦਾਰ ਵੀ ਹੈ। ਅਖ਼ੀਰ ਅਹਿਮਦ ਸ਼ਾਹ ਨੂੰ ਸਮਝ ਆ ਗਈ ਤੇ ਉਸ ਨੇ ਅਮਰ ਸਿੰਘ ਨੂੰ ਸਾਹਰਿੰਦ ਦੀ ਸੂਬੇਦਾਰੀ ਸੌਂਪ ਕੇ **'ਰਾਜਾ-ਇ-ਰਾਜਗਾਂ'** ਦਾ ਖ਼ਿਤਾਬ ਵੀ ਦੇ ਦਿਤਾ । ਇਸ 'ਤੇ ਪਟਿਆਲੇ ਰਾਜੇ ਨੇ ਆਪਣੇ ਆਪ ਨੂੰ "ਅਮਰ ਸਿੰਘ ਬਮਜ਼ਈ" ਲਿਖਣਾ ਸ਼ੁਰੂ ਕਰ ਦਿਤਾ। (ਕਿਉਂਕਿ ਅਮਰ ਸਿੰਘ ਨੂੰ ਰਿਹਾ ਕਰਵਾਉਣ ਵਾਲਾ ਵਜ਼ੀਰ, ਸ਼ਾਹ ਵਲੀ ਖ਼ਾਨ, ਖ਼ੁਦ 'ਬਮਜ਼ਈ ਕਬੀਲੇ' ਵਿਚੋਂ ਸੀ)।

## ਰਾਣੀ ਰਾਜ ਕੌਰ

ਬੀਬੀ ਰਾਜ ਕੌਰ ਪਟਿਆਲਾ ਰਾਜਾ ਅਮਰ ਸਿੰਘ ਦੀ ਪਤਨੀ ਸੀ। ਇਸ ਦੀ ਕੁੱਖੋਂ ਸ. ਪ੍ਰਕਾਸ਼ ਸਿੰਘ ਤੇ ਬੀਬੀ ਸਾਹਿਬ ਕੌਰ ਪੈਦਾ ਹੋਏ ਸਨ।

## ਰਾਣੀ ਬਸੰਤ ਕੌਰ ਪਟਿਆਲਾ

ਬੀਬੀ ਬਸੰਤ ਕੌਰ ਦਾ ਜਨਮ ਪਟਿਆਲੇ ਦੇ ਰਾਜੇ ਨਰਿੰਦਰ ਸਿੰਘ ਦੇ ਘਰ ਹੋਇਆ ਸੀ। ਇਸ ਦਾ ਵਿਆਹ ਕੁਲਿੰਦਰ ਸਿੰਘ ਪੁੱਤਰ ਸ. ਭਗਵੰਤ ਸਿੰਘ ਦਿਆਲਪੁਰਾ ਦੇ ਨਾਲ ਹੋਇਆ। ਇਸ ਦਾ ਘਰ ਇਕ ਪੁੱਤਰ ਨਿਹਾਲ ਸਿੰਘ ਪੈਦਾ ਹੋਇਆ।

## ਮਹਾਰਾਣੀ ਆਸ ਕੌਰ

ਮਹਾਰਾਣੀ ਆਸ ਕੌਰ ਭਾਈ ਗੁਰਦਾਸ ਸਿੰਘ ਦੀ ਬੇਟੀ ਸਨ। ਇਨ੍ਹਾਂ ਦਾ ਵਿਆਹ 1792 ਵਿਚ ਪਟਿਆਲੇ ਦੇ ਰਾਜੇ ਸਾਹਿਬ ਸਿੰਘ ਨਾਲ ਹੋਇਆ। 1798 ਵਿਚ ਇਨ੍ਹਾਂ ਦੇ ਘਰ ਇਕ ਪੁੱਤਰ ਪੈਦਾ ਹੋਇਆ, ਜਿਸ ਦਾ ਨਾਂ ਕਰਮ

ਸਿੰਘ ਰੱਖਿਆ ਗਿਆ। ਅਜੇ ਕਰਮ ਸਿੰਘ ਛੇ ਸਾਲ ਦਾ ਹੀ ਸੀ ਕਿ ਮਹਾਰਾਜਾ ਸਾਹਿਬ ਸਿੰਘ ਦੀ ਮੌਤ ਹੋ ਗਈ। ਮਹਾਰਾਣੀ ਆਸ ਕੌਰ ਨੇ ਰਿਆਸਤ ਦਾ ਕੰਮ ਬਹੁਤ ਸੂਝ-ਬੂਝ ਨਾਲ ਚਲਾਇਆ। ਮਹਾਰਾਣੀ ਨੇ ਉਦੋਂ ਤੱਕ ਰਾਜ ਕੀਤਾ ਜਦੋਂ ਤਕ ਕਰਮ ਸਿੰਘ ਬਾਲਗ ਨਹੀਂ ਹੋ ਗਿਆ। ਫਿਰ ਕਰਮ ਸਿੰਘ ਨੂੰ ਪਟਿਆਲਾ ਰਿਆਸਤ ਦਾ ਕੰਮ ਸੌਂਪ ਕੇ ਮਹਾਰਾਣੀ ਆਸ ਕੌਰ 1821 ਵਿਚ ਪਟਿਆਲੇ ਦੇ ਨੇੜੇ ਹੀ ਪੈਂਦੇ ਨਗਰ ਸਨੌਰ ਚਲੇ ਗਏ। ਬਾਕੀ ਦੀ ਉਮਰ ਬੀਬੀ ਨੇ ਇਥੇ ਹੀ ਬਿਤਾਈ।

## ਰਾਣੀ ਰਤਨ ਕੌਰ

ਬੀਬੀ ਰਤਨ ਕੌਰ, ਭੰਗੀ ਮਿਸਲ ਦੇ ਸ. ਗੰਡਾ ਸਿੰਘ ਦੀ ਪੁੱਤਰੀ ਸੀ। 1787 ਵਿਚ ਇਸ ਦਾ ਵਿਆਹ ਪਟਿਆਲੇ ਦੇ ਰਾਜੇ ਸਾਹਿਬ ਸਿੰਘ ਨਾਲ ਹੋਇਆ।

## ਰਾਣੀ ਸਾਹਿਬ ਕੌਰ (ਸ਼ੇਰਨੀ)

ਰਾਣੀ ਸਾਹਬ ਕੌਰ ਪਟਿਆਲਾ ਸਟੇਟ ਦੇ ਰਾਜੇ ਅਮਰ ਸਿੰਘ ਦੀ ਬੇਟੀ ਸੀ। ਇਸ ਦਾ ਵਿਆਹ ਕਨੱਈਆ ਮਿਸਲ ਦੇ ਸਰਦਾਰ ਹਕੀਕਤ ਸਿੰਘ ਪੁੱਤਰ ਸ. ਜੈਮਲ ਸਿੰਘ ਨਾਲ 1777 ਵਿਚ ਹੋਇਆ ਸੀ। ਜਦੋਂ ਇਸ ਦੇ ਪਿਤਾ ਰਾਜਾ ਅਮਰ ਸਿੰਘ ਚੜ੍ਹਾਈ ਕਰ ਗਏ ਤਾਂ ਬੀਬੀ ਦਾ ਭਰਾ ਸਾਹਿਬ ਸਿੰਘ ਅਜੇ ਨਾਬਾਲਗ ਸੀ। ਬੀਬੀ ਜੀ ਨੇ ਉਸ ਦੇ ਬਾਲਗ ਹੋਣ ਤਕ ਪਟਿਆਲਾ ਸਟੇਟ ਦਾ ਰਾਜਕਾਜ ਸੰਭਾਲਿਆ। ਸਾਹਿਬ ਕੌਰ ਇਕ ਬਹੁਤ ਬਹਾਦਰ ਔਰਤ ਸੀ। ਇਸ ਨੇ ਆਪਣੇ ਭਰਾ ਦੀ ਸਲਤਨਤ ਬਚਾਉਣ ਲਈ ਬਹੁਤ ਜੱਦੋਜਹਿਦ ਕੀਤੀ। ਇਸ ਨੇ 1793 ਵਿਚ ਮਰਹਟਿਆਂ ਦੀਆਂ ਫ਼ੌਜਾਂ ਵੱਲੋਂ ਕਤਿ ਹਮਲੇ ਦਾ ਮੂੰਹ ਤੋੜਵਾਂ ਜੁਆਬ ਦਿਤਾ। ਇਕ ਵਾਰ ਹਾਂਸੀ ਦੇ ਹਾਕਮ ਜਾਰਜ ਥਾਮਸ ਨੇ ਵੀ ਪਟਿਆਲਾ 'ਤੇ ਕਬਜ਼ਾ ਕਰਨ ਦੀ ਸਕਮਿ ਬਣਾਈ ਪਰ ਬੀਬੀ ਨੇ ਉਸ ਦੀਆਂ ਫ਼ੌਜਾਂ ਵੀ ਸਟੇਟ ਦੇ ਨੇੜੇ ਨਾ ਢੁਕਣ ਦਿੱਤੀਆਂ।

ਜਦੋਂ ਰਾਜਾ ਸਾਹਬ ਸਿੰਘ ਜੁਆਨ ਹੋ ਗਿਆ ਤਾਂ ਰਾਜ ਤਖ਼ਤ 'ਤੇ ਬੈਠਾ ਤੇ ਉਸ ਨੇ ਆਪਣੀਆਂ ਮਨਮਰਜ਼ੀ ਕਰਨੀ ਸ਼ੁਰੂ ਕਰ ਦਿੱਤੀ। ਰਾਜ ਦਰਬਾਰ ਵਿਚ ਹੀ ਇਕ ਨਾਨੂ ਮਲ ਦਾ ਸਾਜਿਸ਼ੀ ਬੰਦਾ ਸੀ। ਪਹਿਲਾਂ ਤੇ ਉਸ ਦੀ ਕੋਈ ਸਾਜਿਸ਼ ਕਾਮਯਾਬ ਨਾ ਹੋਈ; ਫਿਰ ਉਸ ਨੇ ਆਪਣੇ ਵਰਗੇ ਹੋਰ ਕਈ ਸਿੱਖ-ਵਿਰੋਧੀ ਬੰਦੇ ਦਰਬਾਰ ਵਿੱਚ ਰਖਵਾ ਲਏ ਤੇ ਆਪਣੀ ਤਾਕਤ ਵਧਾ ਲਈ। ਉਹ ਪਟਿਆਲਾ ਸਟੇਟ ਨੂੰ ਖ਼ਤਮ ਹੋਈ ਵੇਖਣਾ ਚਾਹੁੰਦਾ ਸੀ। ਉਸ ਨੇ

ਸਾਹਿਬ ਸਿੰਘ ਨੂੰ ਵੀ ਰਾਣੀ ਸਾਹਿਬ ਕੌਰ ਦੇ ਖਿਲਾਫ਼ ਭੜਕਾ ਦਿੱਤਾ। ਕੰਨਾਂ ਦੇ ਕੱਚੇ ਅਲ੍ਹੜ ਸਾਹਿਬ ਸਿੰਘ ਨੇ ਰਾਣੀ ਸਾਹਿਬ ਕੌਰ ਨੂੰ ਪਟਿਆਲੇ ਵਿਚੋਂ ਨਿਕਲ ਜਾਣ ਦਾ ਹੁਕਮ ਤਕ ਜਾਰੀ ਕਰ ਦਿਤਾ। ਫਿਰ ਉਸ ਤੋਂ ਉਹ ਹਾਥੀ ਵੀ ਖੋਹ ਲਿਆ ਜੋ ਨਾਹਨ ਦੇ ਰਾਜੇ ਨੇ ਰਾਣੀ ਸਾਹਬ ਕੌਰ ਨੂੰ ਬਤੌਰ ਤੋਹਫ਼ਾ ਦਿਤਾ ਸੀ। ਇਸ ਨੇ ਰਾਣੀ ਸਾਹਿਬ ਕੌਰ ਦਾ ਦਿਲ ਤੋੜ ਦਿੱਤਾ ਅਤੇ ਉਹ ਪਟਿਆਲਾ ਛੱਡ ਕੇ ਉਭੇਵਾਲ ਚਲੀ ਗਈ। ਸਾਹਿਬ ਸਿੰਘ ਨੇ ਰਾਣੀ ਪਿੱਛੇ ਫਿਰ ਫ਼ੌਜਾਂ ਘਲ ਦਿੱਤੀਆਂ। ਇਸ 'ਤੇ ਦੋਵਾਂ ਦੀਆਂ ਫੌਜਾਂ ਵਿਚਕਾਰ ਜੰਮ ਕੇ ਲੜਾਈ ਹੋਈ। ਇਸ ਲੜਾਈ ਵਿਚ ਸਾਹਿਬ ਸਿੰਘ ਦੀ ਬਹੁਤ ਫ਼ੌਜ ਮਾਰੀ ਗਈ। ਫਿਰ ਕੈਥਲ ਦੇ ਭਾਈ ਲਾਲ ਸਿੰਘ ਨੇ ਦੋਵਾਂ ਭੈਣ ਭਰਾਵਾਂ ਵਿੱਚ ਸਮਝੌਤਾ ਕਰਾ ਦਿਤਾ। ਪਰ ਰਾਣੀ ਆਪਣੇ ਭਰਾ ਦੀ ਅਹਿਸਾਨ-ਫ਼ਰਾਮੋਸ਼ੀ ਦਾ ਸਦਮਾ ਜਰ ਨਾ ਸਕੀ ਤੇ 1799 ਵਿਚ ਚੜ੍ਹਾਈ ਕਰ ਗਈ। ਉਹ ਇਕ ਬਹੁਤ ਬਹਾਦਰ ਔਰਤ ਸੀ ਅਤੇ ਜੰਗ ਦੇ ਮੈਦਾਨ ਵਿਚ ਆਪ ਫ਼ੌਜਾਂ ਦੀ ਅਗਵਾਈ ਕਰਿਆ ਕਰਦੀ ਸੀ। ਇਸ ਨੇ ਸਾਰੀ ਉਮਰ ਪਟਿਆਲਾ ਸਲਤਨਤ ਬਚਾਉਣ ਲਈ ਲਾ ਦਿੱਤੀ ਸੀ।

## ਰਾਣੀ ਰਜਿੰਦਰ ਕੌਰ

ਬੀਬੀ ਰਜਿੰਦਰ ਕੌਰ ਦਾ ਜਨਮ ਕੰਵਰ ਭੂਮੀਆ ਸਿੰਘ (ਪੁੱਤਰ ਬਾਬਾ ਆਲਾ ਸਿੰਘ) ਦੇ ਘਰ 1739 ਵਿਚ ਪਟਿਆਲਾ ਵਿਚ ਹੋਇਆ ਸੀ। 1751 ਵਿਚ ਇਸ ਦਾ ਵਿਆਹ ਚੌਧਰੀ ਤ੍ਰਿਲੋਕ ਚੰਦ ਫਗਵਾੜਾ ਨਿਵਾਸੀ ਨਾਲ ਹੋਇਆ। ਬੀਬੀ ਰਜਿੰਦਰ ਕੌਰ ਦੇ ਅਜੇ ਇਕ ਹੀ ਬੇਟੀ ਪੈਦਾ ਹੋਈ ਸੀ ਕਿ ਪਤੀ ਚੜ੍ਹਾਈ ਕਰ ਗਏ। ਇਹ ਇਕ ਬਹੁਤ ਹੀ ਬਹਾਦਰ ਤੇ ਸੂਝਵਾਨ ਔਰਤ ਸੀ। ਜਦੋਂ ਵੀ ਪਟਿਆਲਾ ਦਰਬਾਰ ਵਿਚ ਕੋਈ ਮੁਸ਼ਕਲ ਆਉਂਦੀ ਤਾਂ ਬੀਬੀ ਰਜਿੰਦਰ ਕੌਰ ਬੀਬੀ ਸਾਹਿਬ ਕੌਰ ਵਾਂਗ ਆਪਣੇ ਭਰਾ ਸਾਹਿਬ ਸਿੰਘ ਕੋਲ ਪੁਜਦੀ, ਉਸ ਦੀ ਮਦਦ ਕਰਦੀ ਤੇ ਉਸ ਨੂੰ ਹਰ ਮੁਸੀਬਤ ਤੋਂ ਬਚਾਅ ਲੈਂਦੀ ਸੀ।

ਉਸ ਨੇ ਇਕ ਵਾਰ ਮਰਹਟਿਆਂ ਦੇ ਹਮਲੇ ਦਾ ਐਸਾ ਮੂੰਹ ਤੋੜਵਾਂ ਜਵਾਬ ਦਿਤਾ ਕਿ ਮਰਹਟੇ ਮੁੜ ਕੇ ਪਟਿਆਲੇ ਵੱਲ ਤਕ ਨਾ ਸਕੇ। ਇਸ ਦੇ ਨਾਲ ਹੀ ਉਸ ਨੇ ਰਾਜ ਦੇ ਇਕ ਦਰਬਾਰੀ ਨਾਨੂ ਮਲ ਦੀਆਂ ਸਾਜ਼ਿਸ਼ਾਂ ਤੋਂ ਪਟਿਆਲਾ ਸਟੇਟ ਨੂੰ ਬਚਾਈ ਰਖਿਆ। ਬੀਬੀ ਰਜਿੰਦਰ ਕੌਰ ਦੀ ਮੌਤ ਪਟਿਆਲਾ ਵਿਚ ਹੀ ਹੋਈ ਸੀ।

# ਰਾਣੀ ਦੇਸਾਂ (ਨਾਭਾ)

ਰਾਣੀ ਦੇਸਾਂ ਭਾਈ ਮਖਣ ਸਿੰਘ ਦੀ ਪੁੱਤਰੀ ਤੇ ਨਾਭੇ ਦੇ ਰਾਜੇ ਹਮੀਰ ਸਿੰਘ ਦੀ ਪਤਨੀ ਸੀ। 1775 ਈ. ਨੂੰ ਜੀਂਦ ਦੇ ਰਾਜੇ ਰਾਜਪਤ ਸਿੰਘ ਨੇ ਰਾਜਾ ਹਮੀਰ ਸਿੰਘ ਨੂੰ ਕੈਦ ਕਰ ਲਿਆ ਤੇ ਸੰਗਰੂਰ ਤੇ ਹਮਲਾ ਕਰ ਦਿਤਾ। ਰਾਣੀ ਦੇਸਾਂ ਬਹਾਦਰੀ ਨਾਲ ਲੜੀ। ਰਾਜਾ ਰਾਜਪਤ ਸਿੰਘ ਜੀਂਦ ਨੇ ਚਾਰ ਮਹੀਨੇ ਘੇਰਾ ਪਾ ਛਡਿਆ ਪਰ ਰਾਣੀ ਅੱਗੋਂ ਡੱਟ ਕੇ ਮੁਕਾਬਲਾ ਕਰਦੀ ਰਹੀ। ਅਖੀਰ ਤੇ ਰਾਜੇ ਰਾਜਪਤ ਸਿੰਘ ਨੂੰ 1783 ਵਿੱਚ ਰਾਜਾ ਹਮੀਰ ਸਿੰਘ ਨਾਭਾ ਰਿਹਾਅ ਕਰਨਾ ਪਿਆ। ਇਸੇ ਸਾਲ ਰਾਜਾ ਹਮੀਰ ਸਿੰਘ ਨਾਭਾ ਪੂਰਾ ਹੋ ਗਿਆ ਤੇ ਸਟੇਟ ਦਾ ਪ੍ਰਬੰਧ ਨਾਬਾਲਗ ਪੁੱਤਰ ਜਸਵੰਤ ਸਿੰਘ ਦੇ ਬਾਲਗ ਹੋਣ ਤੱਕ ਆਪ ਕਰਨ ਲੱਗੀ। 1789 ਨੂੰ ਜਸਵੰਤ ਸਿੰਘ ਨੇ ਆਪਣੀ ਮਾਂ ਦੇ ਸੇਵਕ ਪੰਡਤ ਸਰਵਣ ਨੂੰ ਰਿਸ਼ਵਤ ਦੇ ਕੇ, ਰਾਣੀ ਦੇਸਾਂ ਦੇ ਖਾਣੇ ਵਿਚ ਜ਼ਹਿਰ ਮਿਲਾ ਕੇ ਦਿਵਾ ਦਿਤੀ ਤੇ ਰਾਣੀ ਦੇਸਾਂ ਨਾਭਾ ਖਤਮ ਹੋ ਗਈ।

# ਰਾਣੀ ਸੋਭਾ ਕੌਰ

ਬੀਬੀ ਸੋਭਾ ਕੌਰ ਨਾਭਾ ਸਟੇਟ ਦੇ ਰਾਜਾ ਹਮੀਰ ਸਿਘ ਦੀ ਪੁੱਤਰੀ ਸੀ। ਇਸ ਦਾ ਵਿਆਹੀ ਭੰਗੀ ਮਿਸਲ ਦੇ ਭਾਈ ਸਾਹਿਬ ਸਿੰਘ, ਹਾਕਮ ਗੁਜਰਾਤ, ਨਾਲ ਹੋਇਆ ਸੀ।

# ਰਾਣੀ ਰਾਜ ਕੌਰ

ਬੀਬੀ ਰਾਜ ਕੌਰ, ਨਾਭਾ ਨਰੇਸ਼, ਹਮੀਰ ਸਿੰਘ ਦੀ ਪਤਨੀ ਸੀ। ਇਸ ਨੇ ਰਾਜਾ ਜਸਵੰਤ ਸਿੰਘ ਨਾਭਾ ਨੂੰ ਜਨਮ ਦਿੱਤਾ।

# ਰਾਣੀ ਚੰਦ ਕੌਰ ਨਾਭਾ

ਰਾਣੀ ਚੰਦ ਕੌਰ ਭਾਈ ਰਾਮ ਸਿੰਘ ਦੀ ਪੁੱਤਰੀ ਸਨ ਤੇ ਨਾਭਾ ਦੇ ਰਾਜਾ ਜਸਵੰਤ ਸਿੰਘ ਦੀ ਰਾਣੀ ਸੀ। ਇਹ ਇੱਕ ਬਹੁਤ ਹੀ ਸਮਝਦਾਰ, ਰਾਜ ਕਾਜ ਦੇ ਕੰਮਾਂ ਵਿੱਚ ਨਿਪੁੰਨ ਸੀ। ਰਾਣੀ ਚੰਦ ਕੌਰ ਨੇ ਆਪਣੇ ਪੁੱਤਰ ਰਾਜਾ ਭੁਪਿੰਦਰ ਸਿੰਘ ਨੂੰ ਇਕਲੇ ਮਹਿਸੂਸ ਕਰਦੇ ਹੋਏ ਨੂੰ, ਪੁੱਤਰ ਦੇ ਨਾਮ ਰਾਜਕਾਜ ਦੇ ਕੰਮਾਂ ਨੂ ਬਹੁਤ ਨਿਪੁੰਨਤਾ ਨਾਲ ਨਿਭਾਇਆ।

# ਬੀਬੀ ਸ਼ਰਨ ਕੌਰ

ਬੀਬੀ ਸ਼ਰਨ ਕੌਰ/ਸ਼ਰਨਾਗਤ ਕੌਰ ਕਰਮ ਚੰਦ ਦੀ ਬੇਟੀ ਸੀ। ਇਸ ਦਾ ਵਿਆਹ ਭਾਈ ਭੀਮ ਸੈਨ ਨਾਲ ਹੋਇਆ ਸੀ। ਜਦੋਂ ਇਸ ਨੂੰ ਵਿਆਹ ਕੇ ਲੈ ਜਾ ਰਹੇ ਸਨ ਤਾਂ ਡਾਕੂ ਅੱਲਾ ਦਿੱਤਾ ਇਸ ਨੂੰ ਚੁੱਕ ਕੇ ਲੈ ਗਿਆ। ਕਰਮ ਚੰਦ, ਭੀਮ ਸੈਨ ਤੇ ਹੋਰ ਬਰਾਤੀਆਂ ਨੇ ਸ. ਹਰੀ ਸਿੰਘ ਨਲੂਆ ਕੋਲ ਜਾ ਫਰਿਆਦ ਕੀਤੀ। ਸ. ਹਰੀ ਸਿੰਘ ਨਲੂਆ ਨੇ ਉਸੇ ਵੇਲੇ ਭਾਈ ਪਹਾੜਾ ਸਿੰਘ ਦੀ ਕਮਾਨ ਹੇਠ ਫੌਜ ਦੀ ਟੁਕੜੀ ਭੇਜ ਦਿਤੀ; ਤੇ ਭਾਈ ਪਹਾੜਾ ਸਿੰਘ ਡਾਕੂ ਸਮੇਤ ਡੋਲਾ ਵਾਪਸ ਲੈ ਆਏ। ਸ. ਹਰੀ ਸਿੰਘ ਨੇ ਡਾਕੂ ਨੂੰ ਤੇ ਸਜ਼ਾ ਦਿੱਤੀ ਤੇ ਬੀਬੀ ਨੂੰ ਪਤੀ ਦੇ ਨਾਲ ਜਾਣ ਵਾਸਤੇ ਕਿਹਾ; ਪਰ ਬੀਬੀ ਨੇ ਉਨ੍ਹਾਂ (ਨਲਵਾ) ਕੋਲ ਰਹਿ ਕੇ ਹੀ ਸੇਵਾ ਕਰਨ ਨੂੰ ਖ਼ਾਹਿਸ਼ ਜ਼ਾਹਿਰ ਕੀਤੀ। ਕੁਝ ਚਿਰ ਮਗਰੋਂ ਦੋਵੇਂ ਪਤੀ ਪਤਨੀ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜ ਗਏ ਤੇ ਇਹ ਜੋੜਾ ਸ: ਨਲਵਾ ਦੀ ਸੇਵਾ ਕਰਨ ਲਗ ਪਿਆ। 1837 ਵਿੱਚ ਸ. ਹਰੀ ਸਿੰਘ ਨਲੂਆ ਜਮਰੌਦ ਦੇ ਕਿਲ੍ਹੇ ਵਿੱਚ ਸ਼ਹੀਦ ਹੋ ਗਏ। ਇਸ ਖ਼ਬਰ ਨੂੰ ਬਿਲਕੁਲ ਖ਼ੁਫ਼ੀਆ ਰਖਣਾ ਸੀ ਤੇ ਰਣਜਤਿ ਸਿੰਘ ਨੂੰ ਪਹੁੰਚਾਉਣੀ ਸੀ। ਇਸ ਦੀ ਜਿੰਮੇਵਾਰੀ ਬੀਬੀ ਸ਼ਰਨ ਕੌਰ ਨੇਂ ਲਈ। ਇਸ ਨੇ ਮੁਸਲਮਾਨੀ ਲਿਬਾਸ ਵਿਚ ਪਿਸ਼ਾਵਰ ਪੁੱਜ ਕੇ ਖਬਰ ਦਿੱਤੀ ਤੇ ਉਸੇ ਵੇਲੇ ਸਿੱਖ ਫ਼ੌਜਾਂ ਜਮਰੌਦ ਦੇ ਕਿਲ੍ਹੇ ਵਿੱਚ ਪੁਜ ਗਈਆਂ ਤੇ ਕਿਲ੍ਹੇ ਨੂੰ ਪਠਾਣਾਂ ਤੋਂ ਬਚਾਇਆ ਜਾ ਸਕਿਆ।

ਮਹਾਰਾਜਾ ਰਣਜੀਤ ਸਿੰਘ ਨੇ ਬੀਬੀ ਸ਼ਰਨ ਕੌਰ ਦਾ ਲਾਹੌਰ ਦਰਬਾਰ ਵਿਚ ਸਨਮਾਨ ਕੀਤਾ ਤੇ ਦੋਵੇਂ ਜੀ ਲਾਹੌਰ ਦਰਬਾਰ ਦੀ ਸੇਵਾ ਵਿਚ ਰਹੇ। ਪਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਗ਼ਦਾਰਾਂ ਨੇ ਸਾਜਿਸ਼ਾਂ ਦਾ ਦੌਰ ਚਲਾ ਦਿਤਾ ਜਿਸ ਤੋਂ ਦੁਖੀ ਹੋ ਕੇ ਇਹ ਦੋਵੇਂ ਜੀਅ ਲਾਹੌਰ ਦਰਬਾਰ ਤੋਂ ਵਾਪਸ ਆਪਣੇ ਵਤਨ ਪਰਤ ਗਏ।

# ਬੀਬੀ ਗੁਲਾਬ ਕੌਰ ਗ਼ਦਰ ਪਾਰਟੀ

ਬੀਬੀ ਗੁਲਾਬ ਕੌਰ, ਸੰਗਰੂਰ ਜ਼ਿਲ੍ਹੇ ਦੇ ਪਿੰਡ ਬਖ਼ਸ਼ੀਵਾਲਾ ਦੀ ਰਹਿਣ ਵਾਲੀ ਸੀ। ਇਸ ਦਾ ਵਿਆਹ ਭਾਈ ਭਗਵਾਨ ਸਿੰਘ ਨਾਲ ਹੋਇਆ। ਇਹ ਆਪਣੇ ਪਤੀ ਦੇ ਨਾਲ ਹਾਂਗਕਾਂਗ, ਜਾਪਾਨ, ਫਿਲਪਾਇਨ ਆਦਿ ਥਾਂਵਾਂ 'ਤੇ ਗਈ। 1914 ਵਿਚ ਜਦੋਂ ਗ਼ਦਰ ਲਹਿਰ ਸਿਖਰਾਂ 'ਤੇ ਸੀ, ਉਦੋਂ ਇਹ ਜੋੜਾ ਸਾਨਫ਼ਰਾਂਸਿਸਕੋ (ਅਮਰੀਕਾ) ਵਿਚ ਸੀ। ਇਹ ਦੋਵੇਂ ਜੀਅ ਵੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਏ ਸਨ। ਗੁਲਾਬ ਕੌਰ ਗੁਰਦੁਆਰਿਆਂ ਵਿਚ ਤੇ ਗਦਰ ਪਾਰਟੀ ਦੀਆਂ ਮੀਟਿੰਗਾਂ ਵਿਚ ਜੋਸ਼ੀਲੇ ਲੈਕਚਰ ਦੇਂਦੀ ਹੁੰਦੀ ਸੀ, ਪਰ ਇਸ ਦੇ ਪਤੀ ਭਗਵਾਨ ਸਿੰਘ ਕੁਝ ਡਰਪੋਕ ਸੁਭਾਅ ਦਾ ਸੀ। ਜਦੋਂ ਪਹਿਲਾ ਕਾਮਾਗਾਟਾਮਾਰੂ ਜਹਾਜ਼ ਦੇਸ਼ ਭਗਤ ਗ਼ਦਰੀਆਂ ਦਾ ਤੁਰਿਆ ਤਾਂ ਇਸ ਨੇ ਆਪਣੇ ਪਤੀ ਨੂੰ ਵੀ ਨਾਲ ਚਲਣ ਨੂੰ ਕਿਹਾ। ਪਰ ਉਹ ਨਾਂਹ ਕਰ ਗਿਆ। ਇਸ ਨੇ ਹੱਥਾਂ ਦੀਆਂ ਚੂੜੀਆਂ ਲਾਹ ਕੇ, ਵਗਾਹ ਕੇ, ਪਰਾਂ ਸੁੱਟ ਦਿਤੀਆਂ ਤੇ ਜੱਥੇ ਦੇ ਨਾਲ ਅਗੇ ਲਗ ਕੇ ਤੁਰ ਪਈ।

ਜਦੋਂ ਜਹਾਜ਼ ਬਜਬਜ ਘਾਟ 'ਤੇ ਕਲਕੱਤੇ ਪੁੱਜਾ ਉੱਥੇ ਗੋਲੀ ਚਲ ਗਈ। ਇਸ ਮਗਰੋਂ ਸਾਰੇ ਮੁਸਾਫ਼ਿਰ ਗ੍ਰਿਫ਼ਤਾਰ ਕਰ ਲਏ ਗਏ। ਸਰਕਾਰ ਨੇ ਇਸ ਨੂੰ ਇਕ ਬੀਬੀ ਜਾਣਦਿਆਂ ਗ੍ਰਿਫ਼ਤਾਰ ਨਾ ਕੀਤਾ ਤੇ ਇਹ ਚਬ ਕੇ ਨਿਕਲ ਗਈ। ਇਸ ਨੇ ਪਾਰਟੀ ਦਾ ਕੰਮ ਬੜੀ ਮਿਹਨਤ ਤੇ ਚੁਸਤੀ ਨਾਲ ਜਾਰੀ ਰਖਿਆ। ਅਖ਼ੀਰ ਸੂਹ ਮਿਲ ਜਾਣ ਤੇ ਅੰਗਰੇਜ਼ੀ ਸਰਕਾਰ ਨੇ ਬੀਬੀ ਗੁਲਾਬ ਕੌਰ ਨੂੰ ਗ੍ਰਿਫ਼ਤਾਰ ਕਰ ਕੇ ਉਸ 'ਤੇ ਮੁਕੱਦਮਾ ਚਾਲਇਆ ਅਤੇ ਪੰਜ ਸਾਲ ਸਖ਼ਤ ਜੇਲ੍ਹ ਦੀ ਸਜ਼ਾ ਦਿਤੀ। ਪੰਜ ਸਾਲ ਸਖਤ ਜੇਲ੍ਹ ਕੱਟਣ ਤੋਂ ਬਾਅਦ 1921 ਵਿਚ ਉਸ ਨੂੰ ਰਿਹਾ ਕੀਤਾ ਗਿਆ। ਇਸ ਮਗਰੋਂ ਉਹ ਆਪਣੇ ਭਰਾ ਅਮਰ ਸਿੰਘ ਕੋਲ ਕੋਟਲਾ ਨੌਧ ਸਿੰਘ ਵਿਖੇ ਚਲੀ ਗਈ। ਉਹ ਇੱਥੇ ਵੀ ਗੁਰਦੁਆਰਾ ਵਿਚ ਸੇਵਾ ਕਰਦੀ ਰਹੀ ਤੇ ਅਨਪੜ੍ਹ ਬੀਬੀਆਂ ਨੂੰ ਪੜ੍ਹਾਈ ਕਰਵਾਉਂਦੀ ਰਹੀ। ਬੀਬੀ ਗੁਲਾਬ ਕੌਰ ਦਾ ਆਖ਼ਰੀ ਸਮਾਂ ਆਪਣੇ ਭਰਾ ਕੋਲ ਕੋਟਲਾ ਨੌਧ ਸਿੰਘ ਵਿਖੇ ਹੀ ਆਇਆ।

# ਸ਼ਹੀਦ ਬੀਬੀ ਬਲਬੀਰ ਕੌਰ (ਜੈਤੋ)

ਜੁਲਾਈ 1923 ਵਿਚ ਰਾਜਾ ਨਾਭਾ ਨੂੰ ਅੰਗਰੇਜ਼ ਸਰਕਾਰ ਨੇ ਗੱਦੀਓਂ ਲਾਹ ਦਿੱਤਾ ਤਾਂ ਸ਼੍ਰੋਮਣੀ ਕਮੇਟੀ ਨੇ ਇਸ ਦੇ ਖ਼ਿਲਾਫ਼ ਜੱਦੋਜਹਿਦ ਕਰਨ ਦਾ ਐਲਾਣ ਕਰ ਦਿੱਤਾ। ਇਸ ਸਬੰਧ ਵਿਚ ਜੈਤੋ ਵਿਚ ਇਕ ਗੁਰਦੁਆਰੇ ਵਿਚ ਪਾਠ ਹੋ ਰਿਜਾ ਸੀ ਤਾਂ ਪੁਲੀਸ ਨੇ ਗ੍ਰੰਥੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਨੂੰ ਗ੍ਰਿਫ਼ਤਾਰ ਕਰ ਲਿਆ। ਸਿੱਖਾਂ ਵਿਚ ਇਸ ਦੇ ਖ਼ਿਲਾਫ਼ ਬਹੁਤ ਰੋਸ ਹੋਇਆ। ਸਿੱਖਾਂ ਨੇ ਮੋਰਚਾ ਲਾ ਦਿੱਤਾ ਤੇ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਇਸ ਤਰ੍ਹਾਂ ਕਈ ਮਹੀਨੇ ਚਲਦਾ ਰਿਹਾ।

ਜੈਤੋ ਵਿਚ ਅਖੰਡ ਪਾਠ ਰੋਕਣ ਦੇ ਖ਼ਿਲਾਫ਼ ਲਾਏ ਮੋਰਚੇ ਦਾ ਜਦ ਕੋਈ ਨਤੀਜਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰਨ ਵਾਸਤੇ 500 ਸਿੱਖਾਂ ਦਾ 'ਸ਼ਹੀਦੀ ਜਥਾ' ਭੇਜਿਆ ਜਾਏਗਾ। ਇਸ ਜਥੇ ਨੇ 9 ਫ਼ਰਵਰੀ 1924 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 21 ਫ਼ਰਵਰੀ ਨੂੰ ਜੈਤੋ ਪੁੱਜਣਾ ਸੀ।

9 ਫਰਵਰੀ ਦੇ ਦਿਨ ਜਦੋਂ ਇਹ ਜਥਾ ਅਕਾਲ ਤਖ਼ਤ ਸਾਹਿਬ ਤੋਂ ਚੱਲਿਆ ਤਾਂ ਇਸ ਨੂੰ ਵਿਦਾਇਗੀ ਦੇਣ ਵਾਸਤੇ 30 ਹਜ਼ਾਰ ਸਿੱਖ ਦਰਬਾਰ ਸਾਹਿਬ ਪੁੱਜੇ। ਜਥਾ ਵੱਖ-ਵੱਖ ਪੜਾਅ ਕਰਦਾ 20 ਫ਼ਰਵਰੀ ਦੇ ਦਿਨ ਬਰਗਾੜੀ (ਰਿਆਸਤ ਫ਼ਰੀਦਕੋਟ) ਪੁੱਜਾ। ਅਗਲੇ ਦਿਨ 21 ਫਰਵਰੀ ਨੂੰ ਜਦੋਂ ਜਥਾ ਜੈਤੋ ਪੁੱਜਾ ਤਾਂ ਵਿਲਸਨ ਜਾਨਸਟਨ ਨੇ ਫ਼ੌਜ ਨੂੰ ਜਥੇ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਗੋਲੀ ਨਾਲ ਦਰਜਨਾਂ ਸਿੱਖ ਸ਼ਹੀਦ ਹੋ ਗਏ ਤੇ ਦੋ ਸੌ ਤੋਂ ਵਧ ਜ਼ਖ਼ਮੀ ਹੋ ਗਏ। ਇਨ੍ਹਾਂ ਵਿਚ ਮਰਦ, ਔਰਤਾਂ ਤੇ ਬੱਚੇ ਵੀ ਸ਼ਾਮਿਲ ਸਨ। ਇਕ ਸੋਮੇ ਮੁਤਾਬਿਕ ਅੰਗਰੇਜ਼ੀ ਫ਼ੌਜ ਨੇ 27 ਹਜ਼ਾਰ ਕਾਰਤੂਸ ਚਲਾਏ ਤੇ ਜੇ ਕਰ ਗੋਲੀ ਵਿੱਚੇ ਫਸ ਜਾਣ ਕਾਰਨ ਮਸ਼ੀਨ ਗੰਨ ਨਾ ਰੁਕਦੀ ਤਾਂ ਪਤਾ ਨਹੀਂ ਕਿੰਨੀਆਂ ਹੋਰ ਸ਼ਹੀਦੀਆਂ ਹੋ ਜਾਣੀਆਂ ਸਨ। ਗੋਲੀ ਚਲਣੀ ਬੰਦ ਹੋਣ ਮਗਰੋਂ ਪੁਲੀਸ ਅਤੇ ਫ਼ੌਜ ਨੇ ਜਥੇ ਦੇ ਮੈਂਬਰਾਂ ਅਤੇ ਆਮ ਲੋਕਾਂ, ਜੋ ਜਥੇ ਨੂੰ ਵੇਖ ਰਹੇ ਸਨ, 'ਤੇ ਵੀ ਲਾਠੀਚਾਰਜ ਕੀਤਾ ਅਤੇ ਜਦੋਂ ਤਕ ਸਾਰਾ ਜਥਾ ਬੁਰੀ ਤਰ੍ਹਾਂ ਜ਼ਖ਼ਮੀ ਜਾਂ ਬੇਹੋਸ਼ ਨਾ ਹੋ ਗਿਆ, ਪੁਲੀਸ ਡਾਂਗਾਂ ਵਰ੍ਹਾਉਂਦੀ ਰਹੀ। ਗੋਲੀ ਚਲਣ ਦੀ ਹਰ ਪਾਸੇ ਤੋਂ ਜ਼ਬਰਦਸਤ ਨਿੰਦਾ ਹੋਈ। ਦੁਨੀਆਂ ਭਰ ਦੇ ਅਖ਼ਬਾਰਾਂ ਨੇ ਇਸ ਸਬੰਧੀ ਖਬਰਾਂ ਛਾਪੀਆਂ। ਆਗੂਆਂ ਨੇ ਵਿਲਸਨ ਜਾਨਸਟਨ ਨੂੰ **"ਜਨਰਲ ਡਾਇਰ ਦਾ ਵਾਰਿਸ"** ਆਖਿਆ।

21 ਫ਼ਰਵਰੀ ਦੇ ਦਿਨ ਸ਼ਹੀਦ ਹੋਣ ਵਾਲਿਆਂ 100 ਦੇ ਕਰੀਬ ਸਿੱਖਾਂ ਵਿਚੋਂ ਵਿਚੋਂ ਸਿਰਫ਼ 17 ਨਾਂ ਮਿਲਦੇ ਹਨ, ਬਾਕੀ ਨਹੀਂ ਕਿਉਂਕਿ ਨਾਭੇ ਦੇ

ਹਾਕਮਾਂ ਨੇ ਲਾਸ਼ਾਂ ਇਕੱਠੀਆਂ ਕਰ ਕੇ ਸਾੜ ਦਿੱਤੀਆਂ ਸਨ ਤੇ ਕਿਸੇ ਦੀ ਸ਼ਨਾਖ਼ਤ ਨਹੀਂ ਸੀ ਕਰਵਾਈ। ਸ਼੍ਰੋਮਣੀ ਕਮੇਟੀ ਵੱਲੋਂ ਰਲੀਜ਼ ਕੀਤੇ ਇਹ 17 ਨਾਂ ਹੇਠ ਲਿਖੇ ਹਨ (ਇਨ੍ਹਾਂ ਦੇ ਜ਼ਿਲ੍ਹੇ 1924 ਦੇ ਹਨ, ਹੁਣ ਕਈਆਂ ਦੇ ਜ਼ਿਲ੍ਹੇ ਬਦਲ ਚੁਕੇ ਹਨ):

ਜੱਸਾ ਸਿੰਘ (ਚੀਚਾ ਭਕਨਾ ਅੰਮ੍ਰਿਤਸਰ), ਸੁੰਦਰ ਸਿੰਘ (ਕਰਮਗੜ੍ਹ ਪਟਿਆਲਾ ਰਿਆਸਤ), ਸੁਰੈਣ ਸਿੰਘ (ਲੰਭ ਵਾਲੀ ਫ਼ਰੀਦਕੋਟ ਰਿਆਸਤ), ਫੁੰਮਣ ਸਿੰਘ (ਵਾਂਦਰ, ਫ਼ੀਰੋਜ਼ਪੁਰ), ਸੁੰਦਰ ਸਿੰਘ (ਚੀਦਾ, ਫ਼ੀਰੋਜ਼ਪੁਰ), ਦੀਵਾਨ ਸਿੰਘ (ਸੰਗਰਵਾਲ, ਹੁਸ਼ਿਆਰਪੁਰ), ਹਰੀ ਸਿੰਘ (ਨਮੋਲੀ, ਹੁਸ਼ਿਆਰਪੁਰ), ਹਰਦਿੱਤ ਸਿੰਘ (ਕਾਲੇਕੇ, ਫ਼ੀਰੋਜ਼ਪੁਰ), ਵਰਿਆਮ ਸਿੰਘ (ਬਾਘਾ ਪੁਰਾਣਾ, ਫ਼ੀਰੋਜ਼ਪੁਰ), ਫੁੰਮਣ ਸਿੰਘ (ਸਮਾਲਸਰ, ਫ਼ੀਰੋਜ਼ਪੁਰ), ਮਾਘ ਸਿੰਘ (ਰੋਡੇ, ਫ਼ੀਰੋਜ਼ਪੁਰ), ਕਪੂਰ ਸਿੰਘ (ਰੋਡੇ, ਫ਼ੀਰੋਜ਼ਪੁਰ), ਘੁੱਲਾ ਸਿੰਘ (ਭਲੂਰ, ਫ਼ੀਰੋਜ਼ਪੁਰ), ਵਧਾਵਾ ਸਿੰਘ (ਚੜਿਕ, ਫ਼ੀਰੋਜ਼ਪੁਰ), ਨੱਥਾ ਸਿੰਘ (ਖਟਕੜ ਕਲਾਂ, ਜਲੰਧਰ), ਬਿਸ਼ਨ ਸਿੰਘ (ਮਾਂਗਟ, ਜਲੰਧਰ)।

ਇਸ ਮੌਕੇ 'ਤੇ ਇਕ ਬੀਬੀ ਬਲਬੀਰ ਕੋਰ ਆਪਣੇ ਨਿਕੇ ਜਿਹੇ ਬੱਚੇ ਨਾਲ ਜੱਥੇ ਦੇ ਨਾਲ ਜਾ ਰਹੀ ਸੀ। ਜਦੋਂ ਪੁਲੀਸ ਨੇ ਗੋਲੀ ਚਲਾਈ ਤਾਂ ਇਕ ਗੋਲੀ ਬੱਚੇ ਨੂੰ ਲਗੀ ਤੇ ਬੱਚਾ ਉਸੇ ਵੇਲੇ ਮਰ ਗਿਆ। ਬੀਬੀ ਬਲਬੀਰ ਕੌਰ ਨੇ ਮ੍ਰਿਤਕ ਬੱਚੇ ਨੂੰ ਸੜਕ ਦੇ ਇਕ ਪਾਸੇ ਰਖ ਦਿਤਾ ਤੇ ਆਪ ਜਥੇ ਨਾਲ ਅਗਾਂਹ ਵਧਦੀ ਗਈ। ਫਿਰ ਇਕ ਗੋਲੀ ਬੀਬੀ ਬਲਬੀਰ ਕੌਰ ਨੂੰ ਲਗੀ ਤੇ ਬੀਬੀ ਜੀ ਉਥੇ ਹੀ ਸ਼ਹੀਦੀ ਜਾਮ ਪੀ ਗਏ। ਇਸ ਬੀਬੀ ਬਾਰੇ ਇਹ ਜਾਣਕਾਰੀ ਨਹੀਂ ਮਿਲ ਸਕੀ ਕਿ ਇਹ ਕਿਸ ਦੀ ਧੀ ਤੇ ਪਤਨੀ ਸੀ ਤੇ ਕਿੱਥੋਂ ਦੀ ਰਹਿਣ ਵਾਲੀ ਸੀ?

# ਮਾਈ ਕਿਸ਼ਨ ਕੌਰ

ਮਾਈ ਕਿਸ਼ਨ ਕੌਰ ਦਾ ਜਨਮ ਭਾਈ ਸੂਬਾ ਸਿੰਘ ਸੁਨਿਆਰ ਦੇ ਘਰ ਪਿੰਡ ਲੋਹਗੜ੍ਹ ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਇਸ ਦੇ ਪਤੀ ਭਾਈ ਹਰਨਾਮ ਸਿੰਘ ਪਿੰਡ ਕਾਉਂਕੇ ਜ਼ਿਲ੍ਹਾ ਲੁਧਿਆਣਾ ਇਕ ਆਰਮੀ ਅਫ਼ਸਰ ਸਨ ਅਤੇ ਬਰਮਾ ਵਿਚ ਤਾਇਨਾਤ ਸਨ। ਵਿਆਹ ਤੋਂ ਬਾਅਦ ਮਾਤਾ ਕਿਸ਼ਨ ਕੌਰ ਵੀ ਪਤੀ ਨਾਲ ਬਰਮਾ ਚਲੀ ਗਈ। ਉਥੇ ਉਸ ਦੇ ਘਰ ਦੋ ਬੇਟੇ ਤੇ ਫਿਰ ਇਕ ਬੇਟੀ ਪੈਦਾ ਹੋਏ ਪਰ ਉਹ ਤਿੰਨੇ ਹੀ ਛੇਤੀ ਮਰ ਗਏ। ਫਿਰ ਮਾਤਾ ਜੀ ਦੇ ਪਤੀ ਭਾਈ ਹਰਨਾਮ ਸਿੰਘ ਵੀ ਜਵਾਨੀ ਵਿਚ ਹੀ ਚਲਾਣਾ ਕਰ ਗਏ। ਪਤੀ ਦੀ ਮੌਤ ਤੋਂ ਬਾਅਦ ਮਾਤਾ ਕਿਸ਼ਨ ਕੌਰ ਵਾਪਸ ਪਿੰਡ ਕਾਉਂਕੇ ਆ ਗਏ।

ਕੁਝ ਸਮੇਂ ਬਾਅਦ ਮਾਤਾ ਨੇ ਅੰਮ੍ਰਿਤ ਛਕਿਆ ਤੇ ਪ੍ਰਣ ਕੀਤਾ ਕਿ ਉਹ ਬਾਕੀ ਜ਼ਿੰਦਗੀ ਪੰਥ ਦੀ ਸੇਵਾ ਕਰੇਗੀ। 1912 ਵਿਚ ਬੀਬੀ ਨੇ ਆਪਣੇ ਹੀ ਪਿੰਡ ਗੁਰਦੁਆਰਾ ਗੁਰੂਸਰ ਦੀ ਉਸਾਰੀ ਦਾ ਕੰਮ ਵਿੱਢਿਆ। ਜਦੋਂ 1920 ਵਿਚ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਤਾਂ ਬੀਬੀ ਜੀ ਨੇ 1921 ਵਿਚ ਨਾਨਕਾਣਾ ਸਾਹਿਬ, 1922 ਵਿਚ ਗੁਰੂ ਦਾ ਬਾਗ਼ ਤੇ 1923 ਵਿਚ ਮੁਕਤਸਰ ਦੇ ਮੋਰਚਿਆਂ ਦੇ ਜ਼ਖ਼ਮੀਆਂ ਦੀ ਸੇਵਾ ਵਿਚ ਹਿੱਸਾ ਪਾਇਆ। 1924 ਵਿਚ ਜੈਤੋ ਦੇ ਮੋਰਚੇ ਸਮੇਂ ਵੀ ਉਹ ਉੱਥੇ ਪੁੱਜੀ ਅਤੇ ਜਾ ਕੇ ਜ਼ਖ਼ਮੀਆਂ ਦੀ ਸੇਵਾ ਕੀਤੀ। ਜਦੋਂ ਜਥੇਦਾਰ ਦੂਲਾ ਸਿੰਘ ਤੇ ਜਥੇਦਾਰ ਸੁੱਚਾ ਸਿੰਘ ਨੇ ਗੁਰਦੁਆਰਿਆਂ ਦੇ ਅੰਦਰ ਸਿੱਖਾਂ ਨੂੰ ਰਾਸ਼ਨ ਪਹੁੰਚਾਉਣ ਲਈ ਤੇ ਜੈਤੋ ਦੇ ਮੋਰਚੇ ਵਿੱਚ ਸ਼ਹੀਦੀਆਂ ਦੇਣ ਲਈ ਸ਼ਹੀਦੀ ਜੱਥਾ ਬਣਾਇਆ। ਇਸ ਬੀਬੀ ਨੇ ਫਿਰ ਵਲੰਟੀਅਰਾਂ ਨਾਲ ਜਿੱਥੇ ਸਿੱਖਾਂ ਨੂੰ ਪਰਸ਼ਾਦੇ ਵਗ਼ੈਰਾ ਨਾਲ ਸੇਵਾ ਕੀਤੀ, ਜ਼ਖ਼ਮਾਂ ਦੀ ਮਰਹਮ ਪੱਟੀ ਕੀਤੀ ਉੱਥੇ ਖ਼ਾਸ ਖਬਰਾਂ ਪ੍ਰਾਪਤ ਕਰਨ ਲਈ ਸੂਹੀਏ ਦਾ ਵੀ ਕੰਮ ਕੀਤਾ।

ਪਹਿਲਾਂ ਤਾਂ ਸਰਕਾਰ ਨੂੰ ਉਸ ਦਾ ਪਤਾ ਨਾ ਲਗ ਸਕਿਆ ਪਰ ਅਖ਼ੀਰਉ_ਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੂਹੀਏ ਦਾ ਕੰਮ ਕਰਨ ਦੇ 'ਦੋਸ਼' ਵਿਚ ਬੀਬੀ ਕਿਸ਼ਨ ਕੌਰ ਨੂੰ ਚਾਰ ਸਾਲ ਜੇਲ ਦੀ ਸਖ਼ਤ ਸਜ਼ਾ ਹੋਈ। ਬੀਬੀ ਨੇ ਪੂਰੇ ਚਾਰ ਸਾਲ ਜੇਲ ਕੱਟੀ। 30 ਜੂਨ 1928 ਨੂੰ ਰਿਹਾਅ ਹੋਈ। ਜਦੋਂ ਬੀਬੀ ਕਿਸ਼ਨ ਕੌਰ ਰਿਹਾਅ ਹੋ ਕੇ ਬਾਹਰ ਆਏ ਤਾਂ ਆਪ ਜੀ ਦਾ ਬਹੁਤ ਸਾਰੀਆਂ ਜਥੇਬੰਦੀਆਂ ਨੇ ਮਾਨ-ਸਨਮਾਨ ਕੀਤਾ। ਅਕਾਲ ਤਖਤ ਸਾਹਿਬ 'ਤੇ ਵੀ ਸਿਰੋਪਾਉ ਦੀ ਬਖਸ਼ਿਸ ਹੋਈ। ਇਸ ਤੋਂ ਬਾਅਦ ਵੀ ਬੀਬੀ ਜੀ ਪੰਥਕ ਸੇਵਾ ਲਈ ਸਦਾ ਤਤਪਰ ਰਹੇ। ਬੀਬੀ ਜੀ 10 ਅਗਸਤ 1952 ਨੂੰ 92 ਸਾਲ ਦੀ ਉਮਰ ਭੋਗ ਕੇ ਕਾਉਂਕੇ ਦੇ ਗੁਰਦੁਆਰਾ ਸਾਹਿਬ ਵਿਚ ਚੜ੍ਹਾਈ ਕਰ ਗਏ।

# ਡਾ. ਰਜਿੰਦਰ ਕੌਰ

ਪੰਜਾਬ ਦੀ ਅਕਾਲੀ ਸਿਆਸਤ ਵਿਚ ਜੇ ਕਰ ਕਿਸੇ ਸਿੱਖ ਬੀਬੀ ਦਾ ਨਾਂ ਉਭਰ ਕੇ ਸਾਹਮਣੇ ਆਉਂਦਾ ਹੈ ਤਾਂ ਉਹ ਡਾ. ਬੀਬੀ ਰਜਿੰਦਰ ਕੌਰ ਦਾ ਹੈ। ਡਾ. ਰਜਿੰਦਰ ਕੌਰ ਦਾ ਜਨਮ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਤੇ ਬੀਬੀ ਤੇਜ ਕੌਰ ਦੇ ਘਰ, 10 ਫ਼ਰਵਰੀ 1931 ਦੇ ਦਿਨ, ਅੰਮ੍ਰਿਤਸਰ ਵਿਖੇ ਹੋਇਆ। ਡਾ. ਰਜਿੰਦਰ ਕੌਰ ਨੇ ਫ਼ਿਲਾਸਫ਼ੀ ਵਿੱਚ ਐਮ.ਏ. ਕੀਤੀ ਤੇ ਫਿਰ 'ਸਿੱਖ ਫ਼ਲਸਫ਼ੇ ਵਿਚ ਰੱਬ ਦੀ ਸੰਕਲਪ' 'ਤੇ ਯੂਨੀਵਰਸਿਟੀ ਤੋਂ ਪੀ.ਐਚ-ਡੀ. ਦੀ ਡਿਗਰੀ ਲਈ। ਪੀ.ਐਚ-ਡੀ ਕਰਨ ਵਾਲੀ ਇਹ ਪਹਿਲੀ ਸਿੱਖ ਬੀਬੀ ਸੀ। ਬੀਬੀ ਜੀ ਆਪਣੇ ਪਿਤਾ ਦੇ ਸਿਆਸੀ, ਧਾਰਮਿਕ ਤੇ ਦ੍ਰਿੜਤਾ ਵਾਲੇ ਸੁਭਾਅ ਤੋਂ ਬਹੁਤ ਅਸਰ-ਅੰਦਾਜ਼ ਸਨ। ਘਰ ਵਿੱਚ ਅਕਸਰ ਆਗੂਆਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਆਪ ਅਪਣੀ ਮਾਤਾ ਨਾਲ ਰਲ ਕੇ ਆਏ-ਗਏ ਦੀ ਸੇਵਾ ਵੀ ਕਰਦੇ ਰਹਿੰਦੇ ਸਨ।

1960 ਵਿਚ ਆਪ ਜੀ ਦਾ ਵਿਆਹ ਵਿੰਗ ਕਮਾਂਡਰ ਕੈਪਟਨ ਸ. ਕਮਲਜੀਤ ਸਿੰਘ ਨਾਲ ਹੋਇਆ। ਆਪ ਦੇ ਘਰ ਦੋ ਬੇਟੀਆਂ ਕਿਰਨਜੋਤ ਕੌਰ (ਮੈਂਬਰ ਸ਼੍ਰੋਮਣੀ ਕਮੇਟੀ ਤੇ ਡਾ. ਮਨਜੋਤ ਕੌਰ (ਸਰਜਨ ਗੁਰੂ ਰਾਮਦਾਸ ਹਸਪਤਾਲ) ਤੇ ਇਕ ਬੇਟਾ ਪੈਦਾ ਹੋਇਆ।

1969 ਵਿਚ ਜਦੋਂ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਮਰਨ ਵਰਤ ਰੱਖਿਆ ਤਾਂ ਇਹ ਇਕਲੀ ਬੀਬੀ ਸੀ ਜਿਸ ਨੇ ਡਟ ਕੇ ਉਸ ਦੀ ਹਿਮਾਇਤ ਕੀਤੀ ਅਤੇ ਨਿਕੇ-ਨਿਕੇ ਬੱਚਿਆਂ ਦੇ ਨਾਲ ਗ੍ਰਿਫ਼ਤਾਰੀ ਦਿਤੀ। 1971 ਵਿਚ ਬੀਬੀ ਨੇ 'ਇਸਤਰੀ ਅਕਾਲੀ ਦਲ' ਕਾਇਮ ਕੀਤਾ। ਫਿਰ ਇਹ ਮੈਂਬਰ ਆਫ਼ ਪਾਰਲੀਮੈਂਟ (ਰਾਜ ਸਭਾ) ਚੁਣੇ ਗਏ।

1978 ਵਿਚ ਜਦ ਯੂ.ਪੀ. ਦੀ ਜਨਤਾ ਸਰਕਾਰ ਨੇ ਮੇਰਠ ਦੇ ਗੁਰਦੁਆਰੇ ਦੀ ਤਾਲਾਬੰਦੀ ਕਰ ਦਿੱਤੀ ਤਾਂ ਆਪ 5 ਨਵੰਬਰ 1978 ਨੂੰ ਜੱਥਾ ਲੈ ਕੇ ਮੇਰਠ ਗਏ। ਫਿਰ ਜਦ ਇਮਦਰਾ ਗਾਂਧੀ ਨੇ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣ ਵਾਸਤੁ ਸਤਲੁਜ-ਯਮਨਾ ਲਿੰਕ ਨਹਿਰ ਦਾ ਨੀਂਹ ਪੱਥਰ ਰੱਖਿਆ ਤਾਂ 8 ਅਪਰੈਲ 1982 ਨੂੰ ਕਪੂਰੀ ਜਾ ਕੇ ਪ੍ਰੋਟੈਸਟ ਕੀਤਾ। ਜਦੋਂ 1983 ਵਿਚ ਜਦ ਅਸੈਂਬਲੀ ਅਤੇ ਪਾਰਲੀਮੈਂਟ ਤੋਂ ਅਸਤੀਫ਼ੇ ਦੇਣ ਦੀ ਗੱਲ ਚੱਲੀ ਤਾਂ ਅਸਤੀਫ਼ਾ ਦੇਣ ਵਾਲੇ ਅਪ ਪਹਿਲੇ ਸ਼ਖ਼ਸ ਸਨ।

ਜੂਨ 1984 ਵਿਚ ਜਦ ਭਾਰਤੀ ਫੌਜ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ ਤੇ ਦਰਬਾਰ ਸਾਹਿਬ ਨੂੰ ਕਬਜ਼ੇ ਵਿਚ ਕਰ ਲਿਆ ਤਾਂ ਡਾ. ਰਜਿੰਦਰ ਕੌਰ ਨੇ ਜੁਲਾਈ 1984 ਵਿਚ ਐਜੀਟੇਸ਼ਨ ਸ਼ੁਰੂ ਕੀਤੀ ਕਿ ਦਰਬਾਰ ਸਾਹਿਬ ਵਿਚੋਂ

ਫ਼ੌਜ ਨੂੰ ਕੱਢਿਆ ਜਾਵੇ ਤੇ ਇਸ ਦਾ ਕਬਜ਼ਾ ਸਿੱਖਾਂ ਨੂੰ ਦਿਤਾ ਜਾਏ। ਆਪ ਜਿੱਥੇ ਇਕ ਬਹੁਤ ਹੀ ਬਹਾਦਾਰ ਇਸਤਰੀ ਸਨ, ਉੱਥੇ ਇਕ ਤਕੜੇ ਬੁਲਾਰੇ ਅਤੇ ਜਰਨਲਿਸਟ ਵੀ ਸਨ।

ਪੰਥਕ ਰਸਾਲਾ 'ਸੰਤ ਸਿਪਾਹੀ'* ਜਿਸ ਦੀ ਕਾਇਮੀ ਮਾਸਟਰ ਤਾਰਾ ਸਿੰਘ ਜੀ ਨੇ ਕੀਤੀ ਸੀ, ਇਨ੍ਹਾਂ ਨੇ ਇਸ ਪੇਪਰ ਦੇ ਚੀਫ਼ ਐਡੀਟਰ ਵਜੋਂ ਸੇਵਾ ਵੀ ਨਿਭਾਈ। ਇਸ ਤਰ੍ਹਾਂ ਇਸ ਪੇਪਰ ਨੇ ਸਿੱਖ ਕੌਮ ਦੀ ਬਹੁਤ ਨਿਗਰ ਸੇਵਾ ਕੀਤੀ। 1989 ਵਿਚ ਬੀਬੀ ਜੀ ਬਠਿੰਡੇ ਵਿਚ ਇਕ ਸਮਾਗਮ 'ਤੇ ਗਏ ਸਨ ਜਦੋਂ ਉਹ ਲੈਕਚਰ ਕਰ ਰਹੇ ਸਨ ਤਾਂ ਸਿੱਖ-ਵਿਰੋਧੀ ਅੰਸਰਾਂ ਨੇ 5 ਫਰਵਰੀ 1989 ਨੂੰ ਬੀਬੀ ਜੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

ਸ਼ਹੀਦ ਬੀਬੀ ਰਜਿੰਦਰ ਕੌਰ ਕੇਵਲ ਵੀਹਵੀਂ ਸਦੀ ਦੀ ਹੀ ਮਹਾਨ ਸਿੱਖ ਇਸਤਰੀ ਨਹੀਂ ਬਲਕਿ ਸਿੱਖ ਤਵਾਰੀਖ਼ ਵਿਚ ਇਕ ਉੱਚ ਮੁਕਾਮ ਵਾਲੀ ਬੀਬੀ ਹਨ।

*(ਮਗਰੋਂ ਬੀਬੀ ਜੀ ਦੀ ਧੀ ਕਿਰਨਜੋਤ ਕੌਰ ਨੇ ਇਸ ਰਿਸਾਲਾ ਰਾਸ਼ਟਰੀ ਸਿੱਖ ਸੰਗਤ ਦੀ ਸੋਚ ਵਾਲੇ ਅਤੇ ਪੰਥ ਵਿਚ ਫੁਟ ਪਾਉਣ ਵਾਲੇ ਗੁਰਚਰਨਜੀਤ ਸਿੰਘ ਲਾਂਬਾ ਨੂੰ ਵੇਚ ਦਿੱਤਾ ਤੇ ਇਸ ਰਿਸਾਲੇ ਵਿਚ ਸਿੱਖਾਂ ਦੇ ਖ਼ਿਲਾਫ਼ ਰੱਜ ਕੇ ਪ੍ਰਚਾਰ ਕੀਤਾ ਗਿਆ)।*

# ਬੀਬੀ ਹਰਨਾਮ ਕੌਰ (ਫ਼ੀਰੋਜ਼ਪੁਰ)

ਬੀਬੀ ਹਰਨਾਮ ਕੌਰ ਦਾ ਨਾਂ ਵਿਦਿਆ ਦੇ ਖੇਤਰ ਨਾਲ ਸਬੰਧਤ ਸਿੱਖ ਬੀਬੀਆਂ ਵਿਚੋਂ ਖ਼ਾਸ ਅਹਮੀਅਤ ਰਖਦਾ ਹੈ। ਆਪ ਭਾਈ ਤਖ਼ਤ ਸਿੰਘ ਦੇ ਸਿੱਖ ਕੰਨਿਆ ਪਾਠਸ਼ਾਲਾ ਫ਼ੀਰੋਜ਼ਪੁਰ ਦੀ ਰੀੜ੍ਹ ਦੀ ਹੱਡੀ ਸਨ।

ਬੀਬੀ ਹਰਨਾਮ ਕੌਰ ਦਾ ਜਨਮ 10 ਅਪ੍ਰੈਲ 1882 ਦੇ ਦਿਨ ਭਾਈ ਭਗਵਾਨ ਦਾਸ ਸਿੱਧੂ ਅਤੇ ਬੀਬੀ ਰਾਮ ਦੇਈ ਦੇ ਘਰ, ਚੰਦ ਪੁਰਾਣਾ ਪਿੰਡ ਵਿਚ ਹੋਇਆ ਸੀ। ਉਸ ਦਾ ਬਚਪਨ ਦਾ ਨਾਂ ਜੀਵਨੀ ਸੀ। ਬੱਚੀ ਦੇ ਜਨਮ ਤੋਂ ਥੋੜ੍ਹਾ ਚਿਰ ਮਗਰੋਂ ਹੀ ਭਗਵਾਨ ਦਾਸ ਫ਼ੀਰੋਜ਼ਪੁਰ ਦੇ ਇਕ ਉਦਾਸੀ ਸਾਧੂ ਰਾਮ ਦਾਸ ਦਾ ਚੇਲਾ ਬਣ ਗਿਆ; ਤੇ ਉਸ ਦੀ ਮੌਤ ਮਗਰੋਂ ਉਸ ਦੇ ਡੇਰੇ ਦਾ ਮੁਖੀ ਵੀ। ਇਸ ਡੇਰੇ ਵਿਚ ਰਹਿ ਕੇ ਬੀਬੀ ਜੀਵਨੀ ਨੇ ਪੰਜ ਗ੍ਰੰਥੀ ਗੁਟਕਾ ਅਤੇ ਕੁਝ ਕਿਤਾਬਾਂ ਵੀ ਪੜ੍ਹ ਲਈਆਂ। ਜਦ ਉਹ ਵੱਡੀ ਹੋਈ ਤਾਂ ਉਸ ਨੂੰ ਮੁਕਾਮੀ ਆਰੀਆ ਪਾਠਸ਼ਾਲਾ ਵਿਚ ਭੇਜਿਆ ਗਿਆ। ਇਸ ਸਕੂਲ ਵਿਚ ਫ਼ਿਰਕੂ ਹਿੰਦੂ ਮਾਹੌਲ ਹੋਣ ਕਰ ਕੇ ਗੁਰਮਖੀ ਦੀ ਥਾਂ ਹਿੰਦੀ ਪੜ੍ਹਾਈ ਜਾਂਦੀ ਸੀ; ਇਸ ਕਰ ਕੇ ਛੇ ਮਹੀਨੇ ਮਗਰੋਂ ਹੀ ਉਸ ਨੂੰ ਦੌਧਰ ਦੇ ਸਕੂਲ ਵਿਚ ਪੜ੍ਹਨੇ ਪਾ ਦਿੱਤਾ ਗਿਆ, ਜਿੱਥੇ ਉਹ ਕਈ ਸਾਲ ਭਾਈ ਦੂਲਾ ਸਿੰਘ ਤੋਂ ਪੜ੍ਹਦੀ ਰਹੀ।

ਇਨ੍ਹੀਂ ਦਿਨੀਂ ਭਾਈ ਤਖ਼ਤ ਸਿੰਘ, ਸਿੰਘ ਸਭਾ ਫ਼ੀਰੋਜ਼ਪੁਰ ਵੱਲੋਂ ਸ਼ੁਰੂ ਕੀਤੇ ਗਏ, ਗੁਰਮੁਖੀ ਸਕੂਲ ਵਿਚ ਪੜ੍ਹਾਉਂਦੇ ਸਨ। ਉਨ੍ਹਾਂ ਨੇ ਕਮੇਟੀ ਨੂੰ ਸਲਾਹ ਦਿੱਤੀ ਕਿ ਕੁੜੀਆਂ ਵਾਸਤੇ ਇਕ ਸਕੂਲ ਖੋਲ੍ਹਿਆ ਜਾਵੇ। ਪਰ ਕਮੇਟੀ ਨਹੀਂ ਸੀ ਚਾਹੁੰਦੀ ਕਿ ਇਕ ਕੁਆਰਾ ਮਰਦ ਕੁੜੀਆਂ ਦਾ ਸਕੂਲ ਚਲਾਵੇ। ਇਸ ਮੌਕੇ 'ਤੇ ਜੀਵਨੀ ਦੇ ਮਾਪਿਆਂ ਨੇ ਆਪਣੀ ਧੀ ਦਾ ਵਿਆਹ ਤਖ਼ਤ ਸਿੰਘ ਨਾਲ ਕਰਨਾ ਮੰਨ ਲਿਆ। ਵਿਆਹ ਮਗਰੋਂ ਉਸ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ ਅਤੇ ਜੀਵਨੀ ਤੋਂ ਹਰਨਾਮ ਕੌਰ ਬਣ ਗਈ।

ਕੰਨਿਆ ਪਾਠਸ਼ਾਲਾ ਵਿਚ ਹਰਨਾਮ ਕੌਰ ਆਪ ਵੀ ਪੜ੍ਹਦੀ ਸੀ ਤੇ ਛੋਟੀਆਂ ਕਲਾਸਾਂ ਨੂੰ ਪੜ੍ਹਾਉਂਦੀ ਵੀ ਸੀ। 1903 ਵਿਚ ਇਸ ਸਕੂਲ ਦੇ ਨਾਲ ਬੋਰਡਿੰਗ ਹਾਊਸ ਵੀ ਸ਼ੁਰੂ ਕਰ ਦਿੱਤਾ ਗਿਆ; ਬੀਬੀ ਹਰਨਾਮ ਕੌਰ ਇਸ ਦੀ ਸੁਪਰਡੈਂਟ ਬਣਾਈ ਗਈ। ਉਹ ਆਪ ਬੱਚਿਆਂ ਦੇ ਕਪੜੇ ਧੋਂਦੀ ਸੀ ਤੇ ਉਨ੍ਹਾਂ ਦੇ ਸਿਰ ਵਾਹੁੰਦੀ ਸੀ; ਉਸ ਦਾ ਬੱਚੀਆਂ ਨਾਲ ਏਨਾ ਪਿਆਰ ਸੀ ਕਿ ਬੱਚੀਆਂ ਛੁੱਟੀਆਂ ਵਿਚ ਵੀ ਘਰ ਨਹੀਂ ਸਨ ਜਾਂਦੀਆਂ।

ਬੀਬੀ ਹਰਨਾਮ ਕੌਰ ਨੇ ਇਕ ਇਸਤਰੀ ਸਤਸੰਗ ਵੀ ਸ਼ੁਰੂ ਕੀਤਾ ਹੋਇਆ ਸੀ। ਪਰ ਹਰਨਾਮ ਕੌਰ ਇਸ ਸਕੂਲ ਦੀ ਵਧੇਰੇ ਸੇਵਾ ਨਾ ਕਰ ਸਕੀ ਅਤੇ 1 ਅਕਤੂਬਰ 1906 ਦੇ ਦਿਨ ਚੜ੍ਹਾਈ ਕਰ ਗਈ। ਇਸ ਸਕੂਲ ਨੇ ਏਨੀ

ਤਰੱਕੀ ਕੀਤੀ ਸੀ ਕਿ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਜਦ ਬੱਚੀਆਂ ਨੂੰ ਪੜ੍ਹਾਈ ਨਹੀਂ ਕਰਵਾਈ ਜਾਂਦੀ ਸੀ ਤਾਂ ਇੱਥੇ 312 ਬੱਚੀਆਂ ਪੜ੍ਹਦੀਆਂ ਸਨ ਜਿਨ੍ਹਾਂ ਵਿਚੋਂ 210 ਬੋਰਡਿੰਗ ਹਾਊਸ ਵਿਚ ਰਹਿੰਦੀਆਂ ਸਨ।

ਇਸ ਮਗਰੋਂ ਭਾਈ ਤਖ਼ਤ ਸਿੰਘ ਨੇ ਬੀਬੀ ਆਗਿਆ ਕੌਰ ਨਾਲ ਵਿਆਹ ਕਰ ਲਿਆ।

## ਪੰਜਾਬ ਕੌਰ (ਪਤਨੀ ਡਾ: ਠਾਕਰ ਸਿੰਘ)

ਸਿੱਖ ਕੰਨਿਆ ਪਾਠਸ਼ਾਲਾ ਵਿਚ ਬੀਬੀ ਹਰਨਾਮ ਕੌਰ ਤੋਂ ਇਲਾਵਾ ਹੋਰ ਵੀ ਕਈ ਬੀਬੀਆਂ ਨੇ ਤਵਾਰੀਖ਼ ਵਿਚ ਬਹੁਤ ਅਹਿਮ ਰੋਲ ਅਦਾ ਕੀਤਾ ਸੀ। ਇਨ੍ਹਾਂ ਵਿਚ ਇਕ ਡਾਕਟਰ ਠਾਕਰ ਸਿੰਘ ਇਕੋਲਾਹਾ ਦੀ ਪਤਨੀ ਬੀਬੀ ਪੰਜਾਬ ਕੌਰ ਵੀ ਸੀ। ਇਕੋਲਾਹਾ (ਲੁਧਿਆਣਾ) ਵਾਸੀ ਡਾ: ਠਾਕਰ ਸਿੰਘ ਹਾਂਗਕਾਂਗ ਵਿਚ ਰਹਿੰਦੇ ਸਨ। ਉਨ੍ਹਾਂ ਨੇ ਆਪਣੀ ਪਤਨੀ ਨੂੰ ਕੁਝ ਸਮਾਂ ਇਸ ਸਕੂਲ ਤੇ ਬੋਰਡਿੰਗ ਹਾਊਸ ਵਿਚ ਦਾਖ਼ਲ ਕਰਵਾਇਆ ਹੋਇਆ ਸੀ; ਉਨ੍ਹਾਂ ਦੇ ਛੋਟੇ ਬੇਟੇ ਦਲਜੀਤ ਸਿੰਘ ਦਾ ਜਨਮ ਵੀ ਏਥੇ ਹੋਇਆ ਸੀ। ਡਾ: ਠਾਕਰ ਸਿੰਘ ਨੇ ਇਸ ਸਕੂਲ ਨੂੰ ਬਹੁਤ ਮਾਲੀ ਮਦਦ ਵੀ ਦਿੱਤੀ ਸੀ।

ਫਿਰ ਪੰਜਾਬ ਕੌਰ ਕਾਂਟਨ (ਹਾਂਗਕਾਂਗ, ਚੀਨ) ਚਲੇ ਗਏ ਸਨ। ਆਪ ਦੇ ਪਤੀ ਗ਼ਦਰ ਪਾਰਟੀ ਦੇ ਮੋਢੀਆਂ ਵਿਚੋਂ ਇਕ ਸਨ ਤੇ ਤਕਰੀਬਨ ਸਾਰੇ ਗ਼ਦਰਾ ਆਗੂ ਹੀ ਨਹੀਂ ਬਲਕਿ ਮਹਿੰਦਰ ਪ੍ਰਤਾਪ ਸਿੰਹ (ਜਿਨ੍ਹਾਂ ਨੇ ਪਹਿਲੀ ਜੰਗ ਵੇਲੇ ਜਲਾਵਤਨ ਸਰਕਾਰ ਬਣਾਈ ਹੋਈ ਸੀ) ਵੀ ਅਕਸਰ ਉਨ੍ਹਾਂ ਕੋਲ ਆ ਕੇ ਠਹਿਰਿਆ ਕਰਦੇ ਸਨ।

1915 ਵਿਚ ਡਾ: ਠਾਕਰ ਸਿੰਘ ਨੂੰ ਗ਼ਦਰ ਸਾਜ਼ਿਸ਼ ਕੇਸ ਵਿਚ ਚਾਰ ਸਾਲ ਦੀ ਕੈਦ ਹੋਈ ਤੇ ਉਹ ਮੁਲਤਾਨ ਤੇ ਹੋਰ ਜੇਲ੍ਹਾਂ ਵਿਚ ਰਹੇ। ਪਿੱਛੋਂ ਪੰਜਾਬ ਕੌਰ ਨੇ ਪਰਵਾਰ ਤਾਂ ਪਾਲਿਆ ਹੀ ਬਲਕਿ ਹੋਰ ਕੈਦੀ ਪਰਵਾਰਾਂ ਦੀ ਮਦਦ ਵੀ ਕਰਦੇ ਰਹੇ। 1925 ਵਿਚ ਡਾ: ਠਾਕਰ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਮਤਿ ਪ੍ਰਧਾਨ ਵੀ ਬਣੇ। ਉਦੋਂ ਆਪ ਦੇ ਘਰ ਅਕਾਲੀ ਆਗੂਆਂ ਦਾ ਮੇਲਾ ਲੱਗਾ ਰਹਿੰਦਾ ਸੀ। 1927 ਵਿਚ ਡਾ: ਠਾਕਰ ਸਿੰਘ ਰਾਜਿਸਥਾਨ ਵਿਚ ਬੂੰਦੀ ਕੋਟਾ ਵਿਚ ਰਹਿਣ ਲਗ ਪਏ ਤਾਂ ਗ਼ਦਰ ਪਾਰਟੀ ਤੇ ਕਾਂਗਰਸ ਦੇ ਬਹੁਤ ਸਾਰੇ ਆਗੂ ਆਪ ਕੋਲ ਆਉਣ ਲਗ ਪਏ। ਇਕ ਵਾਰ ਪੰਡਤ ਨਹਿਰੂ ਵੀ ਉਨ੍ਹਾਂ ਨੂੰ ਮਿਲਣ ਆਇਆਂ। ਆਪ ਇਨ੍ਹਾਂ ਸਾਰਿਆਂ ਦੀ ਖ਼ੂਬ ਸੇਵਾ ਕਰਿਆ ਕਰਦੇ ਸਨ।

# ਬੀਬੀ ਤੇਜ ਕੌਰ (ਪਤਨੀ ਮਾਸਟਰ ਤਾਰਾ ਸਿੰਘ)

ਬੀਬੀ ਤੇਜ ਕੌਰ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਜੀ ਦੀ ਪਤਨੀ ਸਨ। ਜਦ ਉਨ੍ਹਾਂ ਦਾ ਵਿਆਹ ਹੋਇਆ ਤਾਂ ਉਨ੍ਹਾਂ ਖੰਡੇ ਦੀ ਪਾਹੁਲ ਨਹੀਂ ਲਈ ਹੋਈ ਸੀ। ਜਦ ਮਾਸਟਰ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਫੇਰੇ ਲੈਣ ਤੋਂ ਪਹਿਲਾਂ ਉਸ ਨੂੰ ਪਾਹੁਲ ਦਿਵਾਏ ਜਾਣ ਦੀ ਸ਼ਰਤ ਰੱਖੀ। ਇਸ ਮਕਸਦ ਵਾਸਤੇ ਰਾਵਲਪਿੰਡੀ ਤੋਂ ਉਚੇਚ ਪੰਜ ਰਹਿਤੀਏ ਸਿੰਘ ਮੰਗਵਾਏ ਗਏ, ਬੀਬੀ ਨੂੰ ਪਾਹੁਲ ਦਿਵਾਈ ਗਈ ਤੇ ਇਸ ਪਿੱਛੋਂ ਵਿਆਹ ਦੀ ਰਸਮ ਕੀਤੀ ਗਈ।

ਬੀਬੀ ਤੇਜ ਕੌਰ ਨੇ ਤਿੰਨ ਬੱਚਿਆਂ, ਜਸਵੰਤ ਸਿੰਘ, ਮੋਹਣ ਸਿੰਘ ਤੇ ਰਾਜਿੰਦਰ ਕੌਰ ਨੂੰ ਜਨਮ ਦਿੱਤਾ। ਕਿਉਂ ਕਿ ਮਾਸਟਰ ਜੀ ਕੋਲ ਹਮੇਸ਼ਾ ਲੋਕਾਂ ਦਾ ਮੇਲਾ ਲੱਗਾ ਰਹਿੰਦਾ ਸੀ, ਬੀਬੀ ਤੇਜ ਕੌਰ ਸਾਰੀ ਉਮਰ ਉਨ੍ਹਾਂ ਦੀ ਸੇਵਾ ਕਰਦੇ ਰਹਿੰਦੇ ਸਨ। ਕਿਉਂ ਕਿ ਘਰ ਵਿਚ ਮਾਮੂਲੀ ਆਮਦਨ ਹੁੰਦੀ ਸੀ ਇਸ ਕਰ ਕੇ ਘਰ ਦਾ ਖ਼ਰਚ ਬਹੁਤ ਮੁਸ਼ਕਿਲ ਨਾਲ ਚਲਦਾ ਸੀ; ਕਈ ਵਾਰ ਬੀਬੀ ਤੇਜ ਕੌਰ ਨੂੰ ਬਬੁਤ ਜੱਦੋਜਹਿਦ ਕਰਨੀ ਪੈਂਦੀ ਸੀ; ਇਸ ਹਾਲਤ ਵਿਚ ਮਾਸਟਰ ਜੀ ਦੀਆਂ ਝਿੜਕਾਂ ਵੀ ਸੁਣਨੀਆਂ ਪੈਨਦੀਆਂ ਸਨ।

ਕਿਉਂ ਕਿ ਮਾਸਟਰ ਜੀ ਦਾ ਬਹੁਤਾ ਸਮਾਂ ਜਾਂ ਤਾਂ ਜੇਲ੍ਹਾਂ ਵਿਚ ਬੀਤਿਆ ਸੀ ਜਾਂ ਪਰਚਾਰ ਦੌਰਿਆਂ 'ਤੇ, ਇਸ ਕਰ ਕੇ ਬੀਬੀ ਤੇਜ ਕੌਰ ਨੂੰ ਘਰ ਇਕੱਲਿਆਂ ਹੀ ਚਲਾਉਣਾ ਪਿਆ ਸੀ। ਬੱਚਿਆਂ ਦੀ ਪੜ੍ਹਾਈ ਵੀ ਇਸ ਕਰ ਕੇ ਬਹੁਤ ਵਧੀਆ ਨਾ ਹੋ ਸਕੀ। ਹਾਂ ਉਨ੍ਹਾਂ ਦੀ ਬੇਟੀ ਨੇ ਪੀ.ਐਚ-ਡੀ. ਥਕ ਦੀ ਪੜ੍ਹਾਈ ਕੀਤੀ।

ਬੀਬੀ ਤੇਜ ਕੌਰ ਦਾ ਬਹੁਤਾ ਸਮਾਂ ਅੰਮ੍ਰਿਤਸਰ ਵਿਚ ਪੁਤਲੀਘਰ ਇਲਾਕੇ ਵਿਚ ਸਿੱਖ ਮਿਸ਼ਨਰੀ ਕਲਾਜ ਦੇ ਨਾਲ ਵਾਲੇ ਘਰ ਵਿਚ ਹੀ ਬੀਤਿਆ। ਭਾਵੇਂ ਉਨ੍ਹਾਂ ਨੇ ਕੋਈ ਪਦਾਰਥਕ ਸੁੱਖ ਨਹੀਂ ਵੇਖਿਆ ਪਰ ਪੰਥ ਦੀ ਤਵਾਰੀਖ਼ ਵਿਚ ਉਨ੍ਹਾਂ ਦਾ ਨਾਂ ਮਾਣ ਨਾਲ ਜ਼ਰੂਰ ਲਿਖਿਆ ਗਿਆ ਹੈ।

# ਕੰਵਰਾਨੀ ਜਗਦੀਸ਼ ਕੌਰ

ਕੰਵਰਾਨੀ ਜਗਦੀਸ਼ ਕੌਰ ਫ਼ਰੀਦਕੋਟ ਰਿਆਸਤ ਦੇ ਕੰਵਰ ਮਨਜੀਤਇੰਦਰ ਸਿੰਘ ਬਰਾੜ (22.2.1916 - 1999) ਦੀ ਪਤਨੀ ਸਨ। ਕੰਵਰਾਨੀ ਦਾ ਪਿਛੋਕੜ ਮਹਾਰਾਜਾ ਰਣਜੀਤ ਸਿੰਘ ਦਾ ਪਰਵਾਰ ਸੀ; ਉਹ ਕੰਵਰ ਪਿਸ਼ੌਰਾ ਸਿੰਘ ਦੇ ਪੜਪੋਤੇ ਦੀ ਧੀ ਸੀ। ਉਸ ਦੇ ਮਾਪੇ ਉੱਤਰ ਪਰਦੇਸ਼ ਵਿਚ ਪਿਪਰੀ ਵ੍ਹਿਚ ਵਸੇ ਹੋਏ ਸਨ।

ਕੰਵਰਾਨੀ ਜਗਦੀਸ਼ ਕੌਰ ਕੁਈਨ ਮੇਰੀ ਕਾਲਜ ਲਾਹੌਰ ਵਿਚ ਪੜ੍ਹਦੀ ਰਹੀ ਸੀ। ਉਹ ਸ਼ਾਦੀ ਮਗਰੋਂ ਉਹ ਫ਼ਰੀਦਕੋਟ ਵਿਚ ਰਹਿਣ ਲਗ ਪਈ ਸੀ। ਕੰਵਰਾਨੀ ਨੇ ਦੋ ਪੁੱਤਰਾਂ ਤੇ ਇਕ ਬੇਟੀ ਨੂੰ ਜਨਮ ਦਿੱਤਾ ਸੀ।

ਕੰਵਰਾਨੀ ਨੂੰ ਗਹਿਣਿਆਂ ਦਾ ਬਹੁਤ ਸ਼ੌਕ ਸੀ। ਉਸ ਜ਼ਮਾਨੇ ਵਿਚ ਯੂਰਪ ਵਿਚ ਹੈਮਿਲਟਨ ਐਂਡ ਕੰਪਨੀ ਹੀਰਿਆਂ ਦੇ ਗਹਿਣੇ ਤਰਾਸ਼ਨ ਵਿਚ ਬਹੁਤ ਨਾਮਣਾ ਖੱਟ ਚੁਕੀ ਸੀ। ਇਸ ਕੰਪਨੀ ਨੇ ਇਕ ਵਾਰ ਬਹੁਤ ਲਾਸਾਨੀ ਕਿਸਮ ਦੇ ਦੋ ਬੇਸ਼-ਕੀਮਤੀ ਹਾਰ ਬਣਾਏ ਸਨ; ਇਨ੍ਹਾਂ ਵਿਚੋਂ ਇਕ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਨੇ ਖ਼ਰੀਦਿਆ ਸੀ ਅਤੇ ਦੂਜਾ ਕੰਵਰ ਮਨਜੀਤ ਇੰਦਰ ਸਿੰਘ ਨੇ ਕੰਵਰਾਨੀ ਜਗਦੀਸ਼ ਕੌਰ ਵਾਸਤੇ।

ਕੰਵਰਾਨੀ 1957 ਵਿਚ ਜੈਤੋ ਤੋਂ ਸੁਤੰਤਰ ਪਾਰਟੀ ਦੀ ਟਿਕਟ 'ਤੇ ਐਮ.ਐਲ.ਏ. ਵੀ ਚੁਣੀ ਗਈ ਸੀ; ਪਰ ਉਸ ਦਾ ਪਿਆਰ ਸ਼੍ਰੋਮਣੀ ਅਕਾਲੀ ਦਲ ਅਤੇ ਮਾਸਟਰ ਤਾਰਾ ਸਿੰਘ ਨਾਲ ਵਧੇਰੇ ਸੀ। 1957 ਦੀਆਂ ਚੋਣਾਂ ਅਕਾਲੀ ਦਲ ਅਤੇ ਕਾਂਗਰਸ ਨੇ ਸਾਂਝੀਆਂ ਲੜੀਆਂ ਸਨ। ਜਦ 1958 ਵਿਚ ਅਲੀ ਦਲ ਨੇ ਆਪਣੇ ਐਮ.ਐਲ.ਏਜ਼ ਨੂੰ ਕਾਂਗਰਸ ਛੱਡ ਦੇਣ ਵਾਸਤੇ ਕਿਹਾ ਤਾਂ ਸਿਰਫ਼ ਪੰਜ ਐਮ.ਐਲ.ਏ. ਹੀ ਆਏ ਸਨ (ਆਤਮਾ ਸਿੰਘ, ਊਧਮ ਸਿੰਘ, ਹਰਗੁਰਅਨਾਦ ਸਿੰਘ, ਸਰੂਪ ਸਿੰਘ, ਮਾਸਟਰ ਪ੍ਰਤਾਪ ਸਿੰਘ)। ਪਰ ਇਸ ਮੌਕੇ 'ਤੇ ਕੰਵਰਾਨੀ ਨੇ ਅਕਾਲੀ ਦਲ ਵਿਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ।

ਜਦ 1962 ਵਿਚ ਪ੍ਰਤਾਪ ਸਿੰਘ ਕੈਰੋਂ ਨੇ ਜੱਟ-ਭਾਪਾ ਦੇ ਨਾਂ 'ਤੇ ਸਿੱਖਾਂ ਵਿਚ ਫੁੱਟ ਪੁਆਈ ਤਾਂ ਕੰਵਰਾਨੀ ਨੇ ਮਾਸਟਰ ਜੀ ਦਾ ਸਾਥ ਦਿੱਤਾ। 1962 ਦੀਆਂ ਚੋਣਾਂ ਵਿਚ ਉਹ ਜਿੱਤ ਨਾ ਸਕੀ। ਇਸ ਮਗਰੋਂ ਉਹ ਸਿਆਸਤ ਛੱਡ ਗਈ ਤੇ ਘਰ ਬੈਠ ਗਈ। 1984 ਵਿਚ ਦਰਬਾਰ ਸਾਹਿਬ ਦੇ ਹਮਲੇ ਨੇ ਉਸ ਨੂੰ ਬਹੁਤ ਉਦਾਸ ਕਰ ਦਿਤਾ ਅਤੇ ਉਹ ਬੀਮਾਰ ਰਹਿਣ ਲਗ ਪਈ। ਅਖ਼ੀਰ ਬੀਮਾਰੀ ਵਿਚ ਹੀ ਉਹ 1996 ਵਿਚ ਚੜ੍ਹਾਈ ਕਰ ਗਈ।

# ਬੀਬੀ ਉਪਕਾਰ ਕੌਰ ਕਰਨਾਲ

4 ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ। ਇਸ ਦਾ ਮਕਸਦ ਇਕ ਤਾਂ ਇਹ ਸੀ ਕਿ ਇੰਦਰਾ ਗਾਂਧੀ ਕੋਈ ਵੱਡਾ ਐਕਸ਼ਨ ਕਰ ਕੇ ਵੋਟਰਾਂ ਨੂੰ ਭੜਕਾ ਕੇ ਚੋਣ ਜਿੱਤਣਾ ਚਾਹੁੰਦੀ ਸੀ; ਇਸ ਦਾ ਦੂਜਾ ਨਿਸ਼ਾਨਾ ਸਿੱਖਾਂ ਵਿਚ ਦਹਿਸ਼ਤ ਫੈਲਾ ਕੇ ਉਨ੍ਹਾਂ ਵਿਚ ਗ਼ੁਲਾਮੀ ਦਾ ਅਹਿਸਾਸ ਪੈਦਾ ਕਰਨਾ ਵੀ ਸੀ।

ਸਿੱਖਾਂ ਨੂੰ ਸ਼ੱਕ ਸੀ ਕਿ ਇੰਦਰਾ ਗਾਂਧੀ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ ਫ਼ੌਜੀ ਹਮਲਾ ਕਰ ਸਕਦੀ ਹੈ ਇਸ ਕਰ ਕੇ ਉਹ ਦਿੱਖ ਦੀ (symbolic) ਲੜਾਈ ਲੜਨ ਵਾਸਤੇ ਤਿਆਰ ਸਨ। ਉਂਞ ਸਿੱਖ ਇਸ ਲੜਾਈ ਨੂੰ ਲੜਨਾ ਨਹੀਂ ਚਾਹੁੰਦੇ ਸਨ ਪਰ ਜਦ ਫ਼ੌਜ ਦਾ ਹਮਲਾ ਹੋ ਗਿਆ ਤਾਂ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਸੀ ਕਿ ਉਹ ਆਪਣੀ ਹਿਫ਼ਾਜ਼ਤ ਕਰਦੇ। ਇਕ ਪਾਸੇ ਬੇਇੰਤਹਾ ਫ਼ੌਜ ਤੇ ਹਰ ਤਰ੍ਹਾਂ ਦਾ ਅਸਲਾ ਸੀ; ਹੈਲੀਕਾਪਟਰ, ਟੈਂਕ, ਬੰਦੂਕਾਂ ਤੇ ਤੋਪਾਂ ਸਨ ਤੇ ਦੂਜੇ ਪਾਸੇ ਸਿਰਫ਼ ਦੋ ਕੂ ਸੌ ਸਿੱਖ ਮੁਕਾਬਲਾ ਕਰ ਰਹੇ ਹਨ।

ਇਨ੍ਹਾਂ ਵਿਚ ਦੋ ਕੂ ਨੌਜਵਾਨ ਬੀਬੀਆਂ ਵੀ ਸਨ ਜਿਨ੍ਹਾਂ ਵਿਚ ਹੀ ਸਨ: ਹਰਮਿੰਦਰ ਸਿੰਘ ਸੰਧੂ ਦੀ ਪਤਨੀ ਅਤੇ ਦੂਜੀ ਕਰਨਾਲ ਦੀ ਬੀਬੀ ਉਪਕਾਰ ਕੌਰ। ਇਨ੍ਹਾਂ ਦੋਹਾਂ ਨੇ ਹੱਥ ਵਿਚ ਬੰਦੂਕਾਂ ਫੜ ਕੇ ਫ਼ੌਜ ਦਾ ਮੁਕਾਬਲਾ ਕੀਤਾ ਅਤੇ ਸ਼ਹੀਦ ਹੋਈਆਂ। ਬੀਬੀ ਉਪਕਾਰ ਕੌਰ ਦਾ ਪਿਤਾ ਵੀ ਇਸ ਮੌਕੇ 'ਤੇ ਸ਼ਹੀਦ ਹੋਇਆ ਸੀ। ਸਿੱਖ ਤਵਾਰੀਖ਼ ਵਿਚ ਪਿਛਲੇ 278 ਸਾਲ ਵਿਚ ਉਹ ਪਹਿਲੀ ਬੀਬੀ ਸੀ ਜੋ ਜੰਗ ਲੜਦਿਆਂ ਸ਼ਹੀਦ ਹੋਈ ਸੀ।

# ਇਸ ਸਦੀ ਦੀਆਂ ਸ਼ੇਰਨੀਆਂ

**ਵੀਹਵੀਂ ਸਦੀ ਵਿਚ ਜੂਝਣ ਵਾਲੇ ਮਹਾਨ ਸਿੱਖ ਸ਼ਹੀਦਾਂ ਅਤੇ ਯੋਧਿਆਂ ਦੇ ਕਾਰਨਾਮੇ ਕਮਾਲ ਹਨ; ਉਨ੍ਹਾਂ ਦੀ ਦੇਣ ਅੱਗੇ ਮੇਰਾ ਸਿਰ ਝੁਕਦਾ ਹੈ। ਧੰਨ ਸਨ/ਹਨ ਉਹ ਮਾਵਾਂ ਜਿਨ੍ਹਾਂ ਨੇ ਬਾਬਾ ਜਰਨੈਲ ਸਿੰਘ, ਸ: ਬੇਅੰਤ ਸਿੰਘ - ਸ: ਸਤਵੰਤ ਸਿੰਘ, ਸ: ਹਰਜਿੰਦਰ ਸਿੰਘ ਜਿੰਦਾ - ਸ: ਸੁਖਦੇਵ ਸਿੰਘ ਸੁੱਖਾ, ਸ: ਦਿਲਾਵਰ ਸਿੰਘ ਵਰਗੇ ਇਨ੍ਹਾਂ 'ਗੁਰੂ ਦੇ ਸ਼ੇਰਾਂ' ਨੂੰ ਜਨਮ ਦਿੱਤਾ। ਮੈਨੂੰ ਸ: ਹਰਜਿੰਦਰ ਸਿੰਘ ਜਿੰਦਾ ਦੀ ਮਾਤਾ ਗੁਰਨਾਮ ਕੌਰ* ਨੇ ਬਹੁਤ ਮੁਤਾਸਿਰ ਕੀਤਾ ਹੈ; ਉਸ ਦੇ ਬੋਲਾਂ ਵਿਚ ਮੈਨੂੰ ਮਾਤਾ ਭਾਗੋ ਦੀ ਆਵਾਜ਼ ਸੁਣਾਈ ਦਿੱਤੀ। ਉਸ ਮਾਤਾ ਬਾਰੇ ਬਹੁਤ ਕੁਝ ਦੱਸਣਾ ਚਾਹਵਾਂਗਾ, ਪਰ ਇਸ ਵਾਸਤੇ ਇਕ ਵੱਖਰੀ ਕਿਤਾਬ ਦੀ ਲੋੜ ਹੈ। ਇਸ ਜੱਦੋਜਹਿਦ ਵਿਚ ਜੂਝਣ ਵਾਲੀਆਂ ਹੋਰ ਬੀਬੀਆਂ ਬਾਰੇ ਵੀ ਲਿਖਣ ਦੀ ਲੋੜ ਹੈ। (*ਸ਼ੁਕਰੀਆ ਖੋਜੀ ਕਾਫ਼ਿਰ ਦਾ ਜੋ ਮੈਨੂੰ ਮਾਤਾ ਜੀ ਦੇ ਪਿੰਡ ਗਦਲੀ ਲੈ ਕੇ ਗਿਆ)।**

# ਬੀਬੀ ਅਜੀਤ ਕੌਰ (ਲੇਖਕ)

4 ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ। 31 ਅਕਤੂਬਰ 1984 ਵਿਚ ਇੰਦਰਾ ਦੇ ਕਤਲ ਮਗਰੋਂ ਕਾਂਗਰਸ ਪਾਰਟੀ ਦੇ ਲੀਡਰਾਂ ਨੇ ਦਿੱਲੀ ਅਤੇ ਹੋਰ ਬਹੁਤ ਸਾਰੀਆਂ ਥਾਂਵਾਂ 'ਤੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਵਾਇਆ। ਭਾਵੇਂ ਇਹ ਕਾਰਵਾਈ ਕਾਂਗਰਸ ਨੇ ਕਰਵਾਈ ਸੀ ਪਰ ਇਸ ਵਿਚ ਕਮਿਊਨਿਸਟ ਅਤੇ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਵੀ ਅਸਿੱਧੇ ਤੌਰ 'ਤੇ ਭਾਈਵਾਲ ਸਨ।

ਸਿੱਖਾਂ ਦੇ ਇਸ ਹਨੇਰੇ ਦੌਰ ਵਿਚ, ਚੰਦ ਇਕ ਗ਼ੈਰ-ਸਿੱਖਾਂ ਨੂੰ ਛੱਡ ਕੇ ਕਿਸੇ ਨੇ ਵੀ ਇਨ੍ਹਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਤਕ਼ ਨਹੀਂ ਮਾਰਿਆ। ਹੋਰ ਤਾਂ ਹੋਰ ਪੰਜਾਬੀ ਦੇ ਕਿਸੇ ਲੇਖਕ ਨੂੰ ਵੀ ਇਸ ਦਾ ਦਰਦ ਮਹਿਸੂਸ ਨਹੀਂ ਹੋਇਆ। 1947 ਦੇ ਕਤਲੇਆਮ 'ਤੇ 'ਅੱਜ ਆਖਾਂ ਵਾਰਸ ਸ਼ਾਹ ਨੂੰ...' ਵਰਗੀ ਕਵਿਤਾ ਲਿਖਣ ਵਾਲੀ ਅੰਮ੍ਰਿਤਾ ਪ੍ਰੀਤਮ, ਜਿਸ ਦੇ ਘਰ ਤੋਂ ਕੁਝ ਮੀਟਰ ਦੂਰ ਹੀ ਸਿੱਖਾਂ ਨੂੰ ਵਹਿਸ਼ੀਆਣਾ ਢੰਗ ਨਾਲ ਕਤਲ ਕੀਤਾ ਜਾ ਰਿਹਾ ਸੀ, ਉਹ ਵੀ ਅੱਯਾਸ਼ੀ ਕਰਦੀ ਰਹੀ ਤੇ ਉਸ ਦੀ ਮੁਰਦਾ ਕਲਮ ਵਿਚੋਂ ਇਕ ਲਫ਼ਜ਼ ਵੀ ਨਾ ਨਿਕਲਿਆ।

ਪੰਜਾਬ ਵਿਚ ਬੇਸ਼ਕ ਦਹਿਸ਼ਤ ਦਾ ਮਾਹੌਲ ਸੀ ਤੇ ਇੱਥੋਂ ਦੇ ਲੇਖਕ ਤਾਂ ਡਰ ਦਾ ਬਹਾਨਾ ਲਾ ਕੇ ਆਪਣੀ ਬੁਜ਼ਦਿਲੀ ਨੂੰ ਜ਼ਾਹਿਰ ਕਰ ਸਕਦੇ ਸਨ; ਪਰ ਦਿੱਲੀ ਵਿਚ (ਖ਼ੂਨੀ ਨਵੰਬਰ 1984 ਨੂੰ ਛੱਡ ਕੇ) ਅਜਿਹੇ ਹਾਲਾਤ ਨਹੀਂ ਸਨ। ਉੱਥੇ ਪ੍ਰੋ ਦਰਸ਼ਨ ਸਿੰਘ ਰਾਗੀ, ਕਥਾਕਾਰ ਸੰਤ ਸਿੰਘ ਮਸਕੀਨ ਤੇ ਰਾਗੀ ਸੁਰਿੰਦਰ ਸਿੰਘ ਪਟਨਾ ਸਾਹਿਬ ਵੀ ਤਾਂ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਉਂਦੇ ਰਹੇ ਸਨ। ਪਰ ਮਜਾਲ ਹੈ ਕਿ ਕਿਸੇ ਲੇਖਕ ਦੀ ਕਲਮ ਵਿਚੋਂ ਉਫ਼ ਵੀ ਨਿਕਲੀ ਹੋਵੇ। ਸਾਰੇ ਦੇ ਸਾਰੇ ਹੀ ਨਾਮਰਦ ਬਣ ਚੁਕੇ ਸਨ। ਇਸ ਸਮੇਂ ਸਿਰਫ਼ ਇਕ 'ਮਰਦ' ਉੱਠਿਆ ਜਿਸ ਨੇ ਇਸ ਜ਼ੁਲਮ ਨੂੰ ਆਪਣੀਆਂ ਲਿਖਤਾਂ ਵਿਚ ਪੇਸ਼ ਕੀਤਾ, ਉਹ ਸੀ ਅਜੀਤ ਕੌਰ। ਅਜੀਤ ਕੌਰ ਦਾ ਜੀਵਨ ਹਰਗਿਜ਼ ਪੰਥਕ ਨਹੀਂ ਸੀ, ਉਹ ਧਾਰਮਿਕ ਸੋਚ ਵਾਲੀ ਨਹੀਂ ਸੀ, ਸਗੋਂ ਉਹ ਤਾਂ ਕੁਝ ਹੱਦ ਤਕ ਅੱਯਾਸੀ ਵਾਲੀ ਜ਼ਿੰਦਗੀ ਜੀਅ ਰਹੀ ਸੀ; ਪਰ ਉਸ ਦੇ ਅੰਦਰ ਦਾ ਇਨਸਾਨ ਮਰਿਆ ਨਹੀਂ ਸੀ। ਜਿਵੇਂ 1846 ਵਿਚ ਰਾਣੀ ਜਿੰਦਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਐਨੀ ਵੱਡੀ ਤਾਕਤ ਦੇ ਖ਼ਿਲਾਫ਼ ਜੱਦੋਜਹਿਦ ਕੀਤੀ ਉਵੇਂ ਹੀ ਇਸ ਇਕੱਲੀ ਜਾਨ ਅਜੀਤ ਕੌਰ ਨੇ ਜਿਸ ਦਲੇਰੀ ਨਾਲ ਇਨਸਾਨੀਅਤ ਦੇ ਦਰਦ ਨੂੰ ਪੇਸ਼ ਕੀਤਾ ਹੈ ਉਹ ਤਵਾਰੀਖ਼ ਵਿਚ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

ਅਜੀਤ ਕੌਰ ਦਾ ਜਨਮ 16 ਨਵੰਬਰ 1934 ਦੇ ਦਿਨ ਲਾਹੌਰ ਵਿਚ ਹੋਇਆ ਸੀ। 1947 ਵਿਚ ਵੰਡ ਮਗਰੋਂ ਉਹ ਦਿੱਲੀ ਵਸ ਗਈ ਸੀ। ਅਜੀਤ ਕੌਰ ਨੂੰ ਆਪਣੀ ਨਿਜੀ ਹਸਤੀ ਕਾਇਮ ਰੱਖਣ ਵਾਸਤੇ ਬਹੁਤ ਜੂਝਣਾ ਪਿਆ। ਅਖ਼ੀਰ ਉਸ ਨੇ ਸਾਹਿਤ ਅਤੇ ਸਮਾਜ ਵਿਚ ਆਪਣਾ ਨਾਂ ਕਾਇਮ ਕਰ ਹੀ ਲਿਆ।

ਅਜੀਤ ਕੌਰ ਨੇ ਵਧੇਰੇ ਕਰ ਕੇ ਕਾਹਣੀਆਂ ਹੀ ਲਿਖੀਆਂ ਹਨ ਅਤੇ ਉਸ ਦੀਆਂ ਬਹੁਤੀਆਂ ਕਹਾਣੀਆਂ ਵਿਚ ਸੱਚੋ-ਸੱਚ ਹੀ ਪੇਸ਼ ਕੀਤਾ ਹੁੰਦਾ ਹੈ। ਉਸ ਨੇ ਜੋ ਤਸਵੀਰ ਔਰਤ ਦੀ ਪੇਸ਼ ਕੀਤੀ ਹੈ ਉਹ ਯਕੀਨਨ ਕਮਾਲ ਦੀ ਸਾਈਕਲੋਜੀਕਲ ਪੇਸ਼ਕਾਰੀ ਹੈ। ਅਜੀਤ ਕੌਰ ਦੀਆਂ ਦੀਆਂ ਕਿਤਾਬਾਂ ਹੇਠ ਲਿਖੀਆਂ ਹਨ:

*ਕਹਾਣੀਆਂ:* ਗੁਲਬਾਨੋ, ਬੁਤਸ਼ਿਕਨ, ਫ਼ਾਲਤੂ ਔਰਤ, ਨਾ ਮਾਰੋ।
*ਨਾਵਲਿਟ ਤੇ ਨਾਵਲ:* ਧੁੱਪ ਵਾਲਾ ਸ਼ਹਿਰ, ਪੋਸਟ ਮਾਰਟਮ, ਗੌਰੀ
*ਸਫ਼ਰਨਾਮਾ:* ਕੱਚੇ ਰੰਗਾਂ ਦਾ ਸ਼ਹਿਰ ਲੰਡਨ
*ਸਕੈੱਚ:* ਤਕੀਏ ਦਾ ਪੀਰ
*ਆਪਣੀ ਜੀਵਨੀ:* ਖਾਨਾ ਬਦੋਸ਼, ਕੂੜਾ ਕਬਾੜਾ
*ਹਿੰਦੀ ਵਿਚ:* ਕਸਾਈਬਾੜਾ
*ਅੰਗਰੇਜ਼ੀ ਵਿਚ:* Pebbles in a Tin Drum
*ਅਤੇ ਸਭ ਤੋਂ ਅਹਿਮ ਕਿਤਾਬ:* ਖ਼ੂਨੀ ਚੌਰਾਸੀ।

ਅਜੀਤ ਕੌਰ ਨੂੰ ਬਹੁਤ ਸਾਰੇ ਐਵਾਰਡ ਵੀ ਮਿਲੇ ਹਨ:
ਸ਼੍ਰੋਮਣੀ ਸਾਹਿਤਕਾਰ ਐਵਾਰਡ (1979)
ਆਈ.ਟੀ.ਆਈ. ਐਵਾਰਡ (1984)
ਸ਼ਾਹਿਤ ਅਕੈਡਮੀ ਐਵਾਰਡ (1985)
ਪੰਜਾਬੀ ਸਾਹਿਤ ਸਭਾ ਐਵਾਰਡ (1989)
ਭਾਰਤੀਆ ਭਾਸ਼ਾ ਐਵਾਰਡ (1989)
ਪਦਮਸ੍ਰੀ ਐਵਾਰਡ (2006)

ਯੂ. ਐਸ. ਲਾਇਬਰੇਰੀ ਆਫ਼ ਕਾਂਗਰਸ ਵਿਚ ਉਸ ਦੀਆਂ 21 ਕਿਤਾਬਾਂ ਮੌਜੂਦ ਹਨ।

ਅਜ ਕਲ੍ਹ (2010 ਵਿਚ) ਉਹ ਅਕੈਡਮੀ ਆਫ਼ ਫ਼ਾਈਨ ਆਰਟਸ ਐਂਡ ਲਿਟਰੇਚਰ (ਨਵੀਂ ਦਿੱਲੀ) ਦੀ ਚੇਅਰ-ਪਰਸਨ ਹੈ। ਉਹ ਦਿੱਲੀ ਵਿਚ ਆਪਣੀ ਕਲਾਕਾਰ ਬੇਟੀ ਅਪਰਨਾ ਕੌਰ ਨਾਲ ਰਹਿੰਦੀ ਹੈ।

## ਡਾ: ਅਮਰਜੀਤ ਕੌਰ ਇਬਨ ਕਲਾਂ ਲਿਖਤ

# ਮਾਤਾ ਗੌਰਾਂ

ਮਾਤਾ ਗੌਰਾ ਬਾਬਾ ਬੁੱਢਾ ਜੀ ਦੇ ਮਾਤਾ ਜੀ ਸਨ। ਇਹ ਪਿੰਡ ਮੰਦਰਾਂ ਵਾਲੇ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਦੇ ਸੰਧੂ ਜੱਟ ਚੌਧਰੀਆਂ ਦੀ ਧੀ ਸਨ। ,ਇਹ ਪਿੰਡ ਰਾਵੀਓਂ ਪਾਰ ਪੈਂਦਾ ਹੈ। ਮਾਤਾ ਗੌਰਾਂ ਦੀ ਸ਼ਾਦੀ ਭਾਈ ਸੁੱਘਾ ਜੀ ਪੁੱਤਰ ਭਾਈ ਗੱਗੋ, ਵਾਸੀ ਪਿੰਡ ਕੱਥੂ ਨੰਗਲ (ਜ਼ਿਲ੍ਹਾ ਅੰਮ੍ਰਿਤਸਰ) ਨਾਲ ਹੋਈ। ਆਪ ਦਾ ਘਰ ਅੰਮ੍ਰਿਤਸਰ ਤੋਂ ਬਟਾਲੇ ਜਾਂਦਿਆਂ ਕੱਥੂਨੰਗਲ ਦੇ ਅੱਡੇ ਤੋਂ ਖੱਬੇ ਹੱਥ ਉੱਚਾ ਕਿਲ੍ਹਾ ਸੀ। ਇਹ ਕਿਲ੍ਹਾ ਭਾਈ ਗਗੋ ਪੁੱਤਰ ਭਾਈ ਦੱਲ (ਜਿਸ ਨੇ ਚਵਿੰਡਾ ਪਿੰਡ, ਹੁਣ ਚਵਿੰਡਾ ਦੇਵੀ, ਵਸਾਇਆ ਸੀ) ਨੇ ਬਣਵਾਇਆ ਸੀ। ਇਹ ਪਰਵਾਰ 22 ਪਿੰਡਾਂ ਦਾ ਮਾਲਕ ਸੀ। ਹੁਣ ਤਕ ਚਵਿੰਡਾ ਨੂੰ '22 ਵਾਸ ਚਵਿੰਡਾ' ਕਿਹਾ ਜਾਂਦਾ ਹੈ। ਇਸੇ ਕਿਲ੍ਹੇ ਵਿਚ ਮਾਤਾ ਗੌਰਾਂ ਦੇ ਕੁੱਖੋਂ ਬਾਬਾ ਬੁੱਢਾ ਪੈਦਾ ਹੋਇਆ ਸੀ। ਗੁਰੂ ਨਾਨਕ ਸਾਹਿਬ ਜੀ ਨਾਲ ਪਹਿਲੀ ਮੁਲਾਕਤਾ ਵੇਲੇ ਸਿਆਣੀਆਂ ਗੱਲਾਂ ਕਰਦੇ ਨੂੰ ਵੇਖ ਕੇ ਇਸ ਦੇ ਬਾਪ ਨੇ ਗੁਰੂ ਜੀ ਨੇ ਕਿਹਾ ਸੀ, 'ਵੇਖੋ ਬਾਬਾ ਜੀ ਇਹ ਬੁੱਢਿਆਂ ਵਾਂਙ ਗੱਲਾਂ ਕਰਦਾ ਹੈ'; ਤੇ ਉਸ ਦਾ ਨਾਂ ਬੁੱਢਾ ਹੀ ਚਲ ਪਿਆ ਸੀ।

ਇਕ ਵਾਰ ਗੁਰੂ ਨਾਨਕ ਸਾਹਿਬ ਉਦੋਕੇ, ਟਾਹਲੀ ਸਾਹਿਬ, ਹਦਾਇਤਪੁਰਾ, ਚਵਿੰਡਾਦੇਵੀ ਹੁੰਦੇ ਹੋਏ ਕੱਥੂ ਨੰਗਲ ਪੁੱਜੇ ਸਨ। ਇਕ ਰਿਵਾਇਤ ਮੁਤਾਬਿਕ, ਇੱਥੇ ਕਿਲ੍ਹੇ ਦੇ ਸਾਹਮਣੇ ਫ਼ਰਲਾਂਗ ਕੁ ਦੂਰ, ਜਿਥੇ ਗੱਗੋ ਦੀ ਸਮਾਧ ਸੀ, ਉੱਥੇ ਗੁਰੂ ਜੀ ਬੈਠੇ ਸਨ ਜਦੋਂ ਉਨ੍ਹਾਂ ਨਾਲ ਬੁੱਢੇ ਦਾ ਮਿਲਾਪ ਹੋਇਆ। ਗੁਰੂ ਸਾਹਿਬ ਨੇ ਪਹਿਲੀ ਨਜ਼ਰੇ ਹੀ ਬਾਲਕ ਨੂੰ ਨਦਰੀਂ-ਨਦਰ-ਨਿਹਾਲ ਕਰ ਦਿੱਤਾ ਸੀ। ਬੇਅੰਤ ਖ਼ੁਸ਼ੀ ਹਾਸਿਲ ਕਰ ਕੇ ਬਾਲਕ ਆਪਣੇ ਘਰ ਮਾਤਾ ਕੋਲੋਂ ਦੁੱਧ ਲਿਆਉਣ ਲਈ ਭੱਜਾ ਗਿਆ। ਮਾਤਾ ਗੋਰਾਂ ਉਸੇ ਵੇਲੇ ਆਪ ਦੁੱਧ ਲੈ ਕੇ ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ ਤੇ ਫਿਰ ਗੁਰੂ ਜੀ ਨੂੰ ਅਦਬ ਨਾਲ ਘਰ ਲੈ ਆਏ। ਮਾਤਾ ਗੌਰਾਂ ਤੇ ਭਾਈ ਸੁਘਾ ਨੇ ਵੀ ਗੁਰੂ ਜੀ ਦੀ ਪਿਆਰ ਨਾਲ ਸੇਵਾ ਕੀਤੀ। ਜਦੋਂ ਗੁਰੂ ਜੀ ਤੁਰਨ ਲਗੇ ਤਾਂ ਬਾਲਕ ਨੇ ਨਾਲ ਹੀ ਜਾਣ ਦੀ ਜ਼ਿਦ ਕੀਤੀ। ਮਾਤਾ ਗੌਰਾਂ ਨੇ ਇਹ ਨਹੀਂ ਕਿਹਾ ਕਿ ਮੇਰਾ ਇਕੋ ਇਕ ਪੁੱਤਰ ਹੈ ਮੈਂ ਨਹੀਂ ਭੇਜਣਾ, ਸਗੋਂ ਖੁਸ਼ੀ-ਖੁਸ਼ੀ ਭੇਜ ਦਿਤਾ। ਗੁਰੂ ਜੀ ਬਾਲਕ ਸਮੇਤ ਵੇਰਕਾ, ਅੰਮ੍ਰਿਤਸਰ (ਹੁਣ ਵਾਲੀ ਦਰਬਾਰ ਸਾਹਿਬ ਜਗ੍ਹਾ ਜਿੱਥੇ ਜੰਗਲ ਸੀ) ਹੁੰਦੇ ਹੋਏ ਕਰਤਾਰਪੁਰ ਪੁਜ ਗਏ।

ਮਗਰੋਂ ਮਾਤਾ ਗੌਰਾ ਜੀ ਕਰਤਾਰਪੁਰ ਜਾ ਕੇ ਬੁੱਢੇ ਨੂੰ ਵਾਪਸ ਲੈ ਆਏ। ਪਰ,ਉਸ ਨੂੰ ਗੁਰੂ ਜੀ ਨਾਲ ਐਸਾ ਪਿਆਰ ਹੋ ਗਿਆ ਸੀ ਕਿ ਉਹ ਮੁੜ-ਮੁੜ ਕਰਤਾਰਪੁਰ ਚਲਾ ਜਾਂਦਾ ਸੀ। ਇਸੇ ਦੌਰਾਨ ਇਕ ਵਾਰ ਸੋਕਾ ਪੈ ਗਿਆ। ਘਾਹ ਪੱਠੇ ਦੀ ਕਮੀ ਹੋ ਗਈ। ਰਾਵੀਓਂ ਪਾਰ ਹਰੀ ਖੁਲ੍ਹੀ ਚਰਾਂਦ ਸੀ। ਸੁੱਘਾ ਤੇ ਗੌਰਾਂ ਮੰਦਰਾਂ ਵਾਲੇ ਤੋਂ ਇਧਰ ਆ ਗਏ ਤੇ ਹੁਣ ਵਾਲੇ ਰਮਦਾਸ ਵਾਲੀ ਥਾਂ 'ਤੇ ਘਰ ਬਣਾ ਲਏ। ਫਿਰ ਮਾਤਾ ਸੁਲਖਣੀ ਜੀ ਨੇ ਅਚੱਲ ਤੋਂ ਬਾਬਾ ਬੁੱਢਾ ਨੂੰ ਰਿਸ਼ਤਾ ਕਰਾਇਆ ਸੀ। ਬਾਬਾ ਬੁੱਢਾ ਦੇ ਵਿਆਹ ਸਮੇਂ ਗੁਰੂ ਨਾਨਕ ਸਾਹਿਬ ਪਰਿਵਾਰ ਸਣੇ ਕੱਥੂ ਨੰਗਲ ਪੁੱਜੇ ਸਨ। ਮਾਤਾ ਗੌਰਾਂ ਤੇ ਮਾਤਾ ਸੁਲੱਖਣੀ ਹੁਣ ਪੱਕੀਆਂ ਸਹੇਲੀਆਂ ਬਣ ਚੁੱਕੀਆਂ ਸਨ। ਮਾਤਾ ਗੌਰਾਂ ਨੇ ਗੁਰੂ ਸਾਹਿਬ, ਮਾਤਾ ਸੁਲੱਖਣੀ ਤੇ ਸਾਹਿਬਜ਼ਾਦਿਆਂ ਨੂੰ ਕੀਮਤੀ ਤੋਹਫ਼ੇ ਦੇ ਕੇ ਤੋਰਿਆ।

ਮਾਤਾ ਗੌਰਾਂ ਤੇ ਭਾਈ ਸੁੱਘਾ ਦਾ ਚਲਾਣਾ ਇਸੇ ਹੀ ਕਿਲ੍ਹੇ ਵਿਚ ਹੋਇਆ ਸੀ, ਅਤੇ ਗੁਰੂ ਸਾਹਿਬ ਮਾਤਾ ਸੁਲੱਖਣੀ ਇਸ ਮੌਕੇ 'ਤੇ ਪੁੱਜੇ ਸਨ।

ਮਾਤਾ ਪਿਤਾ ਦੇ ਚਲਾਣੇ ਤੋਂ ਬਾਅਦ ਬਾਬਾ ਬੁੱਢਾ ਪੱਕੇ ਤੌਰ ਤੇ ਰਾਵੀਓਂ ਪਾਰ (ਹੁਣ ਵਾਲੇ ਰਮਦਾਸਪੁਰੇ) ਜਾ ਵਸੇ। ਬਾਬਾ ਜੀ ਦੇ ਘਰ ਚਾਰ ਸਪੁੱਤਰ ਸੁਧਾਰੀ, ਭਿਖਾਰੀ, ਮਹਿਮੂ ਤੇ ਭਾਨਾ ਹੋਏ। ਭਾਨਾ ਦੇ ਜਨਮ ਦੀ ਖੁਸ਼ੀ ਵਿਚ ਗੁਰੂ ਨਾਨਕ ਸਾਹਿਬ ਨੇ ਆਪਣੇ ਹੱਥੀਂ ਪਿੰਡ ਭਾਨਾ ਤਲਵੰਡੀ ਦੀ ਮੋੜ੍ਹੀ ਗੱਡ ਕੇ ਨਵਾਂ ਪਿੰਡ ਬੰਨ੍ਹਿਆ। ਇਹੀ ਭਾਨਾ ਤਲਵੰਡੀ ਝੰਡੇ ਰਾਮਦਾਸ ਅਖਵਾਇਆ ਤੇ ਹੁਣ ਕੇਵਲ ਰਮਦਾਸ ਰਹਿ ਗਿਆ ਹੈ।

ਬਾਬਾ ਬੁੱਢਾ ਜੀ ਤੇਰ੍ਹਾਂ ਸਾਲ ਦੀ ਉਮਰੇ ਗੁਰੂ ਚਰਨਾਂ ਨਾਲ ਜੁੜੇ ਤੇ ਇਹ ਮੁਮਕਿਨ ਹੋਇਆ ਸੀ ਉਨ੍ਹਾਂ ਦੀ ਮਾਂ ਗੌਰਾਂ ਦੀ ਬਦੌਲਤ।

# ਮਾਤਾ ਮਿਰੋਆ

ਮਾਤਾ ਮਿਰੋਆ ਬਾਬਾ ਬੁੱਢਾ ਜੀ ਦੀ ਪਤਨੀ ਸਨ। ਬਾਬਾ ਬੁੱਢਾ ਦੇ ਵਿਚੋਲੇ ਮਾਤਾ ਸੁਲੱਖਣੀ ਸਨ, ਜਿਨ੍ਹਾਂ ਨੇ ਹੀ ਅੱਚਲ ਵਟਾਲਾ ਤੋਂ ਰਿਸ਼ਤਾ ਬਾਬਾ ਬੁੱਢਾ ਨੂੰ ਕਰਵਾਇਆ ਸੀ। ਬਾਬਾ ਬੁੱਢਾ ਦਾ ਵਿਆਹ 1580 ਬਿਕਰਮੀ ਫੱਗਣ 15, ਐਤਵਾਰ ਨੂੰ ਪਿੰਡ ਅੱਚਲ ਵਿਚ ਸਮਗਰ ਗੋਤ ਦੀ ਬੀਬੀ ਮਿਰੋਆ ਨਾਲ ਹੋਇਆ ਸੀ।

ਮਾਤਾ ਮਿਰੋਆ ਵਿਆਹ ਮਗਰੋਂ ਪਹਿਲਾਂ ਕੱਥੂਨੰਗਲ (ਗਗੋ ਨੰਗਲ ਦੇ ਕਿਲ੍ਹੇ ਵਿਚ) ਰਹੇ ਸਨ ਫਿਰ ਜਦੋਂ ਉਨ੍ਹਾਂ ਨੇ ਰਾਵੀਓਂ ਆਰ ਰਮਦਾਸ ਦੇ ਥਾਂ 'ਤੇ ਘਰ ਬਣਾ ਲਏ ਗਏ ਤਾਂ ਮਾਤਾ ਇਥੇ ਹੀ ਰਹੇ। ਮਾਤਾ ਮਿਰੋਆ ਦੀ ਕੁੱਖੋਂ ਚਾਰ ਪੁੱਤਰ ਸੁਧਾਰੀ, ਭਿਖਾਰੀ, ਮਹਿਮੂ ਤੇ ਭਾਨਾ ਪੈਦਾ ਹੋਏ।

ਪਹਿਲਾ ਪੁੱਤਰ ਭਾਈ ਸੁਧਾਰੀ ਸੰਨ 1528 ਵਿਚ ਪੈਦਾ ਹੋਇਆ ਸੀ; ਤੇ ਇਸ ਦਾ ਵਿਆਹ, ਦਰਿਆ ਬਿਆਸ ਦੇ ਕੰਢੇ ਪਿੰਡ ਭਗਤੂ (ਤਹਸੀਲ ਕਸੂਰ ਜ਼ਿਲ੍ਹਾ ਲਾਹੌਰ, ਫਿਰ ਜ਼ਿਲ੍ਹਾ ਅੰਮ੍ਰਿਤਸਰ, ਤੇ ਹੁਣ ਜ਼ਿਲ੍ਹਾ ਤਰਨਤਾਰਨ) ਵਿਚ ਹੋਇਆ ਸੀ। ਦੂਜੇ ਪੁੱਤਰ ਭਿਖਾਰੀ ਸੰਨ 1531 ਵਿਚ ਜਨਮਿਆ ਸੀ; ਤੇ ਇਸ ਦਾ ਵਿਆਹ ਪਿੰਡ ਸਮਰਾ (ਨੇੜੇ ਡੇਰਾ ਬਾਬਾ ਨਾਨਕ) ਦੇ ਭਾਈ ਨਰੈਣੇ ਬਸਰੇ ਜ਼ਮੀਂਦਾਰ ਦੇ ਘਰ 1545 ਵਿਚ ਹੋਇਆ ਸੀ। ਤੀਜਾ ਪੁੱਤਰ ਭਾਈ ਮਹਿਮੂ ਸੰਨ 1533 ਵਿਚ ਪੈਦਾ ਹੋਇਆ ਸੀ; ਤੇ ਇਸ ਦਾ ਵਿਆਹ ਭਿੰਡਰ ਜ਼ਮੀਂਦਾਰਾਂ ਦੇ ਘਰ ਪਿੰਡ ਤਲਵੰਡੀ ਭਿੰਡਰ ਵਿਚ ਸੰਨ 1550 ਵਿਚ ਹੋਇਆ ਸੀ। ਮਾਤਾ ਮਿਰੋਆ ਦਾ ਚੌਥਾ ਪੁੱਤਰ ਭਾਈ ਭਾਨਾ ਜੋ ਸੰਨ 1536 ਵਿਚ ਪੈਦਾ ਹੋਇਆ ਸੀ; ਦਾ ਵਿਆਹ ਜ਼ਿਲ੍ਹਾ ਜਲੰਧਰ ਦੇ ਪਿੰਡ ਢਿਲਵਾਂ (ਲਾਗੇ ਵਜ਼ੀਰ ਦੇ ਪੱਤਣ) ਦੇ ਢਿਲੋਂ ਜ਼ਮੀਂਦਾਰ ਦੀ ਬਬਿ ਗੌਰਾਵੇ ਨਾਲ ਸੰਨ 1554 ਵਿਚ ਹੋਇਆ ਸੀ।

ਮਾਤਾ ਮਿਰੋਆ ਜੀ ਨੇ 73 ਸਾਲ ਦੀ ਉਮਰ ਭੋਗੀ। ਆਪ 1638 ਬਿਕਰਮੀ (ਸੰਨ 1581) ਵਿਚ ਮਾਘ ਦੇ ਮਹੀਨੇ ਥਿਤ ਵਦੀ 5 ਨੂੰ ਪਿੰਡ ਭਾਨਾ ਤਲਵੰਡੀ (ਰਮਦਾਸ) ਵਿਚ ਚੜ੍ਹਾਈ ਕਰ ਗਏ। ਮਾਤਾ ਮਿਰੋਆ ਇਕ ਬਹੁਤ ਹੀ ਸਬਰ ਸੰਤੋਖ ਵਾਲੀ ਸੂਝਵਾਨ ਔਰਤ ਸੀ। ਬਾਬਾ ਬੁੱਢਾ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਗੁਰੂ ਘਰ ਦੀ ਸੇਵਾ ਵਿਚ ਬਿਤਾਇਆ। ਉਦੋਂ ਮਾਤਾ ਮਿਰੋਆ ਨੇ ਪਤੀ ਦੀ ਗ਼ੈਰਹਾਜ਼ਰੀ ਵਿਚ ਘਰ ਦਾ ਸਾਰਾ ਕੰਮ ਆਪਣੇ ਮੋਢਿਆਂ ਤੇ ਸੰਭਾਲੀ ਰਖਿਆ ਤਾਂ ਹੀ ਬਾਬਾ ਬੁੱਢਾ ਜੀ ਗੁਰੂ ਘਰ ਦੀ ਸੇਵਾ ਨਿਭਾਉਣ ਦੇ ਕਾਬਲ ਬਣੇ।

# ਮਾਤਾ ਸਭਰਾਈ

ਮਾਤਾ ਸਭਰਾਈ ਬਾਬਾ ਬੁੱਢਾ ਜੀ ਦੀ ਛੇਵੀਂ ਪੀੜ੍ਹੀ ਬਾਬਾ ਗੁਰਦਿੱਤਾ ਦੀ ਪਤਨੀ ਸਨ।

ਮਾਤਾ ਸਭਰਾਈ ਚੌਧਰੀ ਦਲਪਤ ਰਾਏ ਬਾਜਵਾ ਵਾਸੀ ਪਿੰਡ ਚਵਿੰਡਾ ਬਾਜਵਿਆਂ ਦਾ (ਜ਼ਿਲ੍ਹਾ ਸਿਆਲਕੋਟ ਤਹਿਸੀਲ ਜ਼ਫ਼ਰਵਾਲ, ਪਾਕਿਸਤਾਨ) ਦੀ ਬੇਟੀ ਸੀ। ਪਹਿਲਾਂ ਚੌਧਰੀ ਦਲਪਤ ਰਾਏ ਬਾਜਵਾ ਨੇ ਆਪਣੀ ਬੇਟੀ ਸੁਜਾਨੋ ਦਾ ਵਿਆਹ ਭਾਈ ਗੁਰਦਿਤਾ ਜੀ ਨਾਲ ਕੀਤਾ ਸੀ ਉਸ ਤੋਂ ਇਕ ਬੱਚੀ ਲੱਛਮੀ ਪੈਦਾ ਹੋਈ। ਫਿਰ ਸੁਜਾਨੋ ਦੇ ਚੜ੍ਹਾਈ ਕਰ ਜਾਣ ਮਗਰੋਂ ਚੌਧਰੀ ਨੇ ਆਪਣੀ ਦੂਜੀ ਬੇਟੀ ਸਭਰਾਈ ਦਾ ਵਿਆਹ ਬਾਬਾ ਗੁਰਦਿੱਤਾ ਨਾਲ 1658 ਵਿਚ ਕੀਤਾ, ਜਿਸ ਤੋਂ ਭਾਈ ਰਾਮ ਕੁਇਰ ਜੀ (ਖੰਡੇ ਦੀ ਪਾਹੁਲ ਮਗਰੋਂ ਭਾਈ ਗੁਰਬਖਸ਼ ਸਿੰਘ) ਪੈਦਾ ਹੋਏ। ਗੁਰੂ ਘਰ ਵਾਸਤੇ ਪਿਆਰ ਤੇ ਸਤਿਕਾਰ ਸਭਰਾਈ ਜੀ ਨੂੰ ਬਚਪਨ ਤੋਂ ਹੀ ਮਿਲ ਚੁਕਾ ਸੀ। ਪਹਿਲਾਂ ਪਿਤਾ ਨਾਲ ਗੁਰੂ ਦਰਸ਼ਨਾਂ ਨੂੰ ਪੁਜਦੇ ਰਹੇ ਸਨ, ਫਿਰ ਪਤੀ ਨਾਲ ਗੁਰੂ ਘਰ ਪੁਜ ਕੇ ਸੇਵਾ ਵਿਚ ਹਾਜ਼ਰ ਹੁੰਦੇ ਰਹੇ।

ਪਰਵਾਰ ਮੁਤਾਬਿਕ, 11 ਅਗਸਤ 1664 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਬਕਾਲੇ ਵਿਖੇ ਗੁਰਆਈ ਸੌਂਪਣ ਦੀ ਰਸਮ ਵੇਲੇ ਭਾਈ ਗੁਰਦਿੱਤਾ ਨੇ ਗੁਰੂ ਜੀ ਨੂੰ ਪਰਵਾਰ ਵੱਲੋਂ ਇਕ ਘੋੜਾ, ਅਤਿ ਕੀਮਤੀ ਪੁਸ਼ਾਕ, ਸੁੱਚੇ ਨਗਾਂ ਨਾਲ ਜੜੀ ਤਲਵਾਰ, ਇਕ ਨੌਂ-ਲੜੀਆ ਹਾਰ, ਸੁੰਦਰ ਜੜਤ-ਜੜਿਆ ਜੋੜਾ ਭੇਟ ਕੀਤਾ ਸੀ। ਇਸੇ ਤਰ੍ਹਾਂ ਦਸਵੇਂ ਪਾਤਿਸ਼ਹ ਵਾਸਤੇ ਵੀ ਮਾਤਾ ਸਭਰਾਈ ਨੇ ਆਪਣੇ ਦੇਵਰ ਭਾਈ ਹਰਦਿੱਤਾ ਰਾਹੀਂ ਪੰਜ ਘੋੜੇ, ਇਕ ਬਾਜ, ਪੰਜ ਸੌ ਮੁਹਰ, ਸੁੰਦਰ ਪੁਸ਼ਾਕੀ, ਕਮਰ-ਕੱਸਾ, ਜੜਤ-ਜੜਿਆ ਜੋੜਾ, ਨੌ ਲੱਖਾ ਪੰਜ ਲੜੀਆ ਹਾਰ ਭੇਜਿਆ ਸੀ।

ਇਸ ਤੋਂ ਬਾਅਦ ਭਾਈ ਰਾਮ ਕੁਇਰ ਬੇਸ਼ਕ ਮਾਤਾ ਨਾਲ ਝੰਡਾ ਰਮਦਾਸਪੁਰ ਆ ਗਏ ਸਨ ਪਰ ਜੁਆਨ ਹੋਣ ਤੀਕ ਕਈ ਵਾਰੀ ਅਨੰਦਪੁਰ ਸਾਹਿਬ ਪੁਜੇ ਸਨ। ਮਾਤਾ ਸਭਰਾਈ ਦੀ ਵੀ ਗੁਰੂ ਮਹਿਲਾਂ ਵਿਚ ਬਹੁਤ ਪਿਆਰ ਵਾਲੀ ਥਾਂ ਸੀ।

ਖੰਡੇ ਦੀ ਪਾਹੁਲ ਸ਼ੁਰੂ ਕਰਨ ਵਾਲੇ ਦਿਨ ਭਾਈ ਰਾਮ ਕੁਇਰ ਜੀ ਅਨੰਦਪੁਰ ਵਿਚ ਸਨ ਤੇ ਉਹ ਗੁਰੂ ਜੀ ਦੇ ਹੱਥੋਂ ਪਾਹੁਲ ਲੈ ਕੇ ਭਾਈ ਗੁਰਬਖਸ਼ ਸਿੰਘ ਬਣ ਗਏ। 1705 ਅਪਰੈਲ ਵਿਚ ਜਦ ਅਨੰਦਪੁਰ ਨੂੰ ਘੇਰਾ ਪਿਆ ਤਾਂ ਉਸ ਸਮੇਂ ਆਪ ਅਨੰਦਪੁਰ ਨਹੀਂ ਸਨ। ਮਗਰੋਂ ਉਨ੍ਹਾਂ ਨੂੰ ਪਤਾ ਲਗਾ ਕਿ ਗੁਰੂ ਜੀ ਤਲਵੰਡੀ ਸਾਬੋ ਵਿਚ ਹਨ ਤਾਂ ਉਹ (ਰਾਮ ਕੁਇਰ) ਤਲਵੰਡੀ ਸਾਬੋ ਪੁੱਜ ਗਏ ਸਨ। ਫਿਰ ਅਕਤੂਬਰ 1706 ਵਿਚ ਤਲਵੰਡੀ ਸਾਬੋ ਤੋਂ ਗੁਰੂ ਜੀ ਦੇ ਨਾਲ

ਹੀ ਦਿੱਲੀ ਤੋਂ ਹੁੰਦੇ ਹੋਏ ਨੰਦੇੜ ਪੁਜ ਗਏ ਸਨ। ਗੁਰੂ ਜੀ ਦੀ ਸ਼ਹੀਦੀ ਮਗਰੋਂ ਵੀ ਆਪ ਨੰਦੇੜ ਵਿਚ ਹੀ ਰੁਕੇ ਰਹੇ। ਕਾਫ਼ੀ ਦੇਰ ਮਗਰੋਂ ਭਾਈ ਗੁਰਬਖਸ਼ ਸਿੰਘ ਵਾਪਸ ਰਮਦਾਸ ਆਪਣੇ ਪਰਵਾਰ ਵਿਚ ਆ ਗਏ; ਤੇ ਇਸ ਪਿੱਛੋਂ ਛੇਤੀ ਹੀ ਮਾਤਾ ਸਭਰਾਈ ਆਪਣੇ ਭਰੇ ਪਰਿਵਾਰ ਪੁੱਤਰ ਗੁਰਬਖਸ਼ ਸਿੰਘ ਪੋਤਰੇ ਭਾਈ ਮੋਹਰ ਸਿੰਘ ਤੇ ਕ੍ਰਿਸ਼ਨ ਕੁੰਵਰ ਨੂੰ ਛਡ ਕੇ ਚੜ੍ਹਾਈ ਕਰ ਗਏ।

ਪਰਵਾਰ ਮੁਤਾਬਿਕ ਜਦੋਂ ਭਾਈ ਗੁਰਬਖਸ਼ ਸਿਘ ਜੀ ਨੰਦੇੜ ਸਨ ਤਾਂ ਮਾਤਾ ਸਭਰਾਈ ਦਾ ਪੁੱਤਰ ਨੂੰ ਮਿਲਣ ਲਈ ਬਹੁਤ ਮਨ ਕੀਤਾ। ਮਾਤਾ ਨੇ ਰਮਦਾਸਪੁਰੇ ਦੀ ਸੰਗਤ ਨੂੰ ਤਿਆਰ ਕੀਤਾ ਤੇ ਅਰਦਾਸ ਕਰ ਕੇ ਤੁਰ ਪਈ। ਸਭ ਤੋਂ ਪਹਿਲਾਂ ਮਾਤਾ ਸਭਰਾਈ ਦਿੱਲੀ ਮਾਤਾ ਸੁੰਦਰ ਕੌਰ ਕੋਲ ਪੁੱਜੇ ਅਤੇ ਉੱਥੋਂ ਨੰਦੇੜ ਗਏ। ਉਨ੍ਹਾਂ ਨੂੰ ਵੇਖ ਕੇ ਭਾਈ ਗੁਰਬਖਸ਼ ਸਿੰਘ (ਰਾਮ ਕੁਇਰ) ਨੇ ਕਿਹਾ, 'ਮਾਤਾ ਜੀ, ਤੁਸੀਂ ਕਿਉਂ ਇਡਾ ਲੰਮਾ ਪੈਂਡਾ ਮਾਰ ਕੇ ਆਏ ਹੋ; ਅਸੀਂ ਆਪ ਹੀ ਤੁਹਾਡੇ ਕੋਲ ਪੁਜ ਜਾਂਦੇ।' ਇਸ 'ਤੇ ਮਾਤਾ ਸਭਰਾਈ ਨੇ ਕਿਹਾ ਕਿ ਮੈਂ ਤੁਹਾਨੂੰ ਲੈਣ ਆਈ ਹਾਂ। ਫਿਰ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਮੈਂ ਗੁਰਬਖਸ਼ ਸਿੰਘ ਨੂੰ ਲੈਣ ਆਈ ਹੈ ਤਾਂ ਗੁਰੂ ਜੀ ਨੇ ਕਿਹਾ, 'ਮਾਤਾ ਜੀ, ਹੁਣ ਤੁਸੀਂ ਰਹਿਣਾ ਹੈ ਰਹੋ, ਤੇ ਜੇ ਜਾਣਾ ਹੈ ਤਾਂ ਜਾਉ; ਇਹ ਅਜੇ ਵਾਪਿਸ ਨਹੀਂ ਜਾ ਸਕਦੇ; ਕੁਝ ਹੀ ਸਮੇਂ ਬਾਅਦ ਇਹ ਆਪ ਹੀ ਤੁਹਾਡੇ ਪਾਸ ਪੁਜ ਜਾਣਗੇ।' ਅਕਤੂਬਰ 1708 ਵਿਚ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ, 1765 ਬਿ. ਕਤਕ ਸੁਦੀ 4 ਦਿਨ ਵੀਰਵਾਰ ਨੂੰ, ਉਨ੍ਹਾਂ ਨੇ ਭਾਈ ਗੁਰਬਖਸ਼ ਸਿੰਘ ਜੀ ਨੂੰ ਕਿਹਾ ਸਾਡੇ ਸਮਾਉਣ ਤੋਂ ਬਾਅਦ ਤੁਸੀਂ ਵਾਪਸ ਵਤਨ ਜਾਉ; ਸਿੱਖੀ ਦਾ ਪ੍ਰਚਾਰ ਕਰੋ।

# ਬੀਬੀ ਰੱਜੀ (ਪਤਨੀ ਭਾਈ ਦੇਸ ਰਾਜ)

ਬੀਬੀ ਰੱਜੀ ਭਾਈ ਦੇਸ ਰਾਜ ਖੱਤਰੀ ਵਾਸੀ ਸੁਰ ਸਿੰਘ (1947 ਤੋਂ ਪਹਿਲੋਂ ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ) ਵਾਲਿਆਂ ਦੀ ਧਰਮ ਪਤਨੀ ਸੀ। ਪਿੰਡ ਸੁਰ ਸਿੰਘ ਜੋ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਨਾਲ ਜੁੜ ਚੁਕਾ ਸੀ, ਸਾਰੇ ਗੁਰੂ ਸਾਹਿਬਾਨ ਤਕ ਸਿੱਖੀ ਨਾਲ ਜੁੜਿਆ ਰਿਹਾ ਸੀ। ਇਸ ਪਿੰਡ ਦੇ ਬਾਬਾ ਬਿੱਧੀ ਚੰਦ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਭਾਈ ਲਾਲ ਚੰਦ ਤੇ ਉਨ੍ਹਾਂ ਦੇ ਪੁੱਤਰ ਸ: ਗੁਰਦਿਆਲ ਸਿੰਘ ਬਿਧੀਚੰਦੀਏ ਸਿੱਖੀ ਪ੍ਰਚਾਰ ਵਿਚ ਵਡਾ ਹਿੱਸਾ ਪਾ ਰਹੇ ਸਨ, ਜਿਸ ਨਾਲ ਇਸ ਪਿੰਡ ਦੇ ਸਾਰੇ ਜੱਟ, ਖੱਤਰੀ, ਰਾਮਗੜ੍ਹੀਏ ਵਗ਼ੈਰਾ ਸਿੱਖੀ ਵਿਚ ਪਰਪੱਕ ਹੋ ਚੁਕੇ ਸਨ। ਇੱਥੋਂ ਦੇ ਬਹੁਤ ਸਾਰੇ ਸਿੱਖ ਸ਼ਹੀਦੀਆਂ ਵੀ ਪਾ ਚੁਕੇ ਸਨ।

ਦੂਜੇ ਘੱਲੂਘਾਰੇ (5 ਫ਼ਰਵਰੀ 1762) ਮਗਰੋਂ ਅਹਿਮਦ ਸ਼ਾਹ ਦੁੱਰਾਨੀ ਨੇ 10 ਅਪਰੈਲ 1762 ਨੂੰ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿਤਾ ਤੇ ਸਰੋਵਰ ਮਲਬੇ ਅਤੇ ਕੂੜੇ ਕਰਕਟ ਨਾਲ ਭਰਵਾ ਦਿਤਾ। ਪਰ ਅਪਰੈਲ 1763 ਤਕ ਸਿੱਖਾਂ ਨੇ ਮੁੜ ਅੰਮ੍ਰਿਤਸਰ ਆਪਣੇ ਕਬਜੇ ਹੇਠ ਕਰ ਲਿਆ ਸੀ।

ਹੁਣ ਸਿੱਖਾਂ ਨੇ ਦਰਬਾਰ ਸਾਹਿਬ ਦੀ ਅਤੇ ਸਰੋਵਰ ਦੀ ਮੁੜ ਸੇਵਾ ਕਰਾਉਣ ਦਾ ਫੈਸਲਾ ਕੀਤਾ। ਉਸ ਸਮੇਂ ਸੁਰਸਿੰਘ ਵਿਚ ਭਾਈ ਦੇਸ ਰਾਜ ਇਕ ਅਮੀਰ ਪਰ ਬਹੁਤ ਈਮਾਨਦਾਰ ਸ਼ਖ਼ਸ ਰਹਿੰਦੇ ਸਨ। ਉਨ੍ਹਾਂ ਨੂੰ ਦਰਬਾਰ ਸਾਹਿਬ ਦੀ ਸੇਵਾ ਕਰਾਉਣ ਲਈ ਚੁਣਿਆ ਗਿਆ। ਭਾਈ ਸਾਹਿਬ ਪਤਨੀ ਸਮੇਤ ਸੁਰਸਿੰਘ ਤੋਂ ਅਕਾਲ ਬੁੰਗੇ ਆ ਗਏ। ਭਾਈ ਦੇਸ ਰਾਜ ਜੀ ਨੂੰ ਅਕਾਲ ਤਖਤ ਦੀ ਮੋਹਰ ਵਰਤਣ ਦਾ ਹੱਕ ਵੀ ਸਰਬਤ ਖਾਲਸਾ ਨੇ ਦਿਤਾ; ਇਸ ਮੋਹਰ ਨਾਲ ਉਹ ਜਿਸ ਤੋਂ ਚਾਹੁਣ ਖ਼ਤ ਲਿਖ ਕੇ ਪੈਸੇ ਮੰਗਵਾ ਸਕਦੇ ਸਨ। ਇਹ ਹੱਕ ਭਾਈ ਦੇਸ ਰਾਜ ਕੋਲ ਵੀਹ ਸਾਲ ਰਿਹਾ। (ਇਹ ਮੋਹਰ ਦਾ ਮਤਲਬ ਉਨ੍ਹਾਂ ਨੂੰ ਧਾਰਮਿਕ ਹੱਕ ਦੇਣਾ ਨਹੀਂ ਸੀ। ਇਹ ਸਿਰਫ਼ ਮਾਲੀ ਮਕਸਦ ਵਾਸਤੇ ਹੀ ਸੀ)।

ਹੁਣ ਸਿੱਖ ਸਰਦਾਰਾਂ ਨੇ ਲੱਖਾਂ ਰੁਪਿਆ, ਸੋਨਾ, ਚਾਂਦੀ ਭਾਈ ਦੇਸ ਰਾਜ ਨੂੰ ਲਿਆ ਭੇਟ ਕੀਤਾ। ਸ. ਕਰਮ ਸਿੰਘ ਹਿਸਟੋਰੀਅਨ ਲਿਖਦੇ ਹਨ, "ਘਰ ਵਿਚ ਲੱਖਾਂ ਰੁਪਿਆ, ਸੋਨੇ, ਚਾਂਦੀ ਦੀਆਂ ਥੈਲੀਆਂ ਭਰੀਆਂ ਹੋਈਆਂ ਪਈਆਂ ਹੁੰਦੀਆਂ ਸਨ ਪਰ ਬੀਬੀ ਰੱਜੀ ਨੇ ਕਦੇ ਉਸ ਪੈਸੇ ਨੂੰ ਖ਼ੁਦ ਵਾਸਤੇ ਨਹੀਨ ਵਰਤਿਆ ਸੀ। ਉਹ ਆਪਣੇ ਘਰ ਦੇ ਬਾਹਰਲੇ ਪਾਸੇ ਇਕ ਕੋਨੇ ਵਿਚ ਆਪਣੀ ਧੀ ਨਾਲ ਬੈਠ ਕੇ ਚੱਕੀ ਪੀਂਹਦੀ ਰਹਿੰਦੀ ਸੀ; ਅਤੇ ਇਸ ਆਟਾ ਪੀਹਣ ਦੀ ਮਜ਼ਦੂਰੀ ਵਿਚੋਂ ਕੌਡੀ-ਦਮੜੀ ਦੀ ਸੰਭਾਲ ਲਿਆ ਕਰਦੀ ਸੀ।

ਪਿਛੋਂ ਜਦੋਂ ਕੁਝ ਪੂੰਜੀ ਜੁੜ ਗਈ ਉਸ ਨਾਲ ਵੀ ਇਕ ਛੋਟਾ ਜਿਹਾ ਵਖਰਾ ਗੁਰਦੁਆਰਾ (ਬੁੰਗਾ) ਬਣਾ ਦਿੱਤਾ।

ਇਕ ਪ੍ਰਚੱਲਤ ਸਾਖੀ ਮੁਤਾਬਿਕ, ਇਕ ਦਿਨ ਬੀਬੀ ਰੱਜੀ ਨੇ ਇਕ ਮਿੱਟੀ ਦੀ ਥੋਬਾ ਚੋਅ ਰਹੀ ਹੋਈ ਦੀ ਛੱਤ ਨੂੰ ਲਾ ਲਿਆ। ਭਾਈ ਦੇਸ ਰਾਜ ਇੰਨੇ ਵਿਚ ਹੀ ਬੀਬੀ ਰੱਜੀ ਨਾਲ ਨਾਰਾਜ਼ ਹੋ ਗਏ ਕਿ ਉਸ ਨੇ ਗੁਰੂ ਘਰ ਦੀ ਮਿੱਟੀ ਦਾ ਇਕ ਥੋਬਾ ਵੀ ਕਿਉਂ ਰਸੋਈ ਨੂੰ ਲਾ ਲਿਆ ਹੈ। ਬੀਬੀ ਰੱਜੀ ਜੀ ਨੇ ਹਲੀਮੀ ਨਾਲ ਪਤੀ ਤੋਂ ਮੁਆਫ਼ੀ ਮੰਗੀ ਪਰ ਉਸ ਨੇ ਇਹ ਮੋੜਵਾਂ ਜੁਆਬ ਨਹੀਂ ਦਿਤਾ ਕਿ 'ਮਿੱਟੀ ਲਾ ਲਈ ਹੈ ਕੀ ਹੋਇਆ? ਇਥੇ ਪਰਸ਼ਾਦਾ ਵੀ ਤੇ ਸੇਵਾਦਾਰਾਂ ਲਈ ਹੀ ਤਿਆਰ ਹੁੰਦਾ ਹੈ।' ਇਹ ਕਹਾਣੀ ਇਸ ਕਰ ਕੇ ਘੜੀ ਗਈ ਸੀ ਤਾਂ ਜੋ ਦੱਸਿਆ ਜਾ ਸਕੇ ਕਿ ਭਾਈ ਦੇਸ ਰਾਜ ਨੇ ਤਾਂ ਚੜ੍ਹਾਵੇ ਦੀ ਮਿੱਟੀ ਦਾ ਥੋਬਾ ਵੀ ਨਿਜ ਵਾਸਤੇ ਨਹੀਂ ਸੀ ਵਰਤਿਆ ਅਤੇ ਅੱਜ ਦੇ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਿਆਂ ਨਾਲ ਸਬੰਧਤ ਆਗੂ ਅਤੇ ਮੁਲਾਜ਼ਮ ਕਿਵੇਂ ਗੁਰੂ ਘਰ ਦੀ ਦੌਲਤ ਨੂੰ ਦੋਹੀਂ ਹੱਥੀ ਲੁੱਟ ਰਹੇ ਹਨ।

ਬੀਬੀ ਰੱਜੀ ਦੇ ਨਾਂ 'ਤੇ ਪਿੰਡ ਸੁਰ ਸਿੰਘ ਵਿਚ ਇਕ ਖੂਹੀ ਵੀ ਹੈ ਜੋ ਗਲੀ ਮੰਗਲ ਸਿੰਘ ਵਾਲੀ ਪਾਸੇ ਹੈ। ਇਸ ਨੂੰ 'ਸ਼ੱਕਰ ਖੂਹੀ' ਕਿਹਾ ਜਾਂਦਾ ਸੀ ਕਿਉਂਕਿ ਇਸ ਦਾ ਪਾਣੀ ਆਮ ਖੂਹੀਆਂ ਨਾਲੋਂ ਕਿਤੇ ਮਿੱਠਾ ਸੀ।

ਬੀਬੀ ਰੱਜੀ ਨੇ ਘਰ ਵਿੱਚ ਬੇਹੱਦ ਦੌਲਤ ਹੁੰਦਿਆਂ ਹੋਇਆਂ ਵੀ ਕਦੀ ਆਪਣਾ ਮਨ ਨਾ ਡੋਲਣ ਦਿਤਾ। ਉਹ ਆਪਣੀ ਮਿਹਨਤ ਕਰ ਕੇ, ਯਾਨਿ ਕੱਤਣਾ, ਪੀਹਣਾ ਕਰ ਕੇ ਘਰ ਦੀ ਰੋਟੀ ਤੋਰਦੀ ਰਹੀ ਸੀ।

ਬੀਬੀ ਰੱਜੀ ਆਪਣੇ ਪਤੀ ਭਾਈ ਦੇਸ ਰਾਜ ਜੀ ਵਾਂਗ ਪੂਰਨ ਗੁਰਸਿੱਖ ਤੇ ਧਰਮ ਅਤੇ ਰੱਬ 'ਤੇ ਯਕੀਨ ਅਤੇ ਅਕੀਦੇ ਵਾਲੀ ਸਿੱਖ ਇਸਤਰੀ ਸੀ।

# ਬੀਬੀ ਪ੍ਰਧਾਨ ਕੌਰ

ਬੀਬੀ ਪ੍ਰਧਾਨ ਕੌਰ ਪਟਿਆਲੇ ਦੇ ਬਾਬਾ ਆਲਾ ਸਿੰਘ ਦੇ ਪੁੱਤਰ ਰਾਜਾ ਭੂਮੀਆ ਸਿੰਘ ਦੀ ਬੇਟੀ ਸੀ। ਇਸ ਦੀ ਮੰਗਣੀ ਭਾਈ ਗੁਰੂਬਖਸ਼ ਸਿੰਘ (ਰਾਮ ਕੁਇਰ) ਦੇ ਵਡੇ ਪੁੱਤਰ ਮੋਹਰ ਸਿੰਘ ਨਾਲ ਹੋਈ ਸੀ। ਭਾਈ ਗੁਰਬਖਸ਼ ਸਿੰਘ ਜੀ ਦੇ ਨੰਦੇੜ ਤੋਂ ਵਾਪਸ ਆਉਣ ਮਗਰੋਂ ਇਨ੍ਹਾਂ ਦਾ ਵਿਆਹ ਹੋਇਆ। ਪ੍ਰਧਾਨ ਕੌਰ ਦੇ ਘਰ ਇਕ ਪੁੱਤਰ ਰੂਪ ਸਿੰਘ ਪੈਦਾ ਹੋਇਆ ਜੋ ਛੋਟੀ ਉਮਰ ਵਿੱਚ ਚਲਾਣਾ ਕਰ ਗਿਆ। ਫਿਰ ਬੀਬੀ ਪ੍ਰਧਾਨ ਕੌਰ ਨੇ ਆਪ ਭਾਈ ਗੁਰਬਖਸ਼ ਅਗੇ ਮੋਹਰ ਸਿੰਘ ਦੀ ਦੂਜੀ ਸ਼ਾਦੀ ਲਈ ਅਰਜ਼ ਕੀਤੀ। ਬੀਬੀ ਦੇ ਕਹਿਣ 'ਤੇ ਭਾਈ ਮੋਹਰ ਸਿੰਘ ਦਾ ਵਿਆਹ ਕੰਦੋਵਾਲੀ ਦੇ ਜ਼ਮੀਂਦਾਰ ਭਾਈ ਲੰਗਰ ਸਿੰਘ ਦੀ ਬੇਟੀ ਦੇਸੋ ਨਾਲ ਹੋਇਆ। ਬੀਬੀ ਦੇਸੋ ਤੋਂ ਵਡਭਾਗ ਸਿੰਘ ਪੈਦਾ ਹੋਇਆ ਜੋ ਸਤ ਸਾਲ ਦੀ ਉਮਰ ਵਿਚ ਚਲਾਣਾ ਕਰ ਗਿਆ ਤੇ ਮਾਤਾ ਦੇਸੋ ਵੀ ਚਲਾਣਾ ਕਰ ਗਈ। ਫਿਰ ਪ੍ਰਧਾਨ ਕੌਰ ਨੇ ਆਪਣੇ ਪਤੀ ਮੋਹਰ ਸਿੰਘ ਦੀ ਤੀਜੀ ਸ਼ਾਦੀ ਬੈਂਸ ਪਿੰਡ ਦੇ ਜ਼ਮੀਂਦਾਰ ਦੀ ਧੀ ਨਿਸਤਾਰਾਂ ਨਾਲ ਕੀਤੀ। ਜਿਸ ਤੋਂ ਦੋ ਪੁੱਤਰ ਵਡਾ ਸ਼ਾਮ ਸਿੰਘ ਤੇ ਛੋਟਾ ਆਭਾ ਸਿੰਘ ਪੈਦਾ ਹੋਏ।

ਸ਼ਾਮ ਸਿੰਘ ਦਾ ਆਪਣੀ ਵੱਡੀ ਮਾਂ ਪ੍ਰਧਾਨ ਕੌਰ ਨਾਲ ਬਹੁਤ ਪਿਆਰ ਸੀ। ਇਹ ਪ੍ਰਧਾਨ ਕੌਰ ਦੇ ਹੀ ਪੁੱਤਰ ਕਰ ਕੇ ਹੀ ਜਾਣੇ ਜਾਂਦੇ ਸਨ; ਸੋ ਪਟਿਆਲਾ ਰਾਜ ਭੂਮੀਆ ਸਿੰਘ ਦੇ ਦੋਹਤੇ ਹੀ ਕਹੇ ਜਾਂਦੇ ਸਨ। ਪ੍ਰਧਾਨ ਕੌਰ ਨੇ ਸ਼ਾਮ ਸਿੰਘ ਲਈ ਮਹੱਲ ਬਨਵਾਏ। ਮਹੱਲ ਦੇ ਬੁਰਜਾਂ 'ਤੇ ਹਰ ਵੇਲੇ ਫ਼ੌਜੀ ਤਿਆਰ-ਬਰ-ਤਿਆਰ ਖੜ੍ਹੇ ਰਹਿੰਦੇ ਸਨ। ਕਿਲ੍ਹੇ ਵਰਗੇ ਮਹਲ ਦੀ ਕੰਧ ਏਨੀ ਚੌੜੀ ਸੀ ਕਿ ਚਾਰ ਘੋੜੇ ਇਕੱਠੇ ਦੌੜ ਸਕਦੇ ਸਨ। ਮਹਿਲ ਵਿਚ ਹੀ ਪਾਣੀ ਦੇ ਹੌਜ਼ ਬਣਵਾਏ ਹੋਏ ਸਨ। ਸ਼ਾਮ ਸਿੰਘ ਸਦਾ ਇਕ ਮਹਾਰਾਜਾ ਵਾਂਙ ਹੀ ਵਿਚਰੇ। ਉਨ੍ਹਾਂ ਨੇ ਪ੍ਰਧਾਨ ਕੌਰ ਦੀ ਹਦਾਇਤ ਹੇਠ ਪੰਜ ਕਿਲ੍ਹੇ ਵੀ ਬਣਵਾਏ। ਪਹਿਲਾ ਕਿਲ੍ਹਾ ਸ਼ਾਮਪੁਰਾ, ਜੋ ਝੰਡਾ ਰਾਮਦਾਸ ਤੋਂ ਪਹਾੜ ਦੀ ਬਾਹੀ ਚੜ੍ਹਦੇ ਪਾਸੇ ਹੈ; ਦੂਜਾ ਸ਼ਾਹਪੁਰ, ਜੋ ਝੰਡਾ ਰਾਮਦਾਸ ਤੋਂ 10 ਕਿਲੋਮੀਟਰ ਦੀ ਵਿੱਥ 'ਤੇ ਉੱਤਰ-ਪੱਛਮ ਵੱਲ ਹੈ; ਤੀਜਾ ਕਿਲ੍ਹਾ ਸ਼ਾਮਨਗਰ ਵਿਚ; ਤੇ ਚੌਥਾ ਭੰਗਾਲੀ ਪਿੰਡ ਵਿਚ ਬਣਵਾਇਆ। ਉਨ੍ਹਾਂ ਨੇ ਹਥਿਆਰ ਸੁਰੱਖਿਅਤ ਰੱਖਣ ਲਈ 'ਦਮਦਮਾ' ਵੀ ਬਣਵਾਇਆ, ਜੋ ਗੁਰਦੁਆਰਾ ਸਾਹਿਬ ਵਿਚ ਹੀ ਹੈ।

ਬੀਬੀ ਪ੍ਰਧਾਨ ਕੌਰ ਨੇ ਇਹ 'ਦਮਦਮਾ' ਇਸ ਤਰੀਕੇ ਨਾਲ ਤਿਆਰ ਕਰਵਾਇਆ ਕਿ ਕਿਸੇ ਵੀ ਤਰ੍ਹਾਂ ਦੁਸ਼ਮਣ ਇਸ ਦਾ ਨੁਕਸਾਨ ਨਾ ਕਰ ਸਕੇ। ਦਮਦਮੇ ਦੇ ਭਾਰੇ ਦਰਵਾਜ਼ੇ ਤਾਂ ਸਨ ਹੀ, ਨਲਾ ਹੀ ਅੰਦਰ ਹੀ ਇਕ ਖੂਹੀ ਹੈ ਜਿਸ ਦੀ ਭੌਣੀ ਉਪਰ ਤੀਜੀ ਮੰਜ਼ਿਲ 'ਤੇ ਲਗੀ ਹੋਈ ਹੈ। ਉੱਪਰੋਂ ਪਾਣੀ ਇਕ

ਤਾਰੇ ਵਾਂਗ ਨਜ਼ਰ ਆਉਣ ਕਰ ਕੇ, ਇਸ ਨੂੰ 'ਅਸਮਾਨੀ ਖੂਹੀ' ਕਿਹਾ ਜਾਂਦਾ ਹੈ। ਜੇ ਕਰ ਦੁਸ਼ਮਣ ਦਮਦਮੇ ਨੂੰ ਅੱਗ ਵੀ ਲਗਾ ਦੇਂਦਾ ਹੈ ਤਾਂ ਉਪਰੋਂ ਪਾਣੀ ਖਿਚ ਕੇ ਇਕ ਬਣੇ ਹੋਏ ਛੋਟੇ ਜਿਹੇ ਤਸਲਾਂ ਜਿਹੇ ਵਿਚ ਪਾ ਦਿਤਾ ਜਾਏ ਤਾਂ ਪਾਣੀ ਦਰਵਾਜ਼ਿਆਂ ਤੇ ਆ ਪਏਗਾ; ਜਿਸ ਨਾਲ ਅਗ ਲਗਣੀ ਮੁਮਕਿਨ ਨਹੀਂ।

ਪ੍ਰਧਾਨ ਕੌਰ ਆਪਣੇ ਪੁੱਤਰ ਸ਼ਾਮ ਸਿੰਘ ਦੀ ਦੇਹ ਅਰੋਗ ਬਣਾਈ ਰਖਣ ਲਈ ਪੰਦਰਾਂ ਸੌ ਏਕੜ ਵਿਚ ਹਿਰਨੀਆਂ ਰਖਵਾਈਆਂ। ਹਿਰਨੀਆਂ ਦਾ ਦੁੱਧ ਸ਼ਾਮ ਸਿੰਘ ਜੀ ਨੂੰ ਦਿਤਾ ਜਾਂਦਾ ਸੀ। ਪ੍ਰਧਾਨ ਕੌਰ ਉਨ੍ਹਾਂ ਸਮਿਆਂ ਵਿਚ ਸਭ ਤੋਂ ਵਧ ਪੜ੍ਹੀ ਲਿਖੀ ਔਰਤ ਸੀ। ਭਾਈ ਗੁਰਬਖਸ਼ ਸਿੰਘ (ਉਰਫ਼ ਭਾਈ ਰਾਮ ਕੁਇਰ) ਵਲੋਂ ਲਿਖਾਈਆਂ ਸਾਖੀਆਂ ਦੇ ਗ੍ਰੰਥ ਇਨ੍ਹਾਂ ਕੋਲ ਹੀ ਹੁੰਦੇ ਸਨ।

ਨਵੰਬਰ 1766 ਵਿਚ ਮਾਤਾ ਪ੍ਰਧਾਨ ਕੌਰ ਦੇ ਪਤੀ ਭਾਈ ਮੋਹਰ ਸਿੰਘ ਚਲਾਣਾ ਕਰ ਗਏ ਤੇ ਇਹ ਆਪਣੇ ਪੇਕੇ ਪਿੰਡ ਬਰਨਾਲੇ ਚਲੇ ਗਏ। ਉਸ ਵੇਲੇ ਬਰਨਾਲਾ ਇਕ ਪਿੰਡ ਹੀ ਸੀ; ਏਥੇ ਕੋਈ ਸਤਸੰਗ ਨਹੀਂ ਸੀ; ਕੋਈ ਸੰਗਤ ਨਹੀਂ ਸੀ; ਕੋਈ ਬਾਣੀ ਦਾ ਪ੍ਰਵਾਹ ਨਹੀਂ ਸੀ। ਪ੍ਰਧਾਨ ਕੌਰ ਨੇ ਅੰਮ੍ਰਿਤਸਰ ਤੋਂ ਪੰਡਿਤ ਨਿੱਕਾ ਸਿੰਘ ਨਿਰਮਲੇ ਨੂੰ ਬਰਨਾਲੇ ਸਦ ਲਿਆ।

ਪ੍ਰਧਾਨ ਕੌਰ ਦੇ ਪਿਤਾ ਰਾਜਾ ਭੂਮੀਆ ਸਿੰਘ (ਪੁੱਤਰ ਬਾਬਾ ਆਲਾ ਸਿੰਘ ਪਟਿਆਲਾ) ਨੇ ਆਪਣੀ ਬੇਟੀ ਨੂੰ 30 ਪਿੰਡ ਦੇ ਦਿਤੇ, ਜਿਨ੍ਹਾਂ ਦੀ ਆਮਦਨ ਤੋਂ ਪ੍ਰਧਾਨ ਕੌਰ ਆਪਣੇ ਖ਼ਰਚ ਚਲਾਉਣ ਲਗੇ। ਬਰਨਾਲੇ ਵਿਚ ਰੋਜ ਦੀਵਾਨ ਸਜਦੇ ਸਨ; ਪ੍ਰਧਾਨ ਕੌਰ ਨੇ ਸਤਸੰਗ ਕੀਰਤਨ ਲਈ ਇਕ ਬਾਰਾਂਦਰੀ ਬਣਵਾਈ ਹੋਈ ਸੀ ਜਿੱਥੇ ਪੰਡਿਤ ਨਿੱਕਾ ਸਿੰਘ ਕੱਥਾ ਕੀਰਤਨ ਕਰਦੇ ਹੁੰਦੇ ਸੀ। ਮਗਰੋਂ ਇਹ ਬਾਰਾਂਦਰੀ ਅਤੇ ਖੁਡੀਆਂ ਪਿੰਡ ਮਾਤਾ ਪ੍ਰਧਾਨ ਕੌਰ ਨੇ ਪੰਡਿਤ ਨਿੱਕਾ ਸਿੰਘ ਨੂੰ ਅਰਦਾਸ ਕਰ ਦਿਤੀ। ਇਸ ਦਾ ਪਟਾ ਬਰਨਾਲੇ ਬਾਬਾ ਗਾਂਧਾ ਸਿੰਘ ਜੀ ਦੀ ਬਾਰਾਂਦਰੀ (ਧਰਮਸਾਲਾ) ਵਿਚ ਹੈ।

ਪ੍ਰਧਾਨ ਕੌਰ ਨੇ ਇਕ ਹਵੇਲੀ ਤੇ ਬੁੰਗਾ ਵੀ ਬਣਵਾਇਆ। ਇਸ ਦਾ ਨਾਮ 'ਨਲਵਈ ਬੁੰਗਾ' ਕਰੀਕੇ ਪ੍ਰਸਿੱਧ ਸੀ। ਇਸ ਦਾ ਪ੍ਰਬੰਧ ਵੀ ਪੰਡਿਤ ਨਿੱਕਾ ਸਿੰਘ ਦਾ ਚੇਲਾ ਰਣ ਸਿੰਘ ਕਰਦਾ ਕਿਹਾ ਫਿਰ ਸਾਉਣ ਸਿੰਘ ਤੋਂ ਬਾਅਦ ਠਾਕੁਰ ਸਿੰਘ ਕਰਦਾ ਰਿਹਾ ਸੀ।

ਪ੍ਰਧਾਨ ਕੌਰ ਨੇ ਬਰਨਾਲੇ ਵਿਖੇ ਰਮਦਾਸ ਦੀ ਤਰਜ਼ ਤੇ ਕਈ ਬਾਗ਼ ਤੇ ਖੂਹ ਲਗਵਾਏ; ਜਿਨ੍ਹਾਂ ਦੇ ਨਿਸ਼ਾਨ ਹੁਣ ਤਕ ਕਾਇਮ ਹਨ। ਬਰਨਾਲੇ ਹੀ ਪ੍ਰਧਾਨ ਕੌਰ ਦਾ ਆਖ਼ਰੀ ਸਮਾਂ ਆਇਆ।

# ਬੀਬੀ ਰਤਨ ਕੌਰ, ਸੁਰ ਸਿੰਘ

ਬੀਬੀ ਰਤਨ ਕੌਰ ਪਿੰਡ ਸੁਰ ਸਿੰਘ (ਵੰਡ ਤੋਂ ਪਹਿਲਾਂ ਜ਼ਿਲ੍ਹਾ ਲਾਹੌਰ, ਹੁਣ ਅੰਮ੍ਰਿਤਸਰ) ਦੀ ਮ੍ਹਾਣਾ ਕੀ ਪੱਤੀ ਦੇ ਸ. ਬਖਸ਼ੀਸ਼ ਸਿੰਘ ਢਿੱਲੋਂ ਦੀ ਧਰਮ ਪਤਨੀ ਸੀ।

ਸ. ਬਖਸ਼ੀਸ਼ ਸਿੰਘ ਉਨ੍ਹਾਂ ਪਹਿਲੇ ਮਝੈਲਾਂ ਵਿਚੋਂ ਇਕ ਸਨ ਜਿਨ੍ਹਾਂ 1896 ਵਿਚ ਵਿਦੇਸ਼ ਦੀ ਧਰਤੀ 'ਤੇ ਪੈਰ ਪਾਇਆ ਸੀ। ਦੋ ਸਾਲ ਅਮਰੀਕਾ ਵਿਚ ਰਹਿਣ ਮਗਰੋਂ ਉਹ ਫਿਰ ਆਪਣੇ ਪਿੰਡ ਵਾਪਸ ਆਏ ਤੇ ਦੋ ਸਾਥੀਆਂ ਨੂੰ ਨਾਲ ਲੈ ਕੇ ਮੁੜ ਸਾਨਫ਼ਰਾਂਸਿਸਕੋ ਚਲੇ ਗਏ। 1900 ਵਿਚ ਦੋਬਾਰਾ ਆਏ ਤੇ ਆਪਣੀ ਪਤਨੀ ਬੀਬੀ ਰਤਨ ਕੌਰ ਨੂੰ ਨਾਲ ਲੈ ਗਏ।

ਵਿਦੇਸ਼ ਦੀ ਧਰਤੀ ਤੇ ਪੈਰ ਪਾਉਣ ਵਾਲੀ, ਰਾਣੀ ਜਿੰਦਾਂ ਤੋਂ ਬਾਅਦ, ਪਹਿਲੀ ਪੰਜਾਬਣ ਬੀਬੀ ਸ਼ਾਇਦ ਇਹ ਬੀਬੀ ਰਤਨ ਕੌਰ ਹੀ ਸੀ। ਵਿਦੇਸ਼ ਵਿਚ ਰਹਿ ਕੇ ਉਸ ਨੇ ਅੱਠ ਬੱਚਿਆਂ ਨੂੰ ਜਨਮ ਦਿੱਤਾ ਸੀ। ਇਨ੍ਹਾਂ ਦੋਹਾਂ ਜੀਆਂ ਨੇ ਹੀ ਸਭ ਤੋਂ ਪਹਿਲਾਂ ਆਪਣਾ ਮਕਾਨ ਵਿਦੇਸ਼ ਵਿਚ ਬਣਾਇਆ ਸੀ ਤੇ ਇਨ੍ਹਾਂ ਦਾ ਘਰ ਹੀ ਪੰਜਾਬ ਤੋਂ ਜਾਣ ਵਾਲੇ ਬਹੁਤ ਸਾਰੇ ਪੰਜਾਬੀਆਂ ਦੀ ਠਾਹਰ ਬਣਦਾ ਹੁੰਦਾ ਸੀ। 1913 ਵਿਚ ਜਦ ਗ਼ਦਰ ਪਾਰਟੀ ਬਣੀ ਤਾਂ ਇਨ੍ਹਾਂ ਦਾ ਘਰ ਹੀ ਗ਼ਦਰੀਆਂ ਦੇ ਸਮੂਹ ਦਾ ਹੈਡਕੁਆਟਰਜ਼ ਬਣਿਆ ਸੀ। ਜੋ ਲੋਕ ਜੰਗਲ ਵਿੱਚੋਂ ਲਕੜਾਂ ਕੱਟਣ ਤੇ ਲਾਇਨਾਂ ਵਿਛਾਉਣ ਦੀ ਲੇਬਰ ਕਰਦੇ ਸਨ, ਉਨ੍ਹਾਂ ਦੀ ਰੋਟੀ ਪਕਾਉਣ ਦੀ ਸੇਵਾ ਵੀ ਬੀਬੀ ਰਤਨ ਕੌਰ ਖਿੜੇ ਮੱਥੇ ਕਰਦੇ ਰਹੇ ਸਨ।

ਬੀਬੀ ਰਤਨ ਕੌਰ ਨੂੰ ਮਾਣ ਸੀ ਕਿ ਉਸ ਦੇ ਪਿਤਾ ਤੇ ਭਰਾਵਾਂ ਨੇ ਗੁਰੂ ਤੇ ਗੁਰਬਾਣੀ ਨਾਲ ਜੁੜ ਕੇ, ਆਜ਼ਾਦੀ ਵਾਸਤੇ ਵਿਢੀ ਜੰਗ ਵਿਚ ਹਿੱਸਾ ਲਿਆ ਸੀ। ਇਸੇ ਲਈ ਉਸ ਨੇ ਆਪਣੇ ਤੇਰ੍ਹਾਂ ਸਾਲਾ ਪੁੱਤਰ ਬੁੱਧ ਸ਼ਮਸ਼ੇਰ ਸਿੰਘ ਨੂੰ ਜਲਾਵਤਨ ਸਰਕਾਰ ਦੇ ਪ੍ਰਾਈਮ ਮਨਿਸਟਰ ਮਹਿੰਦਰ ਪ੍ਰਤਾਪ ਸਿੰਹ ਨਾਲ ਅਜਾਦੀ ਦੇ ਮਿਸ਼ਨ ਲਈ ਤੋਰ ਦਿਤਾ ਸੀ।

ਇਸ ਪਰਵਾਰ ਕੋਲ ਉਸ ਸਮੇਂ ਦੀ ਤਸਵੀਰ ਮੌਜੂਦ ਹੈ ਜਿਸ ਵਿਚ ਰਾਜੇ ਮਹਿੰਦਰ ਪ੍ਰਤਾਪ ਸਿੰਹ ਨਾਲ, ਸ. ਗੇਂਦਾ ਸਿੰਘ ਸਗਲ, ਦਸੌਂਧਾ ਸਿੰਘ ਮਾਨ, ਇੰਦਰ ਸਿੰਘ ਤਤੂਮਾਜਰਾ, ਬਿਸ਼ਨ ਸਿੰਘ ਬੁਰਜ, ਚਰਨ ਸਿੰਘ ਝੁਲਟਾ ਤੇ ਸ. ਦੂਲਾ ਸਿੰਘ ਖੇੜਾ ਨਜ਼ਰ ਆਉਂਦੇ ਹਨ (ਵੇਖੋ: ਡਾ. ਅਮਰਜੀਤ ਕੌਰ, *ਅੰਮ੍ਰਿਤਸਰ ਜ਼ਿਲ੍ਹੇ ਦਾ ਇਤਿਹਾਸਕ ਪਿੰਡ ਸੁਰ ਸਿੰਘ*, ਸਫ਼ੇ 58 ਅਤੇ 108-115)।

ਰਾਜਾ ਮਹਿੰਦਰ ਪ੍ਰਤਾਪ ਸਿੰਹ ਦੀ ਕਥਨੀ ਤੇ ਕਰਨੀ ਵਿਚ ਫਰਕ ਸੀ; ਉਸ ਨੇ ਬੱਚੇ ਦਾ ਪੂਰੀ ਤਰ੍ਹਾਂ ਖਿਆਲ ਨਾ ਰੱਖਿਆ; ਅਖ਼ੀਰ ਉਹ ਬੱਚਾ, ਬੁੱਧ ਸਮਸ਼ੇਰ ਸਿੰਘ, ਚੀਨ ਦੇ ਗੋਬੀ ਡੈਜਰਟ ਵਿਚੋਂ ਹੀ ਬਿਮਾਰ ਹੋ ਕੇ ਸਾਥੀਆਂ ਸਮੇਤ ਵਾਪਿਸ ਆ ਗਿਆ। ਮਗਰੋਂ ਇਸ ਬੁੱਧ ਸ਼ਮਸ਼ੇਰ ਨੇ ਯੂਨੀਵਰਸਿਟੀ ਵਿਚੋਂ ਪੰਜਾਬੀਆਂ ਵਿਚੋਂ ਸਭ ਤੋਂ ਪਹਿਲਾਂ ਡਾਕਟਰ ਦੀ ਡਿਗਰੀ ਹਾਸਲ ਕੀਤੀ ਸੀ।

ਗ਼ਦਰ ਆਗੂਆਂ ਬਾਬਾ ਵਿਸਾਖਾ ਸਿੰਘ ਦਦੇਹਰ, ਬਾਬਾ ਸੋਹਣ ਸਿੰਘ ਭਕਨਾ, ਸ. ਊਧਮ ਸਿੰਘ ਕਸੇਲ, ਸ: ਕੇਸਰ ਸਿੰਘ ਠਠਗੜ੍ਹ ਵਰਗੇ ਨਾਮਵਰ ਗ਼ਦਰੀਆਂ ਦੀ ਪਹਿਲੀ ਬੈਠਕ ਇਸੇ ਦੇ ਘਰ ਹੋਈ ਸੀ। ਇਸ ਤੋਂ ਇਲਾਵਾ ਪਹਿਲੇ ਲਾਹੌਰ ਸਾਜਸ ਕੇਸ ਵਿਚ ਫਾਂਸੀ ਲਗਣ ਵਾਲੇ ਭਾਈ ਕਰਤਾਰ ਸਿੰਘ ਸਰਾਭਾ, ਭਾਈ ਜਗਤ ਸਿੰਘ ਸੁਰ ਸਿੰਘ, ਵਿਸ਼ਨੂੰ ਗਣੇਸ਼ ਪਿੰਗਲੇ ਵਰਗੇ ਤੇ ਹੋਰ ਨਾਮਵਰ ਗ਼ਦਰੀ ਵੀ ਇਨ੍ਹਾਂ ਦੇ ਘਰ ਆਉਂਦੇ-ਜਾਂਦੇ ਰਹੇ ਸਨ।

ਮਗਰੋਂ ਗਵਰਨਰ ਮਾਈਕਲ ਉਡਵਾਇਰ ਨੂੰ ਗੋਲੀ ਨਾਲ ਉਡਾ ਦੇਣ ਵਾਲੇ ਭਾਈ ਊਧਮ ਸਿੰਘ ਕੰਬੋਜ ਵੀ ਸਾਨਫਰਾਂਸਿਸਕੋ ਵਿੱਚ ਇਨ੍ਹਾਂ ਕੋਲ ਹੀ ਦੋ ਸਾਲ ਤਕ ਰਹੇ ਸਨ।

ਬੀਬੀ ਰਤਨ ਕੌਰ ਆਪਣੀਆਂ ਧੀਆਂ-ਪੁੱਤਰਾਂ ਸਮੇਤ ਚੜ੍ਹਦੀ ਕਲਾ ਵਿਚ ਰਹਿੰਦੀ ਸੀ ਅਤੇ ਸੇਵਾ ਵਿਚ ਲਗੀ ਰਹਿੰਦੀ ਸੀ। ਬੀਬੀ ਜੀ ਵਲ ਵੇਖ ਕੇ ਹੀ ਹੋਰ ਪੰਜਾਬੀ ਵੀ ਆਪਣੀਆਂ ਪਤਨੀਆਂ ਨੂੰ ਵਿਦੇਸ਼ ਲੈ ਕੇ ਜਾਣ ਦਾ ਹੌਸਲਾ ਕਰ ਸਕੇ, ਨਤੀਜੇ ਵਜੋਂ ਅੱਜ ਲੱਖਾਂ ਪੰਜਾਬਨਾਂ ਵਿਦੇਸ਼ਾਂ ਵਿਚ ਹਨ।

ਬੀਬੀ ਰਤਨ ਕੌਰ ਦੇ ਜਿਊਂਦੇ ਜੀ ਹੀ ਅੁਸ ਦੇ ਦੋ ਪੁੱਤਰ ਤੇ ਦੋ ਧੀਆਂ ਚੜ੍ਹਾਈ ਕਰ ਗਏ ਸਨ। ਜ਼ਿੰਦਗੀ ਦੀਆਂ ਕਈ ਮੁਸ਼ਕਲਾਂ ਨਾਲ ਜੂਝਦੇ ਆਪ ਵੀ ਵਿਦੇਸ਼ ਵਿਚ ਹੀ ਚੜ੍ਹਾਈ ਕਰ ਗਏ।ਆਪ ਜੀ ਤੋਂ ਪਹਿਲਾਂ ਹੀ ਆਪ ਦੇ ਪਤੀ ਸ. ਬਖਸ਼ੀਸ਼ ਸਿੰਘ ਵੀ ਚੜ੍ਹਾਈ ਕਰ ਗਏ ਸਨ। 1998 ਵਿਚ ਆਪ ਦੇ ਬੇਟੇ ਬੁਧ ਸ਼ਮਸ਼ੇਰ ਸਿੰਘ ਵੀ ਚੜ੍ਹਾਈ ਕਰ ਗਏ। ਇਸ ਦੀ ਬੇਟੀ ਕਰਤਾਰ ਕੌਰ ਢਿੱਲੋਂ, ਜੋ ਅੱਜ 2010 ਵਿਚ ਕਰੀਬ 90 ਸਾਲ ਦੀ ਹੈ, ਬੜੇ ਮਾਣ ਨਾਲ ਆਪਣੇ ਆਪ ਨੂੰ ਪਰਦੇਸਣ ਪੰਜਾਬਣ ਜੱਟੀ ਕਹਿੰਦੀ ਹੈ।

# ਬਹਿਸ ਗੋਚਰੀਆਂ ਔਰਤਾਂ

## ਨਿਰਲੇਪ ਕੌਰ

ਸ: ਗਿਆਨ ਸਿੰਘ ਰਾੜੇਵਾਲਾ ਦੀ ਧੀ 'ਬੀਬੀ ਨਿਰਲੇਪ ਕੌਰ' ਸਿੱਖ ਤੇ ਪੰਜਾਬ ਸਿਆਸਤ ਵਿਚ ਖਾੜਕੂ ਨਾਂ ਵਜੋਂ ਜਾਣੀ ਜਾਂਦੀ ਰਹੀ ਹੈ। 1967 ਦੀਆਂ ਚੋਣਾਂ ਵਿਚ ਉਹ ਆਪਣੇ ਸਹੁਰੇ ਨੂੰ ਹਰਾ ਕੇ ਲੋਕ ਸਭਾ ਦੀ ਮੈਂਬਰ ਬਣੀ। ਪਰ ਉਸ ਦਾ ਅਸਲ ਦਬਕਾ 1981 ਵਿਚ ਮੰਨਿਆ ਗਿਆ ਸੀ ਜਦ ਉਸ ਨੇ ਦਿੱਲੀ ਦੇ ਗੁਰਦੁਆਰਿਆਂ 'ਤੇ ਜਬਰੀ ਕਬਜ਼ਾ ਕਰ ਲਿਆ ਅਤੇ ਫ਼ਤਹਿ ਸਿੰਘ ਗਰੁੱਪ ਨੂੰ ਦਿੱਲੀ ਵਿਚੋਂ ਭਜਾ ਦਿੱਤਾ। ਦਿੱਲੀ ਗੁਰਦੁਆਰਾ ਐਕਟ ਨੂੰ ਉਸ ਦੀ ਹੀ ਦੇਣ ਮੰਨਿਆ ਜਾਵੇਗਾ।

ਭਾਵੇਂ ਉਸ ਨੇ ਦਿੱਲੀ ਦੇ ਗੁਰਦੁਆਰਿਆਂ ਨੂੰ ਪੰਜਾਬ ਦੀ ਗ੍ਰਿਫ਼ਤ ਵਿਚੋਂ ਕੱਢ ਲਿਆ ਪਰ ਕਿਉਂਕਿ ਉਸ ਦਾ ਉੱਥੇ ਅਧਾਰ ਨਹੀਂ ਸੀ ਇਸ ਕਰ ਕੇ ਉਹ ਆਪ ਦਿੱਲੀ 'ਤੇ ਕਾਬਜ਼ ਨਾ ਹੋ ਸਕੀ। ਇਸ ਮਗਰੋਂ ਉਸ ਨੇ ਪੰਜਾਬ ਵਿਚ ਵੀ ਅਜ਼ਮਾਇਸ਼ ਕੀਤੀ ਪਰ ਕਾਮਯਾਬ ਨਾ ਹੋਈ। ਉਸ ਦੀ ਜ਼ਿੰਦਗੀ ਇਕ ਅਮੀਰ ਔਰਤ ਵਾਲੀ ਸੀ ਅਤੇ ਜੋ ਜੀਵਨ ਇਕ ਵਿਧਵਾ/ ਤਲਾਕਸ਼ੁਦਾ ਜਾਂ ਇਕੱਲੀ ਔਰਤ ਦਾ ਹੁੰਦਾ ਹੈ, ਉਹੀ ਉਸ ਦਾ ਵੀ ਸੀ। ਚੰਗੇ ਮਰਦ ਦੀ ਭਾਲ ਉਸ ਨੂੰ ਹਮੇਸ਼ਾ ਰਹੀ ਸੀ। ਆਪਣੀ ਉਮਰ ਦੇ ਆਖ਼ਰੀ ਸਾਲਾਂ ਵਿਚ ਉਹ ਇਕ ਗੁਮਨਾਮ ਔਰਤ ਵਾਂਙ ਵਿਚਰੀ ਸੀ।

## ਅਮਰਜੀਤ ਕੌਰ 'ਐਮ.ਪੀ.'

ਅਮਰਜੀਤ ਕੌਰ ਸਾਬਕਾ ਮਹਾਰਾਜਾ ਪਟਿਆਲਾ (ਯਾਦਵਿੰਦਰ ਸਿੰਘ) ਦੇ ਭਰਾ ਦੀ ਘਰਵਾਲੀ (ਕੈਪਟਨ ਅਮਰਿੰਦਰ ਸਿੰਘ ਦੀ ਚਾਚੀ) ਹੈ। ਉਸ ਨੂੰ ਕਾਂਗਰਸ ਪਾਰਟੀ ਨੇ ਰਾਜ ਸਭਾ ਦੀ ਮੈਂਬਰੀ ਦਿੱਤੀ ਹੋਈ ਸੀ। ਜਦ 1984 ਵਿਚ ਇੰਦਰਾ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਉਸ ਨੇ ਘਟੀਆ ਪੱਧਰ 'ਤੇ ਉਤਰ ਕੇ ਦਰਬਾਰ ਸਾਹਿਬ 'ਤੇ ਹਮਲੇ ਦੀ ਹਿਮਾਇਤ ਕੀਤੀ ਅਤੇ ਇਸ ਵਾਸਤੇ ਇਕ ਕਿਤਾਬ ਵੀ ਛਾਪੀ ਸੀ। ਪਰ ਮਗਰੋਂ ਜਦ ਉਸ ਦੀ ਲੋੜ ਨਾ ਰਹੀ ਤਾਂ ਕਾਂਗਰਸ ਨੇ ਉਸ ਨੂੰ ਰਾਜ ਸਭਾ ਦੀ ਸੀਟ ਨਾ ਦਿੱਤੀ।

1998 ਵਿਚ ਉਸ ਨੇ ਅਕਾਲੀ ਦਲ ਤੋਂ ਟਿਕਟ ਲੈਣ ਦੀ ਪਲਾਨਿੰਗ ਵਿਚ ਦਲ ਵਿਚ ਸ਼ਾਮਿਲ ਹੋਣ ਦਾ ਡਰਾਮਾ ਕੀਤਾ ਪਰ ਟਿਕਟ ਮਿਲਣ ਤੋਂ ਚੰਦ ਇਕ ਦਿਨ ਪਹਿਲਾਂ (9 ਮਈ 1998 ਦੇ ਦਿਨ) ਉਸ ਦੇ ਦਰਬਾਰ ਸਾਹਿਬ 'ਤੇ ਹਮਲੇ ਸਬੰਧੀ ਰੋਲ ਕਾਰਨ ਭਾਈ ਰਣਜੀਤ ਸਿੰਘ ਨੇ ਅਮਰਜੀਤ ਕੌਰ ਨੂੰ ਅਕਾਲ ਤਖ਼ਤ 'ਤੇ ਤਲਬ ਕਰ ਕੇ ਤਨਖ਼ਾਹ ਲਾ ਦਿੱਤੀ। ਇਸ ਨਾਲ ਉਸ ਦੀ

ਥਾਂ 'ਤੇ ਗੁਰਚਰਨ ਸਿੰਘ ਟੌਹੜਾ ਨੂੰ ਹੀ ਦੋਬਾਰਾ ਟਿਕਟ ਮਿਲ ਗਈ। ਅਮਰਜੀਤ ਆਈ ਤਾਂ ਟਿਕਟ ਲੈਣ ਹੀ ਸੀ ਪਰ ਜਦ ਉਸ ਦਾ ਦਾਅ ਨਾ ਲੱਗਾ ਤਾਂ ਉਹ ਫਿਰ ਕਾਂਗਰਸ ਪਾਰਟੀ ਵਿਚ ਚਲੀ ਗਈ। ਅੱਜ ਵੀ (2010 ਵਿਚ) ਉਹ ਰਹਿੰਦੀ ਤਾਂ ਪਟਿਆਲਾ ਦੇ ਸਾਹੀ ਮੋਤੀ ਮਹਲ ਵਿਚ ਹੀ ਹੈ ਤੇ ਉੱਥੇ ਬੈਠ ਕੇ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਸਾਜ਼ਿਸ਼ਾਂ ਘੜਦੀ ਜਾਂ ਉਨ੍ਹਾਂ ਵਿਚ ਸ਼ਾਮਿਲ ਹੁੰਦੀ ਰਹਿੰਦੀ ਹੈ।

## ਜਗੀਰ ਕੌਰ

1999 ਵਿਚ ਜਦ ਬਾਦਲ ਨੇ ਗੁਰਚਰਨ ਸਿੰਘ ਟੌਹੜਾ ਨਾਲ ਯਾਰ-ਮਾਰ ਕਰ ਕੇ ਉਸ ਨੂੰ ਪ੍ਰਧਾਨਗੀ ਤੋਂ ਹਟਾਇਆ ਤਾਂ ਜਗੀਰ ਕੌਰ ਨੂੰ ਪ੍ਰਧਾਨ ਬਣਾ ਦਿੱਤਾ। ਜਗੀਰ ਕੌਰ ਬੇਗੋਵਾਲ ਡੇਰੇ ਦੀ ਮੁਖੀ/ਮਾਲਿਕ ਸੀ। ਆਪਣੇ ਸਹੁਰੇ ਦੀ ਮੌਤ ਮਗਰੋਂ ਉਹ ਇਸ ਡੇਰੇ 'ਤੇ ਕਾਬਜ਼ ਹੋਈ ਸੀ। ਇਸ ਤੋਂ ਪਹਿਲਾਂ ਉਹ ਇਕ ਸਕੂਲ ਮਾਸਟਰਨੀ ਸੀ। ਫਿਰ ਜਦ ਪੰਜਾਬ ਵਿਚ ਖਾੜਕੂ ਲਹਿਰ ਚੱਲੀ ਤਾਂ ਉਹ ਸਿਮਰਨਜੀਤ ਸਿੰਘ ਮਾਨ ਦੇ ਨਾਲ ਖੜ੍ਹੀ ਹੋਈ, ਪਰ ਜਦ 1996 ਵਿਚ ਉਸ ਨੂੰ ਜਾਪਿਆ ਕਿ ਬਾਦਲ ਦੇ ਚੀਫ਼ ਮਨਿਸਟਰ ਬਣ ਜਾਣ ਦੇ ਆਸਾਰ ਹਨ ਤਾਂ ਉਹ ਮਾਨ ਨੂੰ ਛੱਡ ਕੇ ਬਾਦਲ ਨਾਲ ਜਾ ਰਲੀ। ਮਗਰੋਂ ਬਾਦਲ ਨੇ ਉਸ ਨੂੰ ਵਜ਼ਾਰਤ ਵੀ ਦੇ ਦਿੱਤੀ। 1998 ਵਿਚ ਉਸ ਨੇ ਇਸ ਅਹਿਸਾਨ ਦਾ ਬਦਲਾ ਟੌਹੜਾ ਦੇ ਖ਼ਿਲਾਫ਼ ਬੋਲ ਕੇ ਲਾਹਿਆ। ਕਈ ਵਾਰ ਤਾਂ ਉਹ ਇੰਵ ਬੋਲਿਆ ਕਰਦੀ ਸੀ ਜਿਵੇਂ ਉਹ ਕਿਸੇ ਮਾਫ਼ੀਆ ਗੈਂਗ ਦੀ ਮੁਖੀ ਹੋਵੇ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣ ਕੇ ਜਗੀਰ ਕੌਰ ਨੇ ਏਥੇ ਚੰਮ ਦੀਆਂ ਚਲਾਈਆਂ; ਉਹ ਇਸ ਨੂੰ ਇਕ ਡੇਰੇ ਵਜੋਂ ਹੀ ਚਲਾਉਂਦੀ ਰਹੀ; ਇਸ ਦੀ ਦੌਲਤ ਨੂੰ ਉਸ ਨੇ ਦੋਹੀਂ ਹੱਥੀਂ ਲੁਟਾਇਆ/ਉਜਾੜਿਆ; ਏਥੇ ਉਸ ਨੇ ਬਰਾਦਰੀ ਤੇ ਇਲਾਕੇ ਦੇ ਬੰਦਿਆਂ ਨੂੰ ਖ਼ੂਬ ਨੌਕਰੀਆਂ ਦਿੱਤੀਆਂ। ਇਸ ਸਮੇਂ ਵਿਚ ਉਸ ਨੇ ਕੁਝ ਨੌਜਵਾਨਾਂ ਨੂੰ ਆਪਣੇ ਨੇੜੇ ਰੱਖਿਆ; ਹਰਬੰਸ ਸਿੰਘ ਬੋਲੀਨਾ, ਚੌਹਾਨ, ਵਿਰਦੀ ਵਗ਼ੈਰਾ ਨੂੰ ਉਸ ਨੇ ਸ਼੍ਰੋਮਣੀ ਕਮੇਟੀ ਵਿਚ ਚੰਗੀਆਂ ਨੌਕਰੀਆਂ ਅਤੇ ਤਾਕਤ ਦਿੱਤੀ। ਪਰ ਇਨ੍ਹਾਂ ਨੂੰ ਨੇੜੇ ਰੱਖਣ ਕਰ ਕੇ ਉਸ ਨੂੰ ਇਨ੍ਹਾਂ ਦੇ ਬਹੁਤ ਸਾਰੇ ਜਾਇਜ਼ ਨਾਜਾਇਜ਼ ਕੰਮ ਵੀ ਕਰਨੇ ਪਏ ਹੋਣਗੇ। ਇਸ ਕਰ ਕੇ ਉਹ ਛੇਤੀ ਹੀ ਬਦਨਾਮ ਹੋਣ ਲਗ ਪਈ।

ਪਰ, ਜਗੀਰ ਕੌਰ ਦਾ ਜ਼ਵਾਲ ਉਦੋਂ ਆਇਆ ਜਦ ਉਸ ਦੀ ਵੱਡੀ ਧੀ ਦੀ ਦੋਸਤੀ ਇਕ ਪੁਰਾਣੇ ਕਲਾਸਫ਼ੈਲੋ ਕਮਲਜੀਤ ਨਾਲ ਵਧ ਗਈ ਜੋ ਕਿ; ਤੇ ਚਰਚਾ ਚੱਲਿਆ ਕਿ ਉਹ ਗਰਭਵਤੀ ਹੋ ਗਈ ਹੈ; ਤੇ ਫਿਰ ਖ਼ਬਰ ਆਈ ਕਿ ਉਸ ਕੁੜੀ ਦੀ ਮੌਤ ਹੋ ਗਈ ਹੈ; ਇਹ ਦੋਸ਼ ਲਾਇਆ ਗਿਆ ਕਿ ਉਸ ਦੀ ਮੌਤ ਉਸ ਦੀ ਅਬਾਰਸ਼ਨ ਕਰਵਾਉਣ ਦੀ ਕੋਸ਼ਿਸ਼ ਵਿਚ ਹੋਈ ਸੀ; ਅਜੇ ਇਹ ਕੇਸ ਅਦਾਲਤ ਵਿਚ ਹੈ ਇਸ ਬਾਰੇ ਕੁਝ ਕਹਿਣਾ ਕਾਨੂੰਨੀ

ਨਹੀਂ ਹੈ। ਪਰ ਇਕ ਗੱਲ ਪਰਕਾਸ਼ ਸਿੰਘ ਬਾਦਲ ਬਾਰੇ ਜ਼ਰੂਰ ਕਹਿਣੀ ਬਣਦੀ ਹੈ ਕਿ ਜਦ ਜਾਗੀਰ ਕੌਰ ਦੀ ਧੀ ਦੀ ਮੌਤ ਹੋ ਗਈ ਤਾਂ ਉਸ ਦਾ ਸਸਕਾਰ ਪੋਸਟ ਮਾਰਟਮ ਤੋਂ ਵੀ ਬਿਨਾਂ, ਕੁਝ ਘੰਟਿਆਂ ਵਿਚ ਹੀ, ਕਰ ਦਿੱਤਾ ਗਿਆ ਤੇ ਅਸਥੀਆਂ ਵਿਚ ਕੁਘ ਘੰਟਿਆਂ ਮਗਰੋਂ ਹੀ ਪੂਰੀਆਂ ਜਾਂ ਅੱਧੀਆਂ ਸੜੀਆਂ ਹੋਈਆਂ ਜਲ ਪਰਵਾਹ ਕਰ ਦਿੱਤੀਆਂ ਗਈਆਂ। ਬਾਦਲ ਨੇ ਜਾਗੀਰ ਕੌਰ ਤੇ ਵੱਡਾ ਅਹਿਸਾਨ ਕੀਤਾ ਅਤੇ ਉਹ ਆਪ ਇਸ ਸਸਕਾਰ ਵਿਚ ਸ਼ਾਮਿਲ ਹੋਇਆ।

ਖ਼ੈਰ, ਇਸ ਮੌਤ (ਜਾਂ ਕਤਲ) ਨਾਲ ਜਗੀਰ ਕੌਰ ਤੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤਾਂ ਖੁਸੀ ਹੀ ਤੇ ਨਾਲ ਹੀ ਉਸ ਦੀ ਇੱਜ਼ਤ ਵੀ ਗਈ। ਮਗਰੋਂ ਜਗੀਰ ਕੌਰ ਨੇ ਬਹੁਤ ਹਰਬੇ ਵਰਤੇ; ਉਹ ਬਾਦਲ ਦੇ ਪ੍ਰੋਗਰਾਮ ਦਾ ਪਤਾ ਲਾ ਕੇ, ਹਰ ਥਾਂ ਆਪ ਪੁੱਜ ਕੇ, ਆਪਣਾ ਮੂੰਹ ਦਿਖਾਂਦੀ ਰਹੀ; ਪਰ ਬਾਦਲ ਨੂੰ ਅਵਤਾਰ ਸਿੰਘ ਮੱਕੜ ਵਰਗਾ ਚਾਪਲੂਸ ਬੰਦਾ ਮਿਲ ਗਿਆ ਜਿਸ ਨਾਲ ਹੁਣ ਉਸ ਨੂੰ ਜਗੀਰ ਕੌਰ ਦੀ ਲੋੜ ਨਹੀਂ ਸੀ। ਐਨਾ ਥੋੜ੍ਹਾ ਸੀ ਕਿ ਉਸ ਨੇ ਇਸ ਔਰਤ ਨੂੰ ਜੇਲ੍ਹ ਜਾਣ ਤੋਂ ਬਚਾਅ ਲਿਆ ਸੀ।

ਹੁਣ ਚਰਚਾ ਹੈ ਕਿ ਜਗੀਰ ਕੌਰ ਨੇ ਕਮਲਜੀਤ ਨੂੰ 'ਖ਼ਰੀਦ' ਲਿਆ ਹੈ ਤੇ ਉਹ ਅਦਾਲਤ ਵਿਚ ਹਰ ਗੱਲ ਤੋਂ ਮੁਕਰ ਗਿਆ ਹੈ। ਖ਼ੈਰ ਇਸ ਦਾ ਨਿਬੇੜਾ ਤਾਂ ਅਦਾਲਤ ਕਰੇਗੀ ਕਿ ਸੱਚ ਕੀ ਹੈ। ਮੰਨ ਲਓ, ਜੇ ਜਗੀਰ ਕੌਰ ਬਰੀ ਵੀ ਹੋ ਜਾਵੇ ਤਾਂ ਵੀ ਲੋਕਾਂ ਨੂੰ ਪਤਾ ਹੈ ਕਿ ਸੱਚ ਕੀ ਹੈ; ਭਾਵੇਂ ਕੁਝ ਘਟੀਆ ਕਿਸਮ ਦੇ ਚਾਪਲੂਸ ਅੱਜ ਵੀ ਉਸ ਦੇ ਨਾਲ ਹੀ ਹੋਣਗੇ, ਪਰ ਜਗੀਰ ਕੌਰ ਨੂੰ ਤਾਂ ਹੁਣ ਉਸ ਦੀ ਲੁਬਾਣਾ ਬਰਾਦਰੀ ਵੀ ਨਫ਼ਰਤ ਕਰਦੀ ਹੈ।

## ਸੁਰਿੰਦਰ ਬਾਦਲ ਤੇ ਹਰਸਿਮਰਤ ਬਾਦਲ

ਚੀਫ਼ ਮਨਿਸਟਰ ਬਾਦਲ ਦੀ ਪਤਨੀ ਸੁਰਿੰਦਰ ਬਾਦਲ ਅਤੇ ਉਸ ਦੀ ਨੂੰਹ (ਸੁਖਬੀਰ ਦੀ ਪਤਨੀ) ਹਰਸਿਮਰਤ ਬਾਦਲ ਨੂੰ ਸਿੱਖ ਪੱਖ ਤੋਂ ਵੇਖਿਆ ਜਾਵੇ ਤਾਂ ਦੋਵੇਂ 'ਤਨਖ਼ਾਹੀਆ' ਹਨ। ਸੁਰਿੰਦਰ ਆਸ਼ੂਤੋਸ਼, ਰਾਧਾਸੁਆਮੀ ਤੇ ਸਰਸਾ ਵਾਲੇ ਦੀ ਚੇਲੀ ਹੈ; ਅਤੇ ਹਰਸਿਮਰਤ ਸ਼ਿਵਲਿੰਗ ਦੀ ਪੂਜਾ ਕਰਨ ਵਾਲੀ, ਅਤੇ ਸਰਸੇ ਵਾਲੇ ਦੇ ਪੈਰਾਂ ਵਿਚ ਡਿਗ ਕੇ ਐਮ.ਪੀ.ਬਣਨ ਵਾਲੀ ਹੈ, ਅਤੇ ਰਾਧਾਸੁਆਮੀ ਨੂੰ ਮੱਥਾ ਟੇਕਣ ਕਰ ਕੇ ਵੀ ਤਨਖ਼ਾਹੀਆ ਹੈ। ਉਨ੍ਹਾਂ ਨੂੰ ਸਿੱਖ ਨੁਮਾਇਮਦੇ ਅਖਵਾਉਣ ਦਾ ਹੱਕ ਨਹੀਂ ਹੈ; ਇਸ ਕਰ ਕੇ ਮੈਂ ਉਨ੍ਹਾਂ ਬਾਰੇ ਇੱਥੇ ਕੁਝ ਹੋਰ ਨਹੀਂ ਲਿਖ ਰਿਹਾ।

# ਮੇਰੀ ਜ਼ਿੰਦਗੀ ਵਿਚ ਆਈਆਂ ਬੀਬੀਆਂ

## ਮੇਰੀ ਅੰਮੀ

ਤਕਰੀਬਨ ਹਰ ਇਕ ਇਨਸਾਨ ਦੀ ਜ਼ਿੰਦਗੀ ਵਿਚ ਸਭ ਤੋਂ ਪਹਿਲਾ ਨੇੜ ਉਸ ਦੀ ਅੰਮੀ ਦਾ ਹੀ ਹੁੰਦਾ ਹੈ (ਅਸੀਂ ਅਪਣੀ ਮਾਂ ਨੂੰ ਪਹਿਲਾਂ ਬੀਬੀ ਤੇ ਫਿਰ ਅੰਮੀ ਕਹਿਣ ਲਗ ਪਏ ਸੀ)। ਮੇਰੀ ਅੰਮੀ, ਬੀਬੀ ਜਗਤਾਰ ਕੌਰ, ਦਾ ਜਨਮ 1921 (ਜਾਂ 1923) ਵਿਚ ਹੋਇਆ ਸੀ। ਪਿੰਡ 'ਕਾਹਨ ਸਿੰਘ ਵਾਲਾ' ਦੇ ਸ: ਠਾਕਰ ਸਿੰਘ ਦੀ ਧੀ ਅਤੇ ਰਈਸ ਸ: ਕਾਹਨ ਸਿੰਘ ਦੀ ਪੜਪੋਤੀ ਕਦੇ ਬਹੁਤ ਅਮੀਰ ਖ਼ਾਨਦਾਨ ਸੀ। ਉਸ ਦਾ ਜਨਮ ਜਿਸ ਪਿੰਡ ਵਿਚ ਹੋਇਆ ਉਹ ਉਸ ਦੇ ਪੜਦਾਦੇ ਨੇ ਹੀ ਬੰਨ੍ਹਿਆ ਸੀ।

ਬੀਬੀ ਜਗਤਾਰ ਕੌਰ ਨੂੰ ਨਿੱਕੀ ਉਮਰੇ ਹੀ ਵਿਆਹ ਦਿੱਤਾ ਗਿਆ ਅਤੇ ਅਗਲੇ ਚਾਰ ਸਾਲ ਵਿਚ ਉਸ ਨੇ ਤਿੰਨ ਧੀਆਂ ਨੂੰ ਜਨਮ ਦਿੱਤਾ; ਵੱਡੀ ਜਸਵੰਤ ਕੌਰ (1940) ਬਚ ਗਈ ਅਤੇ ਨਿੱਕੀਆਂ ਦੋ ਜਨਮ ਤੋਂ ਛੇਤੀ ਮਗਰੋਂ ਚੜ੍ਹਾਈ ਕਰ ਗਈਆਂ। ਫ਼ਿਰ ਉਸ ਨੇ ਦੋ ਪੁੱਤਰਾਂ ਨੂੰ ਜਨਮ ਦਿੱਤਾ। ਇਸ ਮਗਰੋਂ ਫੇਰ ਚਾਰ ਧੀਆਂ ਤੇ ਦੋ ਪੁੱਤਰ ਜੰਮੇ; ਯਾਨਿ 24 ਸਾਲ ਵਿਚ ਉਸ ਨੇ 11 ਜਣੇਪੇ ਹੰਡਾਏ ਜਿਨ੍ਹਾਂ ਵਿਚੋਂ ਨੌਂ ਬੱਚਿਆਂ ਨੂੰ ਉਸ ਨੇ ਬਹੁਤ ਔਖਿਆਂ ਹੋ ਕੇ ਪਾਲਿਆ। ਉਹ ਇਕੱਲੀ ਹੀ ਘਰ ਦਾ ਕੰਮ ਕਰਦੀ ਰਹੀ। ਦਿਰਾਣੀ ਜਾਂ ਜਿਠਾਣੀ ਹੈ ਨਹੀਂ ਸੀ। ਇਕ ਨਿਣਾਨ ਜ਼ਰੂਰ ਸੀ, ਪਰ ਉਹ ਵਿਧਵਾ ਸੀ ਤੇ ਦੂਜਾ ਅੱਖੜ ਸੁਭਾਅ ਦੀ ਸੀ; ਇਸ ਕਰ ਕੇ ਉਸ ਨਾਲ ਸਿਰਫ਼ ਰਸਮੀ ਰਿਸ਼ਤਾ ਸੀ। ਦੋਵੇਂ ਭੈਣਾਂ ਦੂਰ ਪਿੰਡਾਂ ਵਿਚ ਸਨ; ਤੇ ਨਾਲੇ ਵੱਡੀ ਅਮਰ ਕੌਰ ਦੇ ਘਰਵਾਲੇ ਕੋਲ ਬਹੁਤ ਹੀ ਜ਼ਿਆਦਾ ਜ਼ਮੀਨ ਸੀ ਤੇ ਉਦੋਂ ਕੋਈ ਮਸ਼ੀਨਰੀ ਨਹੀਂ ਹੁੰਦੀ ਸੀ ਜਿਸ ਕਰ ਕੇ ਉਹ ਕੰਮਾਂ ਵਿਚ ਵਧੇਰੇ ਹੀ ਰੁੱਝੀ ਰਹਿੰਦੀ ਸੀ; ਤੇ ਛੋਟੀ ਸਤਨਾਮ ਕੌਰ ਕੋਲ ਥੋੜ੍ਹੀ ਜ਼ਮੀਨ ਸੀ ਜਿਸ ਵਿਚੋਂ ਕਾਫ਼ੀ ਬਰਾਨੀ ਸੀ, ਜਿਸ ਨਾਲ ਗੁਜ਼ਾਰਾ ਸੌਖਾ ਨਹੀਂ ਸੀ (ਮੇਰੀਆਂ ਦੋਵੇਂ ਮਾਸੀਆਂ ਸਾਰੇ ਭਾਣਜੇ ਭਾਣਜੀਆਂ ਵਿਚੋਂ ਸਭ ਤੋਂ ਵਧ ਮੈਨੂੰ ਪਿਆਰ ਕਰਦੀਆਂ ਸਨ)। ਖ਼ੈਰ ਔਖੇ ਹੋ ਕੇ ਸਾਡੀ ਅੰਮੀ ਨੇ ਸਾਰੇ ਬੱਚੇ ਪਾਲੇ; ਮੈਨੂੰ ਅੱਜ ਵੀ ਯਾਦ ਹੈ ਕਿ ਉਸ ਨੂੰ ਕਿੰਨਾ ਕੰਮ ਕਰਨਾ ਪੈਂਦਾ ਸੀ; ਅਸੀਂ ਕਿਸੇ ਕੰਮ ਨਹੀਂ ਆਉਂਦੇ ਸੀ, ਸਿਰਫ਼ ਵੱਡੀ ਭੈਣ ਜਸਵੰਤ ਕੌਰ ਹੀ ਕੁਝ ਮਦਦ ਕਰਦੀ ਸੀ। ਇਸ ਤੋਂ ਵੀ ਅੱਗੇ ਬੇਹੱਦ ਸਖ਼ਤ ਸੁਭਾਅ ਵਾਲੇ ਖਸਮ ਦੀਆਂ ਜ਼ਿਆਦਤੀਆਂ ਤੇ ਬਹੁਤ ਵਾਰ ਤਾਂ ਕੁੱਟ-ਮਾਰ ਵੀ। ਧੰਨ ਸੀ, ਉਸ ਮਾਂ ਦੀ ਹਿੰਮਤ।

ਅੰਮੀ ਦੀ ਹਾਲਤ 'ਤੇ ਮੈਂ ਜ਼ਰਾ-ਮਾਸਾ ਨਾਖ਼ੁਸ਼ੀ (ਪ੍ਰੋਟੈਸਟ ਨਹੀਂ) ਦਿਖਾਣ ਬਦਲੇ ਬਾਪ ਤੋਂ ਮਾਰ ਵੀ ਖਾ ਲੈਂਦਾ ਸੀ। ਅੰਮੀ ਮੇਰਾ ਬਹੁਤ ਖਿਆਲ

ਰਖਦੀ ਸੀ। ਜਦ ਦਸਵੀਂ ਦਾ ਇਮਤਿਹਾਨ ਦੇਣ ਮਗਰੋਂ ਮੈਂ ਬਾਗ਼ੀ ਹੋ ਕੇ ਘਰ ਛੱਡ ਗਿਆ ਤਾਂ ਮਾਂ ਦੀ ਤੜਪ ਉਸ ਨੂੰ ਕਈ ਵਾਰ ਮੈਨੂੰ ਲੱਭਣ ਵਾਸਤੇ ਮੇਰੇ ਪਿੱਛੇ ਲੈ ਆਉਂਦੀ ਸੀ; ਤੇ ਨਾਲ ਉਸ ਨੇ ਰੋਟੀਆਂ ਚੁੱਕੀਆਂ ਹੁੰਦੀਆਂ ਸਨ ਕਿ ਹੋਟਲ ਦੀਆਂ ਖਾ ਕੇ ਔਖਾ ਨਾ ਹੁੰਦਾ ਹੋਵੇ। ਮਗਰੋਂ 1983 ਵਿਚ ਮੈਂ ਜੇਲ੍ਹ ਅਤੇ 'ਨਕਲੀ ਪੁਲਸ ਮੁਕਾਬਲੇ' ਤੋਂ ਬਚਣ ਵਾਸਤੇ ਵਿਦੇਸ਼ ਚਲਾ ਗਿਆ ਤੇ ਅੱਠ ਸਾਲ ਉਸ ਨੂੰ ਮਿਲ ਨਾ ਸਕਿਆ, ਖ਼ਤ ਅਤੇ ਫ਼ੋਨ 'ਤੇ 'ਹੈਲੋ' ਜ਼ਰੂਰ ਹੁੰਦੀ ਰਹੀ ਸੀ। ਇਸ ਹਾਲਤ ਵਿਚ ਅੰਮੀ ਤੜਫ਼ਦੀ ਰਹੀ ਤੇ ਅਖ਼ੀਰ ਅਸੀਂ ਤਰੀਕਾ ਲੱਭਿਆ ਕਿ ਦਸੰਬਰ 1991 ਵਿਚ ਮੈਂ ਬੰਗਕਾਕ (ਥਾਈਲੈਂਡ) ਆ ਗਿਆ ਅਤੇ ਉਹ ਵੀ ਜਿਸਮ ਅਤੇ ਜਾਨ ਨਾਲ ਧੱਕਾ ਕਰ ਕੇ ਉੱਥੇ ਪੁੱਜ ਗਏ ਤੇ ਪੁੱਤਰ ਨੂੰ 8 ਸਾਲ ਮਗਰੋਂ ਤੇ ਪੋਤੇ ਨੂੰ ਪਹਿਲੀ ਵਾਰ ਮਿਲੇ। ਇਨ੍ਹੀਂ ਦਿਨੀਂ ਹੀ ਜਥੇਦਾਰ ਤਲਵਿੰਦਰ ਸਿੰਘ ਵੀ ਉੱਥੇ ਸਨ; ਉਹ ਮੇਰੀ ਅੰਮੀ ਨੂੰ ਬਹੁਤ ਨਿੱਘ ਨਾਲ ਮਿਲੇ ਪਰ ਆਪਣਾ ਨਾਂ ਨਾ ਦੱਸਿਆ; ਮਗਰੋਂ ਜਦ ਮੈਂ ਅੰਮੀ ਨੂੰ ਦੱਸਿਆ ਕਿ ਉਹ ਕੌਣ ਹੈ ਤਾਂ ਉਨ੍ਹਾਂ ਦੇ ਚਿਹਰੇ 'ਤੇ ਜੋ ਨੂਰ ਆਇਆ ਉਸ ਨੂੰ ਮੈਂ ਨਹੀਂ ਭੁੱਲ ਸਕਦਾ।

ਜਦ ਆਈ. ਕੇ. ਗੁਜਰਾਲ ਦੀ ਸਰਕਾਰ ਆਈ ਤਾਂ ਉਸ ਨੇ ਮੇਰਾ ਨਾਂ 'ਬਲੈਕ ਲਿਸਟ' ਵਿਚੋਂ ਕੱਢ ਦਿੱਤਾ ਸੀ, ਪਰ ਫਿਰ ਵੀ ਮੈਂ ਪੰਜਾਬ ਪਰਤਣ ਦੀ ਜੁਰਅਤ ਨਾ ਕੀਤੀ; ਬੇਅੰਤ ਤੇ ਕੇ.ਪੀ.ਗਿੱਲ ਵਰਗੀਆਂ ਗਿਰਝਾਂ, ਬੁੱਚੜ ਤੇ ਬਘਿਆੜ ਅਜੇ ਜ਼ੁਲਮ ਦਾ ਮਹਾਂ-ਦੌਰ ਚਲਾ ਰਹੇ ਸਨ; ਇਹ ਉਦੋਂ ਤਕ ਚੱਲਿਆ ਜਦ 31 ਅਗਸਤ 1995 ਦੇ ਦਿਨ ਸ਼ਹੀਦੇ-ਆਜ਼ਮ ਸ: ਦਿਲਾਵਰ ਸਿੰਘ ਨੇ ਪਾਪ ਦਾ ਖ਼ਾਤਮਾ ਨਾ ਕਰ ਦਿੱਤਾ। ਅਖ਼ੀਰ ਜਨਵਰੀ 1998 ਵਿਚ ਸਾਢੇ ਚੌਦਾਂ ਸਾਲ ਦੀ ਜਲਾਵਤਨੀ ਮਗਰੋਂ ਮੈਂ ਪੰਜਾਬ ਪਰਤਿਆ। ਇਸ ਵਕਤ ਮੇਰੀ ਮਾਂ ਦੀ ਉਮਰ 75 ਸਾਲ ਤੋਂ ਵਧ ਹੋ ਚੁਕੀ ਸੀ। ਪਰ ਅਜੇ ਵੀ ਘਰ ਦਾ ਤਕਰੀਬਨ ਸਾਰਾ ਕੰਮ ਉਹੀ ਕਰਦੀ ਸੀ। ਉਸ ਨੂੰ ਧੱਕੇ-ਖੋਰ ਪਤੀ ਹੀ ਨਹੀਂ ਸਭ ਤੋਂ ਛੋਟੇ ਪੁੱਤਰ (ਜੋ ਜਿਸਮਾਨੀ ਅਤੇ ਮਾਨਸਿਕ ਤੌਰ 'ਤੇ ਬੇਹੱਦ ਮੰਦ-ਬੁੱਧੀ ਸੀ) ਦੀ ਟੱਟੀ-ਪਿਸ਼ਾਬ ਤਕ ਵੀ ਉਹੀ ਕਰਵਾਉਂਦੀ ਸੀ। ਮਈ-ਜੂਨ 1998 ਵਿਚ ਮੈਂ ਸਿੱਖ ਹਿਸਟਰੀ ਰੀਸਰਚ ਬੋਰਡ ਦੀ ਡਾਇਰੈਕਟਰਸ਼ਿਪ ਸੰਭਾਲੀ ਤੇ ਅੰਮ੍ਰਿਤਸਰ ਚਲਾ ਗਿਆ। ਇਸ ਤੋਂ ਛੇ ਮਹੀਨੇ ਮਗਰੋਂ ਦਸੰਬਰ ਵਿਚ ਇਕ ਹੋਰ ਜੱਗੋਂ ਤੇਰ੍ਹਵੀਂ ਹੋ ਗਈ। ਸਖ਼ਤ ਸਰਦੀਆਂ ਦੀ ਇਕ ਰਾਤ ਤੜਕੇ ਤਿੰਨ ਵਜੇ ਮੇਰੇ ਬਾਪ ਨੂੰ ਗੁੱਸੇ ਦਾ ਦੌਰਾ ਪਿਆ ਤੇ ਇਸ ਦੌਰੇ ਵਿਚ ਉਸ ਨੇ ਸਾਡੀ ਅੰਮੀ ਨੂੰ ਘਰੋਂ ਕੱਢ ਦਿੱਤਾ ਤੇ ਉਸ ਦੇ ਨਾਲ ਹੀ ਉਸ ਮੰਦ-ਬੁੱਧੀ ਬੱਚੇ ਅਤੇ ਇਕ ਜਵਾਨ ਧੀ ਨੂੰ ਵੀ। ਸਰਦੀਆਂ ਵਿਚ ਤੜਕੇ ਤਿੰਨ ਵਜੇ ਉਹ ਕਿੱਥੇ ਜਾਂਦੇ! ਅਚਾਣਕ ਨਾਲ ਦੇ ਘਰ ਵਾਲੇ ਸ: ਬਲਬੀਰ ਸਿੰਘ ਨੇ ਸ਼ੋਰ

ਸੁਣਿਆ ਤਾਂ ਉਸ ਨੇ ਦਰਵਾਜ਼ਾ ਖੋਲ੍ਹ ਕੇ ਮਾਤਾ ਤੇ ਦੋਹਾਂ ਬੱਚਿਆਂ ਨੂੰ ਘਰ ਵਾੜ ਕੇ ਬਿਸਤਰਿਆਂ 'ਤੇ ਸੁਆ ਦਿੱਤਾ। ਅਗਲੇ ਦਿਨ ਵੀ ਉਸ ਧੱਕੇਖੋਰ ਪਤੀ ਨੂੰ ਤਰਸ ਨਾ ਆਇਆ। ਮੇਰਾ ਛੋਟਾ 'ਭਰਾ' ਉਸ ਤੋਂ ਤਿੰਨ ਘਰ ਦੂਰ ਰਹਿੰਦਾ ਸੀ; ਉਸ ਦੀ ਬਾਪ ਨਾਲ ਨਹੀਂ ਬਣਦੀ ਸੀ; ਪਰ ਉਹ ਵੀ ਮਾਂ ਨੂੰ ਘਰ ਨਹੀਂ ਲੈ ਕੇ ਗਿਆ; ਖ਼ੈਰ ਉਨ੍ਹਾਂ ਕਿਰਾਏ ਦਾ ਮਕਾਨ ਲੈ ਲਿਆ। ਮੈਨੂੰ ਇਸ ਦਾ ਪਤਾ ਕੁਝ ਦਿਨ ਮਗਰੋਂ ਲੱਗਾ ਤੇ ਮੈਂ ਪਿੰਡ ਜਾ ਕੇ ਮਾਂ ਨੂੰ ਇਕ ਮਕਾਨ ਖ਼ਰੀਦ ਕੇ ਦੇ ਦਿੱਤਾ ਜਿਸ ਵਿਚ ਉਹ ਰਹਿਣ ਲਗ ਪਈ। ਅਗਲੇ ਸਾਲ ਮੈਂ ਵੀ ਉੱਥੇ ਚਲਾ ਗਿਆ ਤੇ ਨਵਾਂ ਘਰ ਬਣਾ ਕੇ ਇਕ ਸਾਲ ਉੱਥੇ ਰਿਹਾ। ਇਸ ਮਗਰੋਂ ਮੈਂ ਫਿਰ ਯੂਰਪ ਆ ਗਿਆ ਅਤੇ ਇਸ ਤਿੰਨ ਸਾਲ ਦੇ ਅਰਸੇ ਵਿਚ ਉਸ ਨੂੰ ਸਾਡੀ ਭੈਣ ਸੁਰਿੰਦਰ ਕੌਰ ਨੇ ਸੰਭਾਲਿਆ, ਉਸ ਦਾ ਖ਼ਰਚਾ ਮੈਂ ਅਤੇ ਮੇਰੀ ਅਮਰੀਕਾ ਵਾਲੀ ਭੈਣ ਗੁਰਸ਼ਰਨ ਕੌਰ ਦੇਂਦੇ ਰਹੇ। 2003 ਵਿਚ ਮੈਂ ਫਿਰ ਆ ਕੇ ਮਾਂ ਨੂੰ ਕੋਲ ਰੱਖਿਆ ਅਤੇ ਅਗਲੇ ਪੰਜ ਸਾਲ ਮੈਂ ਉੱਥੇ ਰਿਹਾ। 2008 ਜੁਲਾਈ ਵਿਚ ਮੈਂ ਫਿਰ ਵਿਦੇਸ਼ ਮੁੜ ਗਿਆ। ਇਸ ਮਗਰੋਂ ਅੰਮੀ ਪਰਮਜੀਤ ਕੌਰ ਕੋਲ ਰਹੇ ਪਰ ਉਨ੍ਹਾਂ ਦਾ ਸਭ ਤੋਂ ਵਧ ਖਿਆਲ ਮੇਰੀ ਸਭ ਤੋਂ ਛੋਟੀ ਭੈਣ ਗੁਰਸ਼ਰਨ ਕੌਰ ਨੇ ਰੱਖਿਆ। ਮੈਂ ਅੰਮੀ ਨੂੰ ਹਫ਼ਤੇ ਵਿਚ ਘਟੋ-ਘਟ ਇਕ ਵਾਰ ਫ਼ੋਨ ਜ਼ਰੂਰ ਕਰਦਾ ਸੀ ਤੇ ਸ਼ਾਇਦ ਗੁਰਸ਼ਰਨ ਕੌਰ ਇਸ ਤੋਂ ਵੀ ਵਧ ਕਰਦੀ ਸੀ।

ਫ਼ਰਵਰੀ 2009 ਦੇ ਦੂਜੇ ਹਫ਼ਤੇ ਮੇਰੀ ਤੀਜੀ ਨਾੜੀ ਬਲਾਕ ਹੋਣ ਕਾਰਨ ਮੈਨੂੰ ਫਿਰ ਹਲਕਾ ਜਿਹਾ ਹਾਰਟ ਅਟੈਕ ਹੋਇਆ; ਭੈਣਾਂ ਨੂੰ ਮੇਰੀ ਹਦਾਇਤ ਸੀ ਕਿ ਅੰਮੀ ਨੂੰ ਕੁਝ ਨਹੀਂ ਦੱਸਣਾ। ਹਸਪਤਾਲੋਂ ਘਰ ਜਾ ਕੇ ਮੈਂ ਅੰਮੀ ਨੂੰ ਫ਼ੋਨ ਕੀਤਾ ਤਾਂ ਉਨ੍ਹਾਂ ਕਿਹਾ 'ਆ ਜਾ ਇਕ ਵਾਰ ਮਿਲ ਜਾ, ਬੜਾ ਦਿਲ ਕਰਦਾ ਏ, ਫੇਰ ਪਤਾ ਨਹੀਂ ਮੇਲ ਹੋਣਾ ਹੈ ਕਿ ਨਹੀਂ'। ਮੈਨੂੰ ਡਾਕਟਰ ਨੇ ਤਿੰਨ ਹਫ਼ਤੇ ਹਵਾਈ ਸਫ਼ਰ ਨਾ ਕਰਨ ਵਾਸਤੇ ਕਿਹਾ ਹੋਇਆ ਸੀ; ਉਹ ਮਿਆਦ ਖ਼ਤਮ ਹੁੰਦਿਆਂ ਹੀ ਮੈਂ ਮਾਰਚ ਵਿਚ ਪੰਜਾਬ ਗਿਆ ਤੇ ਅੰਮੀ ਨੂੰ ਮਿਲਿਆ। ਉਦੋਂ ਉਹ ਮੇਰੀ ਭੈਣ ਪਰਮਜੀਤ ਕੌਰ ਕੋਲ ਸਨ। ਜਿਸ ਦਿਨ ਮੈਂ ਪੁੱਜਾ ਅੰਮੀ ਬਹੁਤ ਕਮਜ਼ੋਰ ਸੀ, ਜਾਪਦਾ ਸੀ ਕਿ ਮੈਨੂੰ ਸ਼ਾਇਦ ਸਸਕਾਰ ਕਰ ਕੇ ਹੀ ਜਾਣਾ ਪਵੇਗਾ; ਪਰ ਦੋ ਦਿਨ ਮਗਰੋਂ ਹੀ ਉਹ ਉੱਠ ਕੇ ਬੈਠਣ ਲਗ ਪਏ। ਉਸ ਦਿਨ ਭੈਣ ਦਵਿੰਦਰ ਕੌਰ ਵੀ ਆਈ ਹੋਈ ਸੀ, ਕਹਿਣ ਲੱਗੀ 'ਇਹ ਪੁੱਤਰ ਤਾਂ ਉਨ੍ਹਾਂ ਵਾਸਤੇ ਟੌਨਿਕ ਹੈ। ਇਸ ਨੂੰ ਵੇਖ ਕੇ ਬੀਜੀ ਵਿਚ ਮੁੜ ਜਾਨ ਆ ਗਈ ਹੈ।' ਮੈਂ ਪੰਦਰਾਂ ਦਿਨ ਰਹਿ ਕੇ ਵਾਪਿਸ ਇੰਗਲੈਂਡ ਆ ਗਿਆ। ਮੇਰੇ ਆਉਣ ਤੋਂ ਦੋ-ਚਾਰ ਦਿਨ ਮਗਰੋਂ ਫਿਰ ਉਹ ਢਿੱਲੇ ਹੋ ਗਏ। ਅਖ਼ੀਰ ਪੰਜ ਹਫ਼ਤੇ ਮਗਰੋਂ, ਮਈ 2009 ਵਿਚ, ਉਹ ਚੜ੍ਹਾਈ ਕਰ ਗਏ, ਮੈਨੂੰ

ਲੱਗਿਆ ਕਿ ਉਨ੍ਹਾਂ ਨੂੰ ਆਪਣੇ ਟੁਰ ਜਾਣ ਦਾ ਅਹਿਸਾਸ ਹੋ ਗਿਆ ਸੀ ਤੇ ਮੈਨੂੰ ਮਿਲਣ ਵਾਸਤੇ ਬੁਲਾ ਲਿਆ ਸੀ।

ਮੈਂ ਦੋ ਗੱਲਾਂ ਆਪਣੀ ਅੰਮੀ ਬਾਰੇ ਜ਼ਰੂਰ ਕਹਿਣੀਆਂ ਚਾਹਵਾਂਗਾ ਕਿ ਮੇਰੇ ਵਿਚ ਜੋ ਜ਼ਰਾ-ਮਾਸਾ ਚੰਗਾ ਗੁਣ ਹੈ ਉਹ ਮੇਰੀ ਮਾਂ ਕਰ ਕੇ ਹੈ, ਮੇਰਾ ਸਿੱਖੀ ਜੀਵਨ ਜਾਚ ਸਭ ਉਨ੍ਹਾਂ ਦਾ ਸਿਖਾਇਆ ਹੋਇਆ ਹੈ। ਉਹ ਪੱਕੇ 'ਨਿਤਨੇਮੀ' ਸਨ; ਦਿਨ ਵਿਚ ਦੋ 'ਨਿਤਨੇਮ' ਕਰਦੇ ਸਨ: ਇਕ ਆਪਣਾ ਤੇ ਇਕ ਆਪਣੇ ਮੰਦ-ਬੁੱਧੀ ਪੁੱਤਰ ਦੇ ਹਿੱਸੇ ਦਾ; ਫਿਰ ਹਰ ਵੇਲੇ ਕੀਰਤਨ ਸੁਣੀ ਜਾਣਾ ਤੇ ਅਖ਼ਬਾਰ ਬਿਨਾ ਨਾਗਾ ਪੜ੍ਹਨਾ; ਘਰ ਵਿਚ ਤਿੰਨ (ਮੇਰੇ ਹੁੰਦਿਆਂ ਚਾਰ) ਅਖ਼ਬਾਰਾਂ ਆਉਂਦੀਆਂ ਸਨ ਪਰ ਜਦ ਦੀ ਸਪੋਕਸਮੈਨ ਸ਼ੁਰੂ ਹੋਈ ਸੀ ਉਹ ਬਾਕੀ ਅਖ਼ਬਾਰਾਂ ਨਹੀਂ ਪੜ੍ਹਦੇ ਸਨ। ਉਨ੍ਹਾਂ ਦਾ ਨਿੱਘ-ਪਿਆਰ-ਬੇਮਿਸਾਲ ਸੀ; ਉਨ੍ਹਾਂ ਦੀ ਪ੍ਰਾਹੁਣਚਾਰੀ ਕਮਾਲ ਸੀ; ਜੇ ਘਰ ਆਇਆ ਕੋਈ ਮਹਿਮਾਨ ਕੁਝ ਖਾ-ਪੀ ਕੇ ਨਾ ਜਾਵੇ ਤਾਂ ਉਨ੍ਹਾਂ ਨੂੰ ਚੰਗਾ ਨਹੀਂ ਸੀ ਲਗਦਾ। ਹਰ ਆਏ-ਗਏ ਨੂੰ ਕੁਝ ਰਕਮ ਜਾਂ ਕੋਈ ਕਪੜਾ ਜਾਂ ਕੋਈ ਹੋਰ ਤੋਹਫ਼ਾ ਲਾਜ਼ਮੀ ਦੇਂਦੇ ਸੀ, ਖ਼ਾਲੀ ਹੱਥ ਨਹੀਂ ਸੀ ਜਾਣ ਦੇਂਦੇ।

ਦੂਜਾ ਉਹ ਮਨ ਦੇ ਬੇਹੱਦ ਸਾਫ਼ ਸੀ; ਕਦੇ ਕਿਸੇ ਦਾ ਬੁਰਾ ਨਹੀਂ ਸੀ ਚਿਤਵਦੇ; ਜਿਸ ਪਤੀ ਨੇ ਉਸ ਨੂੰ 77 ਸਾਲ ਦੀ ਉਮਰ ਵਿਚ ਘਰੋਂ ਕੱਢਿਆ ਸੀ, ਕਈ ਵਾਰ ਕਿਹਾ ਕਰਦੀ ਸੀ ਕੋਈ ਉਸ ਨੂੰ ਰੋਟੀ ਪਹੁੰਚਾ ਦਿਓ ਪਤਾ ਨਹੀਂ ਕਿੱਥੋਂ ਖਾਂਦਾ ਹੋਵੇਗਾ। ਮੇਰੇ ਪਿਤਾ ਦੀ ਮੌਤ ਮਗਰੋਂ ਇਕ ਦਿਨ ਕਹਿਣ ਲੱਗੇ ਉਨ੍ਹਾਂ ਦੀ ਇਕ ਫ਼ੋਟੋ ਕੰਧ 'ਤੇ ਮੇਰੇ ਬਿਸਤਰੇ ਦੇ ਸਾਹਮਣੇ ਲਾ ਦਿਓ। ਮੈਂ ਕੰਬ ਗਿਆ ਇਹ ਸੁਣ ਕੇ ਕਿ ਜਿਸ ਬੰਦੇ ਨੇ ਉਸ ਨਾਲ ਸਦਾ ਜ਼ਾਲਮਾਨਾ ਸਲੂਕ ਕੀਤਾ, ਅਜੇ ਵੀ ਉਸ ਦੀ ਤਸਵੀਰ ਅੱਖਾਂ ਸਾਹਮਣੇ ਰੱਖਣਾ ਚਾਹੁੰਦੇ ਨੇ, ਉਫ਼! ਧੰਨ ਹਨ ਇਹੋ ਜਿਹੀਆਂ ਔਰਤਾਂ!

ਆਪਣੀ ਅੰਮੀ ਦੇ ਸਸਕਾਰ ਅਤੇ ਗੁਰਮਤਿ ਸਮਾਗਮ ਵੇਲੇ ਉਨ੍ਹਾਂ ਵਾਸਤੇ ਅਰਦਾਸ ਮੈਂ ਆਪ ਕੀਤੀ ਸੀ। ਮੈਂ 15-20 ਸਾਲ ਪਹਿਲਾਂ ਇਕ ਸ਼ੇਅਰ ਆਪਣੀ ਅੰਮੀ ਦੇ ਟੁਰ ਜਾਣ ਨੂੰ ਸਾਹਵੇਂ ਰੱਖ ਕੇ ਲਿਖਿਆ ਸੀ:

*ਹੋਰਾਂ ਨੂੰ ਹਰ ਵਕਤ ਦਿਲਾਸੇ ਦੇਂਦਾ ਸੀ;*
*ਆਪਣਿਆਂ ਦੇ ਵਿਛੜਨ 'ਤੇ ਫੁੱਟ-ਫੁੱਟ ਰੋਇਆ।*

ਪਰ, ਮੈਂ ਕਿਸੇ ਨੂੰ ਆਪਣੇ ਹੰਝੂ ਦਿੱਸਣ ਨਹੀਂ ਦਿੱਤੇ।

## ਮੇਰੀਆਂ ਭੈਣਾਂ:

ਮੇਰੀਆਂ ਪੰਜ ਮਾਂ-ਜਾਈਆਂ ਭੈਣਾਂ ਹਨ: ਜਸਵੰਤ ਕੌਰ, ਦਵਿੰਦਰ ਕੌਰ, ਪਰਮਜੀਤ ਕੌਰ, ਸੁਰਿੰਦਰ ਕੌਰ, ਗੁਰਸ਼ਰਨ ਕੌਰ। ਜਸਵੰਤ ਕੌਰ ਨੇ ਨਿੱਕੇ ਹੁੰਦਿਆਂ ਜੋ ਨਿੱਘ ਦਿੱਤਾ ਸੀ ਉਹ ਅੱਜ ਵੀ ਯਾਦ ਹੈ। ਉਸ ਤੋਂ ਨਿੱਕੀ ਦਵਿੰਦਰ ਕੌਰ ਦਿਲ ਦੀ ਜਿੰਨੀ ਸਾਫ਼ ਹੈ ਸ਼ਾਇਦ ਹੀ ਕੋਈ ਹੋਰ ਹੋਵੇ; ਹਰ ਇਕ ਨਾਲ ਦਿਲੋਂ ਪਿਆਰ ਕਰਦੀ ਹੈ, ਜਿੰਨਾ ਹੋ ਸਕੇ ਮਦਦ ਕਰਨ ਦੀ ਕੋਸ਼ਿਸ਼ ਕਰਦੀ ਹੈ; ਉਸ ਦੇ ਚੰਗੇ ਭਾਗ ਕਿ ਉਸ ਦੀ ਧੀ ਸੰਦੀਪ ਕੌਰ, ਜੋ ਜੱਜ ਹੈ, ਉਸ ਵਾਂਗ ਹੀ ਨਿੱਘੀ ਤੇ ਇਨਸਾਨੀਅਤ ਦੇ ਜਜ਼ਬੇ ਨਾਲ ਲਬਰੇਜ਼ ਹੈ; ਪਰ ਇਸ ਭੈਣ ਨੂੰ ਸ਼ਿਕਵਾ ਹੈ ਕਿ ਉਸ ਨੂੰ ਨੂੰਹ ਦਾ ਪਿਆਰ ਤੇ ਅਦਬ ਨਹੀਂ ਮਿਲਿਆ। ਤੀਜੀ ਭੈਣ ਪਰਮਜੀਤ ਕੌਰ ਭਲੀ ਹੈ; ਉਸ ਨੇ ਵੀ ਅੰਮੀ ਅਤੇ ਆਪਣੇ ਮੰਦ-ਬੁੱਧੀ ਭਰਾ ਦਾ ਬਹੁਤ ਖਿਆਲ ਰੱਖਿਆ (ਤੇ ਉਹ ਭਰਾ ਹੁਣ ਵੀ ਉਸ ਕੋਲ ਹੈ); ਉਸ ਦਾ ਘਰਵਾਲਾ ਵੀ ਭਲਾ ਹੈ ਜਿਸ ਨੇ ਸਾਡੀ ਮੁਸ਼ਕਿਲ ਵਿਚ ਸਦਾ ਪੂਰਾ ਸਾਥ ਦਿੱਤਾ ਹੈ। ਚੌਥੀ ਭੈਣ ਸੁਰਿੰਦਰ ਕੌਰ ਨੇ, ਜਿਸ ਦਾ ਦਿਲ ਪਿੰਡ ਨਾ ਲੱਗਾ ਤੇ ਸ਼ਹਿਰ ਵੱਲ ਨੂੰ ਭੱਜ ਪਈ; ਪਰ ਉਸ ਦੇ ਚੰਗੇ ਭਾਗਾਂ ਨੂੰ ਉਸ ਦਾ ਪੁੱਤਰ ਸਿੱਖੀ ਵਿਚ ਪਰਪੱਕ ਹੈ ਤੇ ਧੀ ਨੂੰ ਵੀ ਗੁਰਸਿੱਖ ਪਤੀ ਤੇ ਸਹੁਰੇ ਮਿਲੇ ਹਨ। ਪੰਜਵੀਂ ਭੈਣ ਅਮਰੀਕਾ ਵਾਸੀ ਗੁਰਸ਼ਰਨ ਕੌਰ ਹੈ। ਉਹ ਨਿਤਨੇਮ ਕਰਨ ਵਿਚ ਅੰਮੀ ਵਾਂਙ ਪੱਕੀ ਹੈ, ਗੁਰਦੁਆਰੇ ਜਾ ਕੇ ਸੇਵਾ ਕਰਨ ਨੂੰ ਅਨੰਦ ਸਮਝਦੀ ਹੈ ਤੇ ਸਿੱਖੀ ਵਿਚ ਪਰਪੱਕ ਹੈ। ਉਸ ਨੇ ਆਪਣੀ ਅੰਮੀ ਦਾ ਸਭ ਤੋਂ ਵਧ ਖਿਆਲ ਰੱਖਿਆ ਤੇ ਉਸ ਵਾਸਤੇ ਬੇਹੱਦ ਖ਼ਰਚ ਵੀ ਕੀਤਾ। ਉਹ ਮੇਰੇ ਤੋਂ ਵੀ ਵਧ ਫ਼ੋਨ ਕਰਿਆ ਕਰਦੀ ਸੀ ਤੇ ਹੁਣ ਵੀ ਭੈਣ ਨੂੰ ਰੋਜ਼ ਫ਼ੋਨ ਕਰ ਕੇ ਮੰਦ-ਬੁੱਧੀ ਭਰਾ ਦਾ ਹਾਲ ਪੁੱਛਦੀ ਰਹਿੰਦੀ ਹੈ। ਮੇਰੇ ਚੰਗੇ ਭਾਗ ਹਨ ਕਿ ਸਾਰੀਆਂ ਭੈਣਾਂ ਮੈਨੂੰ ਰੱਜ ਕੇ ਪਿਆਰ ਕਰਦੀਆਂ ਹਨ, ਹਾਲਾਂ ਕਿ ਮੈਂ ਇਸ ਦੇ ਕਾਬਿਲ ਨਹੀਂ ਹਾਂ।

ਇਹ ਪੰਜ ਸਨ ਮਾਂ-ਜਾਈਆਂ ਭੈਣਾਂ। ਇਨ੍ਹਾਂ ਤੋਂ ਇਲਾਵਾ ਪ੍ਰੋ: ਪਰਕਾਸ਼ ਕੌਰ ਨੂੰ ਮੈਂ ਭਾਵੇਂ 1979 ਤੋਂ ਜਾਣਦਾ ਹਾਂ ਪਰ ਕਦੇ ਮਹਿਸੂਸ ਨਹੀਂ ਹੋਇਆ ਕਿ ਉਹ ਮੇਰੀ ਧਰਮ-ਭੈਣ ਹੈ, ਉਹ ਸੱਕੀਆਂ ਭੈਣਾਂ ਵਾਂਗ ਹੀ ਕਰਦੀ ਹੈ। ਇਂਵ ਹੀ ਪਰਮਿੰਦਰ ਕੌਰ ਦਾ ਹਾਲ ਹੈ, ਉਸ ਨਾਲ ਵੀ ਇਂਵ ਹੀ ਨਿਭਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਕਿ ਜਿਵੇਂ ਬਾਕੀ ਭੈਣਾਂ ਨਾਲ; ਤੇ ਉਹ ਵੀ ਮੇਰੇ ਨਾਲ ਬਰਾਬਰ ਦਾ ਨਿੱਘ ਰੱਖਦੀ ਹੈ। ਉਸ ਦਾ ਘਰਵਾਲਾ ਪ੍ਰੀਤ ਸਿੰਘ ਸੰਧੂ ਵੀ ਬਹੁਤ ਭਲਾ ਬੰਦਾ ਹੈ। ਡਾ: ਅਮਰਜੀਤ ਕੌਰ ਇੱਬਨ ਕਲਾਂ ਨੇ ਵੀ ਸਦਾ ਭੈਣ ਤੇ ਮਾਂ ਵਾਂਙ ਨਿੱਘਾ ਰਿਸ਼ਤਾ ਰੱਖਿਆ ਹੈ। ਨਾਰਵੇ ਰਹਿੰਦਿਆਂ ਦੋਸਤ ਸਈਅਦ ਰਿਹਾਨ ਅਹਿਮਦ ਦੇ ਪਰਵਾਰ ਨਾਲ ਵੀ ਡੂੰਘਾ ਪਿਆਰ ਰਿਹਾ। ਉਸ ਦੀ ਵੱਡੀ ਭੈਣ ਸਾਜਦਾ ਨੇ ਸੱਕੀਆਂ ਭੈਣਾਂ ਵਾਂਙ ਨਿਭਾਈ ਤੇ ਦੂਜੀ ਭੈਣ ਰਹੀਲਾ ਨੇ ਵੀ। ਡੈਨਮਾਰਕ ਵਿਚ ਅਬਦੁਲ ਹਮੀਦ ਖ਼ਾਨ (ਵਾਸੀ ਡੇਰਾ ਇਸਮਾਈਲ ਖ਼ਾਨ) ਦੀ ਘਰਵਾਲੀ ਬੇਗ਼ਮ ਗੁਲਜ਼ਾਰ ਵੀ ਭਰਾਵਾਂ ਵਾਂਙ ਹੀ ਪਿਆਰ ਦੇਂਦੀ

ਰਹੀ। ਇਨ੍ਹਾਂ ਦੇ ਪਿਆਰ ਦਾ ਕਰਜ਼ਾ ਮੈਂ ਕਦੇ ਵੀ ਤੇ ਕਿਵੇਂ ਵੀ ਨਹੀਂ ਲਾਹ ਸਕਦਾ। ਪਿਆਰ ਦੇ ਰਿਸ਼ਤੇ ਧਰਮ, ਜ਼ਾਤ, ਇਲਾਕਾ, ਰੰਗ ਦੀ ਵਲਗਣ ਤੋਂ ਆਜ਼ਾਦ ਹਨ।

## ਮੇਰੇ ਨਿੱਘੇ ਰਿਸ਼ਤੇ:

ਏਥੇ ਮੈਡਮ ਜਗਜੀਤ ਕੌਰ ਦਾ ਜ਼ਿਕਰ ਵੀ ਕਰਨਾ ਚਾਹਵਾਂਗਾ। ਮੈਂ ਉਸ ਨੂੰ ਸਪੋਕਸਮੈਨ ਵਾਸਤੇ ਕੰਮ ਕਰਦਿਆਂ ਵੇਖਿਆ ਹੈ। ਉਹ ਨਾ ਹੁੰਦੀ ਤਾਂ ਇਹ ਅਖ਼ਬਾਰ ਨਹੀਂ ਸੀ ਚੱਲ ਸਕਦਾ। ਉਹ ਜ਼ਰਾ ਮਾਸਾ, ਕਦੇ-ਕਦੇ, ਨਾਰਾਜ਼ ਜ਼ਰੂਰ ਹੋ ਜਾਂਦੀ ਹੈ ਪਰ ਪਲਾਂ ਮਗਰੋਂ ਹੀ ਫਿਰ ਉਵੇਂ ਦੀ ਉਵੇਂ। ਸਪੋਕਸਮੈਨ ਵਾਸਤੇ ਉਹ ਉਵੇਂ ਹੀ ਹੈ ਜਿਵੇਂ ਧਰਤੀ ਹੇਠਲਾ (ਕਾਲਪਨਿਕ) ਬਲਦ ਹੈ।

ਮੈਂ ਤਿੰਨ ਸਾਲ ਗੁਰਮਤਿ ਪ੍ਰਸਾਰ ਇੰਸਟੀਚਊਟ ਵਿਚ ਮਿਸ਼ਨਰੀਆਂ ਨੂੰ ਸਿੱਖ ਹਿਸਟਰੀ ਪੜ੍ਹਾਈ ਹੈ। ਇਸ ਦੌਰਾਨ ਦਰਜਨਾਂ ਜਵਾਨਾਂ ਦੇ ਨਾਲ-ਨਾਲ ਕੁਝ ਬੀਬੀਆਂ ਵੀ ਮੇਰੇ ਤੋਂ ਪੜ੍ਹੀਆਂ ਹਨ। ਇਨ੍ਹਾਂ ਵਿਚੋਂ ਰਵਿੰਦਰ ਕੌਰ, ਰਣਧੀਰ ਕੌਰ, ਜਗਮੋਹਣ ਕੌਰ ਤੇ ਸਰਬਜੀਤ ਕੌਰ ਨਾਲ ਤਾਂ ਮੇਰੇ ਘਰੋਗੀ ਸਬੰਧ ਬਣ ਗਏ ਸਨ; ਉਹ ਮੇਰੇ ਘਰ ਇੰਞ ਆਉਂਦੀਆਂ ਸਨ ਜਿਵੇਂ ਉਹ ਇਸ ਪਰਵਾਰ ਦਾ ਹਿੱਸਾ ਹੋਣ। ਸਰਬਜੀਤ ਕੌਰ ਦਾ ਨਿੱਘ ਤੇ ਅਦਬ ਨਾ ਭੁੱਲਣ ਵਾਲਾ ਹੈ ਤੇ ਇੰਞ ਹੀ ਜਗਮੋਹਣ ਕੌਰ ਨੇ ਅੰਗ-ਸੰਗ ਰਹਿ ਕੇ ਹਮੇਸ਼ਾ ਸਾਥ ਦਿੱਤਾ ਹੈ। ਇਸੇ ਤਰ੍ਹਾਂ ਕਵਿੱਤਰੀ ਗੁਰਦੀਪ ਕੌਰ ਦੀਪੀ ਤੋਂ ਮੈਨੂੰ ਇਕ ਚੰਗੇ ਅਦੀਬ ਦੇ ਨਾਲ ਨਾਲ ਦੋਸਤ ਤੇ ਸੱਜਣ ਵਾਲਾ ਪਿਆਰ ਵੀ ਮਿਲਿਆ ਹੈ।

ਕਨੇਡਾ ਵਿਚ 1990 ਵਿਚ ਮੈਂ ਦੋ ਘਰਾਂ ਵਿਚ ਰਿਹਾ ਸੀ: ਸ: ਸੁੱਚਾ ਸਿੰਘ ਪੁਰੇਵਾਲ (ਵੈਨਕੂਵਰ) ਅਤੇ ਸ: ਬਲਵਿੰਦਰ ਸਿੰਘ ਬੈਂਸ (ਬਰੈਂਪਟਨ, ਟਰਾਂਟੋ) ਦੇ ਘਰ। ਦੋਹਾਂ ਦੀਆਂ ਸਿੰਘਣੀਆਂ ਨੇ ਭਰਾਵਾਂ ਵਾਂਗ ਘਰ ਵਿਚ ਰੱਖਿਆ ਸੀ।

ਸ: ਸੁਰਜੀਤ ਸਿੰਘ ਛਡੌੜੀ ਨਾਲ 1993 ਵਿਚ ਸਬੰਧ ਬਣੇ; ਇਸ ਮਗਰੋਂ ਮੈਂ ਉਨ੍ਹਾਂ ਦੇ ਘਰ ਬੈਲਜੀਅਮ ਵਿਚ ਕਈ ਵਾਰ ਰਿਹਾ ਤੇ ਛਡੌੜੀ ਪਿੰਡ ਵੀ ਕਈ ਵਾਰ ਗਿਆ ਹਾਂ। ਉਨ੍ਹਾਂ ਦੀ ਸਿੰਘਣੀ ਬੀਬੀ ਗੁਰਮੇਜ ਕੌਰ ਤੇ ਬੱਚਿਆਂ ਅਰਵਿੰਦਰ ਕੌਰ, ਤਲਵਿੰਦਰ ਕੌਰ ਤੇ ਹਰਜੋਬਨ ਸਿੰਘ ਨੇ ਸਦਾ ਮੈਨੂੰ ਆਪਣੇ ਘਰ ਦਾ ਵਡੇਰਾ ਹੀ ਸਮਝਿਆ ਹੈ। ਜਾਡਲਾ ਵਾਸੀ ਸ: ਕੁਲਵਿੰਦਰ ਸਿੰਘ ਕੋਲ ਸਪੇਨ ਮੈਂ ਕਈ ਵਾਰ ਗਿਆ ਹਾਂ ਤੇ ਉਨ੍ਹਾ ਦੀ ਸਿੰਘਣੀ ਬਲਜਿੰਦਰ ਕੌਰ ਸਦਾ ਮੈਨੂੰ ਘਰ ਦੇ ਵਡੇਰੇ ਵਾਲਾ ਮਾਣ ਦੇਂਦਾ ਹੈ। ਹੋਰ ਤਾਂ ਹੋਰ ਉਨ੍ਹਾਂ ਦੇ ਘਰ ਬੇਟੀ ਗੁਰਨੂਰ ਕੌਰ ਪੈਦਾ ਹੋਈ ਤਾਂ 'ਗੁੜ੍ਹਤੀ' ਮੈਥੋਂ ਹੀ ਦਿਵਾਈ ਸੀ।

ਇੰਞ ਹੀ ਸ: ਅਮਰਜੀਤ ਸਿੰਘ ਚੰਦੀ ਦੀ ਸਿੰਘਣੀ ਨੇ ਵੀ ਸਦਾ ਨਿੱਘ ਦਿੱਤੀ ਹੈ। ਸ: ਨਛੱਤਰ ਸਿੰਘ ਬੈਂਸ, ਨਾਰਵੇ, ਦੇ ਪਰਵਾਰ ਨੇ ਵੀ ਸਦਾ ਪਿਆਰ ਤੇ ਮਿਲਵਰਤਣ ਦਿੱਤਾ ਹੈ।

# Books by Dr Harjinder Singh Dilgeer

*Books with mark # are out of print*

**English:**

- Akal Takht Sāhib (3rd edition 2011)
- Who Are The Sikhs? *Mini* (2nd ed. 2011)
- The Sikhs' Struggle for Sovereignity #
- The Sikh Reference Book (Sikh Ency.)
- Who Are The Sikhs ? (3rd edition 2010)
- The Sikh Culture (2nd edition 2011)
- Anandpur Sahib (History of the city)
- **Encyclopedia of Jalandhar (with maps and photos)**
- **Dictionary of Sikh Philosophy**
- **Nitnaym;** English translation
- Guru Granth Sāhib: Spiritual Manifesto
- **Sukhmani Sahib;** English translation
- **Ravidas Baani;** English translation
- **Great Sikh General: Banda Singh Bahadur**
- Complete **Sikh History** (1469-2010, in 10 volumes) forthcoming in 2010-11

**Hindi:**

- Emergency Ke Atiyāchar (1977) #
- Anandpur Sāhib (2000) *SGPC*
- Sikh Sabhayachaar (2003) *Delhi SGPC*
- Sikh Kaun Hain ? (2nd edition 2010)

**Urdu:**

- Sikh Culture (2007), *Pakistan*

**Danish:**

- Hvem Er Sikherne? (1994) #

**Dutch:**

- Wie Zinj De Sikh ? (1994) #

**French:**

- Qui Sont Les Sikhs ? (2001)

**Spanish**

- Quiénes Son Los Sikhs? (2006)

**Norwegian**

Hvem Er Sikhene (2007)

***Tracts***

**Punjabi:**

- Anandpur Sāhib Ate Keeratpur *SGPC*
- Gurdwārā Alamgir Da Ithas *SGPC*
- Master Tara Singh *SGPC*
- Lohgarh Qila (2007)
- Makhan Shah Lubana (2007)

**English:**

Anandpur Sāhib & Keeratpur *SGPC*

**Hindi**

- Anandpur Sāhib Aur Keeratpur, *SGPC*

**Punjabi:**


- History of Shiromani Akali Dal (2nd edition 2000)
- Akal Takht Sāhib (3rd edition 2005)
- Sikh Hijackers (2nd edition 2011)
- Sikh Jujharvaad Te Hor Lekh #
- Jujharu Kalam (2nd edition 2011)
- Akali Lehar Da Kalam
- Sikh Masley (1998)
- Sikh Qaun Han? (2nd edition 2007)
- 1955 Da Punjabi Suba Morcha (1999)
- Jaito Morchey De Akkhin Ditthe Haal (*edited* 1999, 2002) *SGPC*
- Anandpur Sāhib (2nd edition 2003)
- S.G.P.C. Kiven Bānī (2000) *SGPC*
- Guru De Sher
- Sikh Philosophy Ki Hai Te Hor Lekh
- Keeratpur Sāhib (History of the city)
- Mātā Gujri, Char Sāhibzadei 40 Muktey
- Banda Singh Bahādur (2nd ed. 2010)
- Sikh Twareekh De Ghallugharey (2007)
- **SIKH TWAREEKH (1469-2007),** 5 vol
- Sikh Filosofi Di Dictionary (2010)
- Japuji Sahib *sateek* , (2010)
- Nitnaym *sateek* (First 13 pages of Guru Granth Sāhib), (2010)
- **Nānakshahi Calender** Te Hor Lekh **(2010)**
- **Bhai Mani Singh Tay Unhan Da Parvaar** (September 2010)
- **100 Sikh Bibian** (September 2010)
- **3000 Sikh Shaheed**
- Sikh Jathebandian (Forthcoming)
- Dunia Nikki Jehi, autobio. (Forthcoming)

*CD ROM (English)*

- **The Sikh Encyclopedia**

*Audio CDs (Punjabi)*

- **Guru Nānak Sāhib (2 CDs)**
- **Guru Angad to Guru Arjan Sāhib**
- **Guru Hargobind Sāhib to Guru Harkrishan Sāhib**
- **Guru Tegh Bahādur Sāhib**
- **Guru Gobind Singh Sāhib**



*Books with mark # are out of print*

**English:**

- Akal Takht Sāhib (1980, 1995)
- Who Are The Sikhs? *Mini* (1991) #
- The Sikhs' Struggle for Sovereignity (1992)
- The Sikh Reference Book (1997)
- Who Are The Sikhs ? (2000, enlarged edition 2007, reprinted 2010)
- The Sikh Culture (2002)
- Anandpur Sāhib (2003)
- **Encyclopedia of Jalandhar (2004)**
- Guru Granth Sāhib, a *tract* (2004)
- **Dictionary of Sikh Philosophy** (2005)
- Nitnaym & Other Baanis (2009)
- Spiritual Manifesto of the World : Guru Granth Sāhib (2010)
- Complete Sikh History (1469-2009, in 5 volumes) forthcoming in Sep. 2010

**Punjabi:**

- History of Shiromani Akali Dal (1978, 2000)
- Kesari Kitab (1984) #
- Akal Takht Sāhib (1986, 2000, 2005)
- Khalistan Di Twarikh (1988) #
- Sikh Hijackers (1989) # New edition coming soon
- Kharku Lekh (1990) #
- Sikh Jujharvaad Te Hor Lekh (1991). New edition in process
- Jujharu Kalam (1992, 2010)
- Sikh Culture (1991, 1994, 1996) # [*Now published as*: Sikh Philosophy Ki Hai Te Hor Lekh]
- Akali Lehar Da Kalam (1998)
- Sikh Masley (1998)
- Sikh Qaun Han? (1999, 2007)
- 1955 Da Punjabi Suba Morcha (1999) *SGPC*
- Jaito Morchey De Akkhin Ditthe Haal (*edited* 1999, 2002) *SGPC*
- Anandpur Sāhib (1998 *SGPC*, enlarged edition 2003)
- S.G.P.C. Kiven Bānī (2000) *SGPC*
- Guru De Sher (2001)
- Sikh Philosophy Ki Hai Te Hor Lekh (2001)
- Keeratpur Sāhib (2002)
- Mātā Gujri, Char Sāhibzadei Chalih Muktey (2005)
- Banda Singh Bahādur (2006)
- Sikh Twareekh De Ghallugharey (2007)
- **SIKH TWAREEKH (1469-2007), in 5 volumes (2008)**
- Sikh Filosofi Di Dictionary (2010)
- Nitnaym *sateek* (First 13 pages of Guru Granth Sāhib), (2010)
- **Nānakshahi Calender** Te Hor Lekh **(2010)**
- Sikh Jathebandian (Forthcoming)
- Dunia Nikki Jehi, a Travelogue/ Autobiogarphy (Forthcoming)

**Hindi:**

- Emergency Ke Atiyachar (1977) #
- Anandpur Sāhib (2000) *SGPC*
- Sikh Sabhayachaar (2003) *Delhi SGPC*
- Sikh Kaun Hain ? (2005)

**Urdu:**

- Sikh Culture (2007)

**Danish:**

- Hvem Er Sikherne? (1994) #

**Dutch:**

- Wie Zinj De Sikh ? (1994) #

**French:**

- Qui Sont Les Sikhs ? (2001)

**Spanish**

- Quiénes Son Los Sikhs? (2006)

**Norwegian**

- Hvem Er Sikhene (2007)

***Tracts***

**Punjabi**

- Anandpur Sāhib Ate Keeratpur Sāhib (1998) *SGPC*
- Gurdwārā Alamgir Da Ithas (1999) *SGPC*
- Master Tara Singh (2000) *SGPC*
- Lohgarh Qila (2007)
- Makhan Shah Lubana (2007)

**English**

- Anandpur Sāhib & Keeratpur Sāhib (1998) *SGPC*

**Hindi**

- Anandpur Sāhib Aur Keeratpur Sāhib (1998) *SGPC*

**CD ROM (English): The Sikh Encyclopedia**

**Audio CDs (Punjabi):**

1. Guru Nanak Sahib (2 CDs) 2. Guru Angad Sahib to Guru Arjan Sahib
3. Guru Hargobind Sahib to Guru Harkrishan Sahib 4. Guru Tegh Bahadur Sahib
5. Guru Gobind Singh Sahib